**ਵਾਹਿਗੁਰੂ॥** ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਪਰਮਵੀਰ ਗੁਰੂ ਕੇ ਮਹਾਨ ਨਿਰਭੈ ਸੂਰਬੀਰ ਬਹਾਦਰ ਯੋਧੇ ਗੁਰਮੁਖਿ ਗੰਭੀਰ ਪਰਮ ਸਨਮੁਖ ਅਮਰ ਸ਼ਹੀਦ ਧੰਨ ਪੀਰ ਬੁੱਧੂਸ਼ਾਹ ਸਾਹਿਬ ਜੀ ਖ਼ਾਲਸਾ! ਹੁਣ ਭੰਗਾਣੀ ਦੇ ਧਰਮਯੁੱਧ ਵਿਖੇ, **ਬਾਲਾਨ ਬਾਲ॥** ਵਾਹਿਗੁਰੂ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਖ਼ਾਲਸਾ ਜੀ ਦੇ ਪੱਖ 'ਚ ਅਪਣੇ ਮੁਰੀਦਾਂ ਸਮੇਤ ਬਹਾਦਰੀ ਨਾਲ ਲੜ ਰਹੇ ਹਨ, ਅਪਣੇ ਪ੍ਰਵਾਰ ਸਮੇਤ ਵਾਹਿਗੁਰੂ ਸਤਿਗੁਰੂ ਸਾਹਿਬ ਜੀ ਲਈ ਸ਼ਹੀਦੀ ਪਾ ਰਹੇ ਹਨ।

**ਵਾਹਿਗੁਰੂ॥** ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਪਰਮਵੀਰ ਗੁਰੂ ਕੇ ਮਹਾਨ ਨਿਰਭੈ ਸੂਰਬੀਰ ਬਹਾਦਰ ਯੋਧੇ ਗੁਰਮੁਖਿ ਗੰਭੀਰ ਪਰਮ ਸਨਮੁਖ ਅਮਰ ਸ਼ਹੀਦ ਧੰਨ ਬਾਬਾ ਨਗਾਹੀਆ ਸਿੰਘ ਸਾਹਿਬ ਜੀ ਖ਼ਾਲਸਾ! ਹੁਣ ਸੱਚੇ ਸਤਿਗੁਰੂ ਸਾਹਿਬ ਜੀ ਨੂੰ ਪਿੰਡ ਆਲਮਗੀਰ ਵਿਖੇ ਕੀਮਤੀ ਬਲਵਾਨ ਘੋੜਾ ਭੇਟਾ



ਕਰ ਰਹੇ ਹਨ, ਸਤਿਗੁਰੂ ਸਾਹਿਬ ਜੀ ਨੂੰ ਘੋੜਾ ਅਰਪਣ ਤੋਂ ਜ਼ਾਲਮ ਮੁਗਲ, ਗੁਰਮੁਖਿ ਬਾਬੇ ਜੀ ਦੇ ਪ੍ਰਵਾਰ ਨੂੰ ਹੁਣ ਸ਼ਹੀਦ ਕਰ ਰਹੇ ਹਨ। ਇਸ ਲਈ ਪ੍ਰੇਮੀ ਇਹ ਧਾਰਨਾ ਗੌਂਦੇ ਹਨ:- **ਘੋੜੇ ਚੜ੍ਹਿਓ. ਗੁਰੂ ਜੀ ਮੇਰੇ; ਮੇਰਾ ਭਾਵੇਂ ਕੱਖ ਨ ਰਹੇ।**



**ਵਾਹਿਗੁਰੂ॥ ਸਤਿਗੁਰ ਆਗੈ. ਸੀਸੁ ਭੇਟ ਦੇਉ; ਜੇ ਸਤਿਗੁਰ ਸਾਚੇ ਭਾਵੈ॥** ਅਨੁਸਾਰ ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਪਰਮਵੀਰ ਗੁਰੂ ਕੇ ਮਹਾਨ ਨਿਰਭੈ ਸੂਰਬੀਰ ਬਹਾਦਰ ਯੋਧੇ ਗੁਰਮੁਖਿ ਗੰਭੀਰ ਪਰਮ ਸਨਮੁਖ ਅਮਰ ਸ਼ਹੀਦ ਧੰਨ ਪਾਰਬ੍ਰਹਮ ਵਾਹਿਗੁਰੂ ਗੁਰਮੁਖਿ ਬ੍ਰਹਮ ਪੰਜ ਪਿਆਰੇ ਸਾਹਿਬਾਨ ਜੀ, ਵਾਹਿਗੁਰੂ ਸਤਿਗੁਰੂ ਸਾਹਿਬ ਜੀ ਨੂੰ ਹੁਣ ਅਪਣੇ ਨਿਰਮਲ ਪਰਮਪਵਿੱਤ੍ਰ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਬਲਵਾਨ ਸੀਸ ਭੇਟਾ ਕਰ ਰਹੇ ਹਨ, ਉੱਚੇ ਰੁਤਬੇ ਪਾ ਰਹੇ ਹਨ, ਸੱਚੇ ਸਮਰੱਥ ਸੁੰਦਰ ਸੁਆਮੀ ਪਾਤਿਸਾਹ ਜੀ ਤੋਂ ਅੰਮ੍ਰਿਤ ਛਕ ਕੇ, ਸੱਚੇ ਸਮਰੱਥ ਸੁੰਦਰ ਸੁਆਮੀ ਪਾਤਿਸਾਹ ਜੀ ਨੂੰ ਅੰਮ੍ਰਿਤ ਛਕਾ ਰਹੇ ਹਨ, ਲੱਖਾਂ ਖ਼ੁਸ਼ੀਆਂ ਪਾ ਰਹੇ ਹਨ।

**ਵਾਹਿਗੁਰੂ॥** ਸ੍ਰੀ ਭੰਗਾਣੀ, ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਚਮਕੌਰ ਸਾਹਿਬ, ਸ੍ਰੀ ਮੁਕਤਸਰ ਸਾਹਿਬ ਜੀ ਦੇ ਧਰਮਯੁੱਧਾਂ 'ਚ ਸੱਚੇ ਪਾਤਿਸ਼ਾਹ ਜੀ ਦੇ ਦਿਲ ਜਾਨ ਪਿਆਰੇ ਪਰਮਪੂਜਨੀਕ ਵਾਹਿਗੁਰੂ ਪਰਮਵੀਰ ਗੁਰੂ ਕੇ ਮਹਾਨ ਨਿਰਭੈ ਸੂਰਬੀਰ ਬਹਾਦਰ ਯੋਧੇ ਗੁਰਮੁਖਿ ਗੰਭੀਰ ਪਰਮ ਸਨਮੁਖ ਅਮਰ ਸ਼ਹੀਦ ਸਿੰਘ ਸਿੰਘਣੀਆਂ ਹੁਣ ਬੇਅੰਤ ਫੱਟ ਸਹਾਰ ਕੇ ਹੁਣ ਸ਼ਹੀਦੀਆਂ ਪਾ ਰਹੇ ਹਨ।





**ਵਾਹਿਗੁਰੂ॥** ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਪਰਮਵੀਰ ਗੁਰੂ ਕੇ ਮਹਾਨ ਨਿਰਭੈ ਸੂਰਬੀਰ ਬਹਾਦਰ ਯੋਧੇ ਗੁਰਮੁਖਿ ਗੰਭੀਰ ਪਰਮ ਸਨਮੁਖ ਅਮਰ ਸ਼ਹੀਦ ਧੰਨ ਬਾਬਾ ਬੰਦਾ ਸਿੰਘ ਬਹਾਦਰ ਸਾਹਿਬ ਖ਼ਾਲਸਾ ਜੀ ਧੰਨ ਹਨ! ਹੁਣ ਵਾਹਿਗੁਰੂ ਸਤਿਗੁਰੂ ਸਾਹਿਬ ਜੀ ਦੇ ਪਿਆਰੇ ਦੁਲਾਰੇ ਦੁੱਧ ਦੰਦੀਆਂ ਵਾਲੇ ਲਾਲਾਂ ਦੇ ਕਾਤਲ ਮਹਾਂ ਪਾਪੀ ਦੁਸ਼ਟ ਹੰਕਾਰੀ ਵਜ਼ੀਦੇ ਨੂੰ ਹੁਣ ਮਾਰ ਰਹੇ ਹਨ। ਹੁਣ ਮਹਾਂ ਨੀਚ ਮਹਾਂ ਚੰਡਾਲ ਝੂਠੇ ਨੰਦ ਦੇ ਨੱਕ 'ਚ ਨਕੇਲ ਪਾ ਕੇ ਘੱਗਰੀ ਪਾ ਕੇ ਨਚਾ ਰਹੇ ਹਨ। ਹੁਣ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਰਹੇ ਹਨ, ਹੁਣ ਬਜ਼ਾਰਾਂ 'ਚ ਹਲ਼ ਚਲਵਾ ਰਹੇ ਹਨ, ਪੂਰੇ ਗੁਰਾਂ ਦੇ ਸ਼ੁਭ ਅਮੋਲਕ ਬਚਨ ਕਮਾ ਰਹੇ ਹਨ, ਸਰਹਿੰਦ ਦੇ ਕਿਲੇ 'ਤੇ ਹੁਣ ਸ੍ਰੀ ਕੇਸਰੀ ਨਿਸ਼ਾਨ ਸਾਹਿਬ ਜੀ ਝੁਲਾ ਰਹੇ ਹਨ, ਸੰਢੌਰੇ ਦੇ ਜ਼ਾਲਮ ਹਾਕਮ ਅਸਮਾਨ ਖਾਂ ਨੂੰ ਫਾਹੇ ਟੰਗ ਰਹੇ ਹਨ। ਗੁਰੂ ਪੰਥ ਜੀ ਤੋਂ ਵਾਹ! ਵਾਹ! ਪਾ ਰਹੇ ਹਨ, ਦਿੱਲੀ ਜਾ ਕੇ ਆਪਣੀ ਸ਼ਹੀਦੀ ਪਾ ਰਹੇ ਹਨ।



**ਵਾਹਿਗੁਰੂ॥** ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਪਰਮਵੀਰ ਗੁਰੂ ਕੇ ਮਹਾਨ ਨਿਰਭੈ ਸੂਰਬੀਰ ਬਹਾਦਰ ਯੋਧੇ ਗੁਰਮੁਖਿ ਗੰਭੀਰ ਪਰਮ ਸਨਮੁਖ ਅਮਰ ਸ਼ਹੀਦ ਧੰਨ **ਹਠੀ ਜਪੀ ਸਾਚੋ ਸਤੀ; ਨਿਹੰਗ ਤਾਰੂ ਸਿੰਘ ਨਾਮ।** ਸ਼ਹੀਦ ਭਾਈ ਤਾਰੂ ਸਿੰਘ ਸਾਹਿਬ ਖ਼ਾਲਸਾ ਜੀ ਧੰਨ ਹਨ! ਸੱਚੇ ਸਤਿਗੁਰੂ ਸਾਹਿਬ ਜੀ ਦੇ ਸਤਿਕਾਰ ਪਿਆਰ ਹਿਤ ਸਿਮਰਣ 'ਚ, ਰੋਮਿ ਰੋਮਿ ਕਰਕੇ ਲੀਣ ਬੈਠੇ ਹਨ, ਜ਼ਾਲਮ ਹੁਣ ਆਪ ਜੀ ਦਾ ਖੋਪਰਾ ਉਤਾਰ ਰਹੇ ਹਨ। **ਗੋਵਿੰਦ ਗੁਣ ਗਾਈਐ ਜੀਉ; ਲਾਇ ਸਤਿਗੁਰੂ ਨਾਲਿ ਧਿਆਨੁ॥** ਅਨੁਸਾਰ ਖੋਪਰਾ ਉਤਰਨ ਤੋਂ ਭੀ, ਬਾਈ ਦਿਨ ਸਤਿਗੁਰੂ ਸਾਹਿਬਾਨ ਜੀ ਦੇ ਧਿਆਨ 'ਚ, ਅਫ਼ੁਰ ਸਮਾਧੀ ਲਾ ਕੇ ਬੈਠੇ, ਵਾਹਿਗੁਰੂ ਵਾਹਿਗੁਰੂ ਸਿਮਰਦੇ ਰਹੇ, ਸ੍ਰੀ ਜਪੁ ਜੀ ਸਾਹਿਬ ਪੜ੍ਹਦੇ ਰਹੇ, ਸੱਚੇ ਗੁਰਸਬਦ ਜੀ ਗੌਂਦੇ ਰਹੇ:- **ਬਿਲਾਵਲੁ ਮਹਲਾ ੫॥ ਮੂ; ਲਾਲਨ ਸਿਉ ਪ੍ਰੀਤਿ ਬਨੀ॥ਰਹਾਉ॥ ਤੋਰੀ. ਨ ਤੂਟੈ, ਛੋਰੀ. ਨ ਛੂਟੈ; ਐਸੀ ਮਾਧੋ ਖਿੰਚ ਤਨੀ॥੧॥ ਦਿਨਸੁ ਰੈਨਿ ਮਨ ਮਾਹਿ ਬਸਤੁ ਹੈ; ਤੂ ਕਰਿ ਕਿਰਪਾ ਪ੍ਰਭ ਅਪਨੀ॥੨॥ ਬਲਿ ਬਲਿ ਜਾਉ. ਸਿਆਮ ਸੁੰਦਰ ਕਉ; ਅਕਥ ਕਥਾ ਜਾ ਕੀ ਬਾਤ ਸੁਨੀ॥੩॥ ਜਨ ਨਾਨਕ ਦਾਸਨਿ ਦਾਸੁ ਕਹੀਅਤ ਹੈ; ਮੋਹਿ ਕਰਹੁ ਕ੍ਰਿਪਾ ਠਾਕੁਰ ਅਪੁਨੀ॥੪॥੨੮॥੧੧੪॥**



**ਵਾਹਿਗੁਰੂ॥** ਪਰਮਪੂਜਨੀਕ ਸਤਿਗੁਰੂ ਸਾਹਿਬਾਨ ਜੀ ਦੇ ਪੰਜ ਪਿਆਰੇ, ਪੰਜ ਬੀਰ, ਚਾਰ ਸਾਹਿਬਜ਼ਾਦੇ, ਚਾਲ਼ੀ ਮੁਕਤੇ, ਸੰਤ ਭਗਤ ਗੁਰਮੁਖਿ ਸੇਵਕ ਪਿਆਰੇ, ਜਿਨ੍ਹਾਂ ਨਾਮ ਜਪਿਆ ਵੰਡ ਛਕਿਆ, ਦੇਗ਼ ਚਲਾਈ ਤੇਗ਼ ਵਾਹੀ, ਦੇਖ ਕੇ ਅਣਡਿੱਠ ਕੀਤਾ, ਧਰਮ ਹੇਤ ਸੀਸ ਕੁਰਬਾਨ ਕੀਤੇ, ਚਰਖ਼ੜ੍ਹਿਆਂ 'ਤੇ ਚੜ੍ਹੇ, ਬੰਦ ਬੰਦ ਕਟਵਾਏ, ਖੋਪਰੀਆਂ ਲੁਹਾਈਆਂ ਉੱਬਲਦੀਆਂ ਦੇਗਾਂ 'ਚ ਬੈਠੇ, ਆਰਿਆਂ ਨਾਲ ਚੀਰੇ ਗਏ, ਭੱਠਾਂ 'ਚ ਝੋਕੇ ਗਏ, ਸਵਾ ਸਵਾ ਮਣ ਦੇ ਪੀਸਣੇ ਪੀਸੇ, ਜੰਡਾਂ ਨਾਲ ਬੰਨ੍ਹ ਕੇ ਸਾੜੇ ਗਏ, ਅਪਣੇ ਬੱਚਿਆਂ ਦੇ ਟੋਟੇ ਟੋਟ ਕਰਵਾ ਕੇ, ਝੋਲ਼ੀਆਂ 'ਚ ਪੁਆਇਆ, ਗਲ਼ਾਂ 'ਚ ਹਾਰ ਪੁਆਏ, ਨੇਜ਼ਿਆਂ 'ਤੇ ਟੰਗਾਇਆ, ਗੋਲ਼ੀਆਂ ਡਾਗਾਂ ਖ਼ਾਧੀਆਂ, ਆਪ ਜੀ ਦੇ ਭਾਣੇ ਨੂੰ ਮਿੱਠਾ ਮੰਨ ਕੇ, ਗੁਰਦੁਆਰਿਆਂ ਦੀ ਸ਼ੁਭ ਸੱਚੀ ਸੇਵਾ ਲਈ, ਧਰਮ 'ਚ ਦ੍ਰਿੜ ਪ੍ਰਪੱਕ ਰਹਿ ਕੇ, ਕੁਰਬਾਨੀਆਂ ਹੀ ਕੁਰਬਾਨੀਆਂ ਕੀਤੀਆਂ, ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਬਾਹਿਆ। ਤਿਨ੍ਹਾਂ ਪੁਰਾਤਨ ਵਰਤਮਾਨ ਸਮੇਂ ਦੇ ਸਮੂਹ ਸਿੰਘ ਸਿੰਘਣੀਆਂ ਦੀ ਵੈਰਾਗਮਈ ਸ਼ਹੀਦੀ ਦਾ ਧਿਆਨ ਧਰ ਕੇ, ਖ਼ਾਲਸਾ ਜੀ ਸਾਹਿਬ ਬੋਲੋ ਜੀ! **ਵਾਹਿਗੁਰੂ॥**



**ਵਾਹਿਗੁਰੂ॥** ਪਰਮਪੂਜਨੀਕ ਵਾਹਿਗੁਰੂ **ਅਰਜੁਨ ਸਬਦਿ ਜਹਾਜ ਗੁਰੂ; ਪਦ ਪੰਕਜ ਸਭਿ ਸ੍ਰਿਸ੍ਰਿ ਉਧਾਰੇ॥** ਵਾਹਿਗੁਰੂ; **ਗੁਰੁ ਅਰਜੁਨੁ ਪਰਤਖ੍ਹ ਹਰਿ॥੭॥੧੯॥** ਜੀ ਸ੍ਰੀ ਰਾਮਸਰ ਸਾਹਿਬ ਜੀ ਵਿਖੇ, ਗੁਰਮੁਖਿ ਬ੍ਰਹਮ ਭਾਈ ਸਾਹਿਬ ਭਾਈ ਗੁਰਦਾਸ ਸਾਹਿਬ ਜੀ ਖ਼ਾਲਸਾ ਤੋਂ ਪਰਮਪੂਜਨੀਕ ਵਾਹਿਗੁਰੂ ਸਤਿਗੁਰੂ ਗਿਰੰਥ ਸਾਹਿਬ ਜੀ ਲਿਖਵਾ ਰਹੇ ਹਨ।

**ਵਾਹਿਗੁਰੂ॥** ਤਖ਼ਤ ਸ੍ਰੀ ਦਮਦਮਾ ਸਾਹਿਬ ਜੀ ਵਿਖੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਖ਼ਾਲਸਾ ਜੀ ਗੁਰਮੁਖਿ ਬ੍ਰਹਮ ਅਮਰ ਸ਼ਹੀਦ ਭਾਈ ਮਨੀ ਸਿੰਘ ਸਾਹਿਬ ਜੀ ਖ਼ਾਲਸਾ ਤੋਂ ਪਰਮਪੂਜਨੀਕ ਵਾਹਿਗੁਰੂ ਸਤਿਗੁਰੂ ਗਿਰੰਥ ਸਾਹਿਬ ਜੀ ਲਿਖਵਾ ਰਹੇ ਹਨ।





**ਵਾਹਿਗੁਰੂ॥** ਪਰਮਪੂਜਨੀਕ ਮਹਾਨ ਪਰਉਪਕਾਰੀ ਗੁਰਮੁਖਿ ਬ੍ਰਹਮ ਬਾਬਾ ਘਨਈਆ ਸਾਹਿਬ ਜੀ ਖ਼ਾਲਸਾ, ਸੰਤ ਦੋਖੀ ਮਹਾਂ ਹਤਿਆਰਿਆਂ ਨੂੰ ਪਾਣੀ ਪਿਲਾ ਰਹੇ ਹਨ ਅਤੇ ਮਲਮ ਪੱਟੀ ਕਰ ਰਹੇ ਹਨ।

**ਵਾਹਿਗੁਰੂ॥ ਜਲ ਢੋਇਓ; ਸਤਿਗੁਰ ਕੇ ਦੁਆਰੇ। ਇਹ ਬਿਧ ਪਾਇਓ ਮੋਖ ਦੁਆਰੇ।** ਪਰਮਪੂਜਨੀਕ ਸੁੰਦਰ ਵਾਹਿਗੁਰੂ ਸਤਿਗੁਰੂ ਅਮਰਦਾਸ ਸਾਹਿਬ ਜੀ ਨੇ ਪਰਮਪੂਜਨੀਕ ਸੁੰਦਰ ਵਾਹਿਗੁਰੂ ਸਤਿਗੁਰੂ ਅੰਗਦਦੇਵ ਸਾਹਿਬ ਜੀ ਦੇ ਇਸ਼ਨਾਨ ਲਈ ਵਿਆਸ ਦਰਿਆ 'ਚੋਂ ਜਲ ਭਰ ਰਹੇ ਹਨ।





**ਵਾਹਿਗੁਰੂ॥** ਪੋਹ ਦੀ ਠੰਢੀ ਠਾਰ ਰਾਤ 'ਚ ਪਰਮਪੂਜਨੀਕ ਗੁਰਮੁਖਿ ਬ੍ਰਹਮ ਮਾਤਾ ਗੂਜਰੀ ਕੌਰ ਜੀ ਖ਼ਾਲਸਾ, ਛੋਟੇ ਸਾਹਿਬਜ਼ਾਦਿਆਂ ਸਮੇਤ ਪਹਾੜੀ ਰਸਤੇ, ਗੰਗੂ ਦੇ ਘਰੇ ਜਾ ਰਹੇ ਹਨ।



**ਵਾਹਿਗੁਰੂ॥ ਸਲੋਕ ਮਃ ੫॥ ਪਹਿਲਾ ਮਰਣੁ ਕਬੂਲਿ; ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ; ਤਉ. ਆਉ ਹਮਾਰੈ ਪਾਸਿ॥੧॥** ਵਾਹਿਗੁਰੂ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਖ਼ਾਲਸਾ ਜੀ, ਅਬਿਨਾਸੀ ਤਖ਼ਤ ਸ੍ਰੀ ਕੇਸਗੜ ਸਾਹਿਬ ਜੀ ਵਿਖੇ ਸੀਸ ਮੰਗ ਰਹੇ ਹਨ।

ਧੰਨ ਵਾਹਿਗੁਰੂ! ਧੰਨ ਵਾਹਿਗੁਰੂ! ਧੰਨ ਵਾਹਿਗੁਰੂ! ਗੁਰਮੁਖਿ ਬ੍ਰਹਮ ਪੰਜ ਪਿਆਰੇ ਜੀ, ਸਤਿਗੁਰੂ ਸਾਹਿਬ ਜੀ ਨੂੰ ਹੁਣ ਆਪਣੇ ਨਿਰਮਲ ਪਰਮਪਵਿੱਤ੍ਰ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਬਲਵਾਨ ਸੀਸ, ਭੇਟਾ ਕਰ ਰਹੇ ਹਨ, ਉੱਚੇ ਰੁੱਤਬੇ ਪਾ ਰਹੇ ਹਨ, ਸੱਚੇ ਸੁੰਦਰ ਪਾਤਿਸ਼ਾਹ ਜੀ ਤੋਂ ਅੰਮ੍ਰਿਤ ਛਕ ਕੇ, ਸੱਚੇ ਸੁੰਦਰ ਪਾਤਿਸ਼ਾਹ ਜੀ ਨੂੰ ਅੰਮ੍ਰਿਤ ਛਕਾ ਰਹੇ ਹਨ।



**ਵਾਹਿਗੁਰੂ॥** ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਪਰਮਵੀਰ ਗੁਰੂ ਕੇ ਮਹਾਨ ਨਿਰਭੈ ਸੂਰਬੀਰ ਬਹਾਦਰ ਯੋਧੇ ਗੁਰਮੁਖਿ ਗੰਭੀਰ ਪਰਮ ਸਨਮੁਖ ਅਮਰ ਸ਼ਹੀਦ ਧੰਨ ਭਾਈ ਸੁਬੇਗ ਸਿੰਘ ਸਾਹਿਬ ਜੀ ਖ਼ਾਲਸਾ, ਭਾਈ ਸ਼ਾਹਬਾਜ਼ ਸਿੰਘ ਸਾਹਿਬ ਜੀ ਖ਼ਾਲਸਾ, ਵਾਹਿਗੁਰੂ ਸਤਿਗੁਰੂ ਸਾਹਿਬ ਦੇ ਪਿਆਰ ਸਤਿਕਾਰ ’ਚ, ਗੁਰਮੁਖਿ ਨਿਰਲੇਪ ਅਵਸਥਾ ’ਚ ਹੁਣ **ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥** ਅਨੁਸਾਰ ਰੋਮਿ ਰੋਮਿ ਕਰਕੇ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ, ਅਕਾਲ ਅਕਾਲ ਅਕਾਲ ਅਕਾਲ ਅਕਾਲ ਜਪਦਿਆਂ ਹੁਣ ਚਰਖੜੀਆਂ ’ਤੇ ਚੜ੍ਹ ਰਹੇ ਹਨ।



**ਵਾਹਿਗੁਰੂ॥ ਗੁਰੂ ਸਿਖੁ. ਸਿਖੁ ਗੁਰੂ ਹੈ; ਏਕੋ. ਗੁਰ ਉਪਦੇਸੁ ਚਲਾਏ॥) ਪਰਉਪਕਾਰੀ ਗੁਰੂ ਪਿਆਰੇ॥੧॥** ਪੂਰਨ ਵੈਰਾਗੀ ਪੂਰਨ ਸੰਤ ਮਹਾਨ ਪਰਉਪਕਾਰੀ ਪਰਮਪੂਜਨੀਕ ਗੁਰੂ ਜੀ ਦੇ ਅਨੰਨਿ ਸੇਵਕ, ਗੁਰਸਿੱਖੀ ਦੇ ਥੰਮ੍ਹ ਬਾਬਾ ਬੁੱਢਾ ਸਾਹਿਬ ਜੀ ਖ਼ਾਲਸਾ, ਪਰਮਪੂਜਨੀਕ ਗੁਰਮੁਖਿ ਗੁਰਮੁਖਿ ਬ੍ਰਹਮ ਮਾਤਾ ਗੰਗਾ ਜੀ ਖ਼ਾਲਸਾ ਨੂੰ ਵਰ ਬਖ਼ਸ਼ ਰਹੇ ਹਨ।



**ਵਾਹਿਗੁਰੂ॥ ਕੀਰਤਨੁ ਨਿਰਮੋਲਕ ਹੀਰਾ॥ ਆਨੰਦ ਗੁਣੀ ਗਹੀਰਾ॥ ਅਨਹਦ ਬਾਣੀ ਪੂੰਜੀ॥ ਸੰਤਨ ਹਥਿ ਰਾਖੀ ਕੂੰਜੀ॥੨॥** ਪਰਮਪੂਜਨੀਕ **ਬ੍ਰਹਮਗਿਆਨੀ ਸਗਲ ਕੀ ਰੀਨਾ॥** ਪੂਰਨ ਵੈਰਾਗੀ ਪੂਰਨ ਸੰਤ ਮਹਾਨ ਪਰਉਪਕਾਰੀ ਬਾਬਾ ਸ਼ਾਮ ਸਿੰਘ ਜੀ ਅਡਣਸ਼ਾਹੀ ਜੀ ਨੇ ੭੦ ਸਾਲ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਤੜਕੇ ਸਵਾ ਦੋ ਵਜੇ ਅੰਮ੍ਰਿਤ ਕੀਰਤਨ ਕੀਤਾ, ਇਕ ਦਿਨ ਵੀ ਨਾਗਾ ਨਹੀਂ ਪਾਇਆ ਜੀ।



**ਵਾਹਿਗੁਰੂ॥ ਨਾਮਿ ਰਤੇ ਪਰਮਹੰਸ ਬੈਰਾਗੀ; ਨਿਜ ਘਰਿ ਤਾੜੀ ਲਾਈ ਹੇ॥੩॥** ਪਰਮਪੂਜਨੀਕ **ਬ੍ਰਹਮਗਿਆਨੀ ਸਗਲ ਕੀ ਰੀਨਾ॥** ਪੂਰਨ ਵੈਰਾਗੀ ਪੂਰਨ ਸੰਤ ਮਹਾਨ ਪਰਉਪਕਾਰੀ ਬਾਬਾ ਅਤਰ ਸਿੰਘ ਸਾਹਿਬ ਜੀ ਖ਼ਾਲਸਾ।



**ਵਾਹਿਗੁਰੂ॥ ਜਿਹਿ ਬਿਖਿਆ ਸਗਲੀ ਤਜੀ; ਲੀਓ ਭੇਖ ਬੈਰਾਗ॥ ਕਹੁ ਨਾਨਕ. ਸੁਨ ਰੇ ਮਨਾ; ਤਿਹ ਨਰ ਮਾਥੈ ਭਾਗ॥੧੭॥** ਪਰਮਪੂਜਨੀਕ **ਬ੍ਰਹਮਗਿਆਨੀ ਸਗਲ ਕੀ ਰੀਨਾ॥** ਪੂਰਨ ਵੈਰਾਗੀ ਪੂਰਨ ਸੰਤ ਮਹਾਨ ਪਰਉਪਕਾਰੀ ਸ੍ਰੀ ਦਮਦਮੀ ਟਕਸਾਲ ਦੇ ਗਿਆਰਵੇਂ ਮੁਖੀ ਪੂਰਨ ਸੰਤ ਸੁੰਦਰ ਸਿੰਘ ਸਾਹਿਬ ਜੀ ਭਿੰਡਰਾਂਵਾਲੇ ਖ਼ਾਲਸਾ ਜੀ।



**ਵਾਹਿਗੁਰੂ॥** ਸ੍ਰੀ ਦਮਦਮੀ ਟਕਸਾਲ ਦੇ ਬਾਰਵੇਂ ਮੁਖੀ ਬ੍ਰਹਮਵਿੱਦਿਆ ਦੇ ਦਾਤੇ, ਪੰਥਰਤਨ, ਬ੍ਰਹਮਗਿਆਨੀ ਕੈ; ਗਰੀਬੀ ਸਮਾਹਾ॥ ਬ੍ਰਹਮਗਿਆਨੀ; ਪਰਉਪਕਾਰ ਉਮਾਹਾ॥ ਪੂਰਨ ਪਰਉਪਕਾਰੀ ਪੂਰਨ ਬ੍ਰਹਮਗਿਆਨੀ ਸੱਚਖੰਡ ਵਾਸੀ ਪਰਮਪੂਜਨੀਕ ਸ੍ਰੀ ਮਾਨ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਜੀ ਖ਼ਾਲਸਾ, ਸ੍ਰੀ ਦਮਦਮੀ ਟਕਸਾਲ ਦੇ ਤੇਰਵੇਂ ਮੁਖੀ ਸੰਤ ਕਰਤਾਰ ਸਿੰਘ ਸਾਹਿਬ ਖ਼ਾਲਸਾ ਜੀ ਤੋਂ ਅੰਮ੍ਰਿਤ ਨਿਰੰਕਾਰੀ ਗੁਰਬਾਣੀ ਜੀ ਸੁਣ ਰਹੇ ਹਨ।

**ਖ਼ੁਸ਼ੀਆਂ ਦੇ ਜੈਕਾਰੇ ਗਜਾਵੇ ਨਿਹਾਲ ਹੋ ਜਾਵੇ ਪਤੀ ਵਾਹਿਗੁਰੂ ਜੀ ਦੇ ਚਰਨਕਮਲਾਂ ਨੂੰ ਭਾਵੇ! ਸਤਿ ਸ੍ਰੀ ਅਕਾਲ॥ ਗੁਰਬਰ ਅਕਾਲ, ਚਿਟਿਆਂ ਬਾਜਾਂ ਵਾਲਿਓ ਸਤਿਗੁਰੋ ਰੱਖਲਿਓ ਬਿਰਦ ਬਾਣੇ ਦੀ ਲਾਜ, ਜਪੀਓ ਤਪੀਓ, ਸ਼ਹੀਦੋ ਸਿੰਘੋ ਸਰਬੱਤ ਗੁਰੂ ਖ਼ਾਲਸਾ ਸਿੰਘ ਸਾਹਿਬ ਜੀ ਕੋ ਸਤਿ ਸ੍ਰੀ ਅਕਾਲ, ਲਾਡਲੀਆਂ ਫ਼ੌਜਾਂ ਦੇ ਮਾਲਕੋ ਸਤਿਗੁਰੋ ਫ਼ੌਜਾਂ ਰੱਖਣੀਆਂ ਤਿਆਰ ਬਰ ਤਿਆਰ, ਸੋਢੀ ਸੱਚੇ ਪਾਤਿਸ਼ਾਹ ਜੀ ਮਹਾਰਾਜ! ਆਪ ਜੀ ਦਾ ਖ਼ਾਲਸਾ ਜਪੇ ਅਕਾਲ ਹੀ ਅਕਾਲ, ਗੁਰਬਰ ਅਕਾਲ, ਦੇਗ਼ ਤੇਗ਼ ਫ਼ਤੇਹ ਗੁਰੂ ਖ਼ਾਲਸੇ ਜੀ ਦੀ ਹਰ ਮੈਦਾਨ ਫ਼ਤੇਹ!**

**ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤੇਹ॥**

# ੧ੴ ਸਤਿਨਾਮੁ ਕਰਤਾਪੁਰਖੁ ਨਿਰਭਉ ਨਿਰਵੈਰੁ ਅਕਾਲਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਪਰਮਪੂਜਨੀਕ ਧੰਨ ਧੰਨ ਧੰਨ ਸੱਚੇ ਸੱਚੇ ਸੱਚੇ ਸਤਿਗੁਰੂ ਗਿਰੰਥ ਸਾਹਿਬਾ ਜੀ ਸਾਰੇ ਜੀਆਂ ਦੇ ਕਲਿਆਨ ਵਾਸਤੇ ਮਹਾਂ ਮੰਤ੍ਰ ਉਚਾਰਨ ਕਰਦੇ ਹਨ ਜੀ:- **(੧ੴ)** ਇੱਕ ਨਿਰਵੈਰੁ ਪਰਮਪੂਜਨੀਕ ਸੱਚੇ ਪਾਰਬ੍ਰਹਮ ਸੱਚੇ ਮਹਾਂ ਵਿਸਮਾਦ ਸਰਬ ਵਿਆਪੀ ਸੱਚੇ ਵਾਹਿਗੁਰੂ ਜੀ, ਸਭ ਜੀਅ ਜੰਤ, ਬਿਅੰਤ ਬ੍ਰਹਮੰਡਾਂ, ਸਤ ਸੰਤੋਖ ਦਇਆ ਧਰਮ ਵੀਚਾਰ, ਸਹਿਨਸ਼ੀਲਤਾ, ਹਉਮੈ ਦਾ ਤਿਆਗ, ਭਾਉ ਭਗਤੀ, ਪ੍ਰੇਮ, ਪਰਉਪਕਾਰ ਆਦਿ ਬਿਅੰਤ ਸ਼ੁਭ ਗੁਰਮਖਿ ਗੁਣਾਂ, ਸੱਚੇ ਨਾਮ ਗੁਰਸਬਦਾਂ ਜੀ ਦੇ ਸੱਚੇ ਪ੍ਰਕਾਸ਼ਕ ਹਨ ਭਾਵ ਅਪਣੇ ਦਾਸ ਪ੍ਰੇਮੀ ਸੇਵਕ ਗੋਲੇ ਦੇ ਅੰਦਰ ਇਹ ਸ਼ੁਭ ਸੱਚੇ ਗੁਰਮੁਖਿ ਗੁਣ, ਸੱਚੇ ਨਾਮ ਗੁਰਬਾਣੀ ਜੀ ਪ੍ਰਕਾਸਦੇ, ਬਖ਼ਸ਼ਦੇ ਹਨ, ਰਿਦੇ 'ਚੋਂ ਮੂੰਹ 'ਚ ਨੈਕਟ੍ਰ, ਦਿਲ ਦਿਮਾਗ਼ ਡ੍ਰੀਮ 'ਚ ਗੁਰਬਾਣੀ, **ਸਿਮਰੈ; ਧਰਤੀ ਅਰੁ ਆਕਾਸਾ॥ ਸਿਮਰਹਿ; ਚੰਦ ਸੂਰਜ ਗੁਣਤਾਸਾ॥ ਪਉਣ ਪਾਣੀ ਬੈਸੰਤਰ ਸਿਮਰਹਿ; ਸਿਮਰੈ ਸਗਲ ਉਪਾਰਜਨਾ॥੧॥) ਸਭੈ ਘਟ ਰਾਮੁ ਬੋਲੈ; ਰਾਮਾ ਬੋਲੈ॥ ਰਾਮ ਬਿਨਾ; ਕੋ ਬੋਲੈ ਰੇ॥੧॥ਰਹਾਉ॥) ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ; ਸੁ ਬਿਨੁ ਹਰਿ. ਜਾਪਤ ਹੈ ਨਹੀ ਹੋਰ॥੩॥** ਅਨੁਸਾਰ ਘਟਾਂ ਘਟਾਂ ਤੋਂ ਅਜਪਾ ਜਾਪ ਸੱਚੇ ਨਾਮ ਸੁਨਣ, **ਸਰਬ ਧਰਮ ਮਹਿ; ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ; ਨਿਰਮਲ ਕਰਮੁ॥** ਦਾ ਪ੍ਰਕਾਸ਼ ਬਖ਼ਸ਼ਦੇ ਹਨ ਜੀ ਰਾਮਜੀ!

**(ਸਤਿ+ਨਾਮੁ) ਨਾਮੁ (ਨਾਮੁ)** ਗੁਰਬਾਣੀ **(ਸਤਿ)** ਸੱਚੇ ਅਬਿਨਾਸੀ ਹਨ ਜੀ। ਧੰਨ ਵਾਹਿਗੁਰੂ ਧੰਨ ਵਾਹਿਗੁਰੂ ਧੰਨ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ ਬਿਅੰਤ ਬ੍ਰਹਮੰਡਾਂ ਨੂੰ ਰਚਣ ਵਾਲੇ **ਕਰਤਾ** ਹਨ, ਬਿਅੰਤ ਬ੍ਰਹਮੰਡਾਂ ਦੀ ਉਤਪਤੀ ਕਰਕੇ ਇਸ 'ਚ **(ਪੁਰਖੁ)** ਪੂਰਨ ਵਿਆਪਕ ਭਰਪੂਰ ਹਨ ਜੀ। ਯਥਾ:- **ਰਾਗੁ ਗੋਂਡ ਮਹਲਾ ੫ ਚਉਪਦੇ ਘਰੁ ੧ ੧ੴ ਸਤਿਗੁਰ ਪ੍ਰਸਾਦਿ॥ ਸਭੁ ਕਰਤਾ; ਸਭੁ ਭੁਗਤਾ॥੧॥ਰਹਾਉ॥ ਸੁਨਤੋ ਕਰਤਾ; ਪੇਖਤ ਕਰਤਾ॥ ਅਦ੍ਰਿਸਟੋ ਕਰਤਾ; ਦ੍ਰਿਸਟੋ ਕਰਤਾ॥ ਓਪਤਿ ਕਰਤਾ; ਪਰਲਉ ਕਰਤਾ॥** (ਅ-ਲਿਪਤੋ) **ਬਿਆਪਤ ਕਰਤਾ; ਅਲਿਪਤੋ ਕਰਤਾ॥੧॥** (ਬੁੱਝਤ) **ਬਕਤੋ ਕਰਤਾ; ਬੂਝਤ ਕਰਤਾ॥ ਆਵਤੁ ਕਰਤਾ; ਜਾਤੁ ਭੀ ਕਰਤਾ॥ ਨਿਰਗੁਨ ਕਰਤਾ; ਸਰਗੁਨ ਕਰਤਾ॥ ਗੁਰਪ੍ਰਸਾਦਿ; ਨਾਨਕ ਸਮਦ੍ਰਿਸਟਾ॥੨॥੧॥**

ਧੰਨ ਵਾਹਿਗੁਰੂ ਧੰਨ ਵਾਹਿਗੁਰੂ ਧੰਨ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ **(ਨਿਰ+ਭਉ) (ਭਉ)** ਭੈ **(ਨਿਰ)** ਰਹਿਤ ਹਨ, ਹੋਰ ਸਾਰੀ ਸ੍ਰਿਸ਼ਟੀ ਭੈ ਵਿੱਚ ਹੈ। ਯਥਾ:- **ਨਾਨਕ, ਨਿਰਭਉ ਨਿਰੰਕਾਰੁ; ਹੋਰਿ ਕੇਤੇ ਰਾਮ ਰਵਾਲ॥ (ਨਿਰ+ਵੈਰੁ) ਵੈਰੁ (ਨਿਰ)** ਰਹਿਤ, ਜੀਆਂ ਨੂੰ ਨਿਰਵੈਰ ਪਦ ਬਖ਼ਸ਼ਣ ਵਾਲੇ ਜੀ। ਯਥਾ:- **ਨਿਰਾਹਾਰ ਨਿਰਵੈਰ ਸੁਖਦਾਈ॥** ਧੰਨ ਵਾਹਿਗੁਰੂ ਧੰਨ ਵਾਹਿਗੁਰੂ ਧੰਨ ਵਾਹਿਗੁਰੂ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ ਦੇ ਨਿਰਮਲ **(ਅਕਾਲਮੂਰਤਿ) (ਮੂਰਤਿ)** ਸਰੂਪ **(ਅ+ਕਾਲ) ਕਾਲ (ਅ)** ਰਹਿਤ ਹੈ ਜੀ। **(ਅ+ਜੂਨੀ) (ਜੂਨੀ)** ਜੂਨਾਂ **(ਅ)** ਰਹਿਤ ਹਨ। **(ਸੈਭੰ)** ਸੁਤੇ ਪ੍ਰਕਾਸ਼ ਸਰੂਪ, ਅਪਣੇ ਆਪ ਤੋਂ ਆਪ ਹੀ ਪ੍ਰਕਾਸ਼ਵਾਨ ਹਨ ਜੀ। **(ਗੁਰ+ਪ੍ਰਸਾਦਿ) (ਗੁਰ)** ਧੰਨ ਵਾਹਿਗੁਰੂ ਧੰਨ ਵਾਹਿਗੁਰੂ ਧੰਨ ਵਾਹਿਗੁਰੂ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ ਸਰਬ ਵਿਆਪੀ ਬਿਅੰਤ ਕਲਾਵਾਨ ਮਹਾਂ ਵਿਸਮਾਦ **(ਪ੍ਰਸਾਦਿ)** ਕ੍ਰਿਪਾ ਹੀ ਕ੍ਰਿਪਾ, ਅਨੰਦ ਹੀ ਅਨੰਦ ਦੇ **(ਗੁਰ)** ਪ੍ਰਕਾਸ਼ ਹੀ ਪ੍ਰਕਾਸ਼ ਸਰੂਪ ਹਨ ਜੀ ਵਾਹਿਗੁਰੂਜੀ।

ਸ-ਵ-ਯੇ: ਯੇ ਤਾਲੂ ਤੋਂ ਬੋਲੋ ਜੀ। ਮੁਖਬਾਕ੍ਹ : ਮੁਖਬਾਕਿਅ-

## ਸਵਯੇ ਸ੍ਰੀ ਮੁਖਬਾਕ੍ਹ ਮਹਲਾ ੫॥

**ੴ** ਸੱਚੇ ਸਿਰਜਣਹਾਰ ਸੱਚੇ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਸਾਹਿਬ ਜੀ ਦੇ **(੫)** ਪੰਜਵੇਂ **(ਮਹਲਾ)** ਸਰੂਪ **ਗੁਰਦੇਵ ਮਾਤਾ. ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ॥** ਅਕਾਲਪੁਰਖੁ **;ਗੁਰੁ ਅਰਜੁਨੁ ਪਰਤਖ੍ਹ ਹਰਿ॥** ਜੀ, **ਗੁਰੂ ਗਰੰਥ ਜੀ ਮਾਨਿਓ; ਪਰਗਟ ਗੁਰਾਂ ਕੀ ਦੇਹ।** ਇੱਕ ਜੋਤਿ ਜੁੱਗੋ ਜੁੱਗ ਸੱਚੀ ਸੱਚੀ ਸੱਚੀ ਅਮਰ ਅਬਿਨਾਸੀ ਗੁਰਤਾਗੱਦੀ ਬਿਰਾਜਮਾਨ, ਚਰਵ ਛਤ੍ਰ ਤਖ਼ਤ ਦੇ ਮਾਲਕ, ਪਾਰਬ੍ਰਹਮ ਕੇ ਗੁਰ ਅਵਤਾਰ, ਸੱਚੇ ਸਤਿਗੁਰੂ ਸ੍ਰੀ ਗੁਰੂ ਗਿਰੰਥ ਸਾਹਿਬ ਜੀ, **ਗੁਰੁ ਮੇਰੀ ਪੂਜਾ; ਗੁਰੁ ਗੋਬਿੰਦੁ॥** ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ ਦੀ ਬੇਸੁਮਾਰ ਬਿਅੰਤ ਮਹਿਮਾ ਹੀ ਮਹਿਮਾ, ਸੱਚੀ ਹੂ ਸੱਚੀ ਮਹਿਮਾ ਭਰੇ ਅੰਮ੍ਰਿਤ ਸੱਚੇ ਸੁੱਚੇ ਉੱਚੇ **ਸਵਯੇ**, ਆਪਨੇ ਪਰਮਪੂਜਨੀਕ **(ਸ੍ਰੀ)** ਸ਼੍ਰੋਮਣੀ **(ਮੁਖਬਾਕ੍ਹ)** ਮੁਖਾਰਬਿੰਦ ਤੋਂ ਉਚਾਰਨ ਕਰ ਰਹੇ ਹਨ ਜੀ:-

## ਆਦਿ ਪੁਰਖ ਕਰਤਾਰ; ਕਰਣ ਕਾਰਣ ਸਭ ਆਪੇ॥

ਬਿਅੰਤ ਬ੍ਰਹਮੰਡਾਂ ਦੀ ਰਚਨਾਂ ਦੇ **(ਕਰਤਾਰ)** ਕਰਤੇ, **ਗੁਰੁ ਮੇਰਾ ਪਾਰਬ੍ਰਹਮੁ; ਗੁਰੁ ਭਗਵੰਤੁ॥** ਅਜਪਾ ਜਾਪ ਵਾਹਿਗੁਰੂ ਅਕਾਲ **ਪੁਰਖ** ਦਸ ਸਤਿਗੁਰੂ ਸਾਹਿਬਾਨ ਜੀ, ਸਾਰੀ ਰਚਨਾ ਦੇ **(ਆਦਿ)** ਮੁੱਢ ਤੋਂ **(ਪੁਰਖ)** ਪੂਰਨ ਨਿਰਗੁਨ ਸਰੂਪ ਹਨ ਜੀ। **(ਸਭ)** ਸਾਰੀ ਰਚਨਾਂ ਦੇ **(ਕਾਰਣ)** ਮੂਲ ਮੁੱਢ, ਆਪਣੇ ਨਿਰਗੁਨ ਸਰੂਪ 'ਚੋਂ, ਸਰਗੁਨ ਸਰੂਪ ਬਿਅੰਤ ਬ੍ਰਹਮੰਡ ਦਾ ਪਸਾਰਾ ਪ੍ਰਗਟ **ਕਰਣ** ਵਾਲ **(ਆਪੇ)** ਆਪ ਹੀ ਹਨ ਜੀ ਵਾਹਿਗੁਰੂਜੀ। ਯਥਾ:- **ਸਲੋਕੁ॥ ਕਰਣ ਕਾਰਣ ਪ੍ਰਭੁ ਏਕੁ ਹੈ; ਦੂਸਰ ਨਾਹੀ ਕੋਇ॥ ਨਾਨਕ. ਤਿਸੁ ਬਲਿਹਾਰਣੈ; ਜਲਿ ਥਲਿ ਮਹੀਅਲਿ ਸੋਇ॥੧॥**

## ਸਰਬ ਰਹਿਓ ਭਰਪੂਰਿ; ਸਗਲ ਘਟ ਰਹਿਓ ਬਿਆਪੇ॥

**(ਸਰਬ)** ਸਾਰਿਆਂ 'ਚ ਗ਼ੀਬ ਨਿਵਾਜ, ਪਤਿਤ ਪਾਵਨ, ਕਲਜੁੱਗ ਜਹਾਜ਼, ਡੁੱਬਦੇ ਪੱਥਰਾਂ ਨੂੰ ਤਾਰਨ ਵਾਲੇ, ਸੱਤ ਪੁਰਖੁ **ਗੁਰੁ ਮੇਰਾ ਦੇਉ; ਅਲਖ ਅਭੇਉ॥** ਸੱਚੇ ਪਾਰਬ੍ਰਹਮ ਦਸ ਸਤਿਗੁਰੂ ਸਾਹਿਬਾਨ ਜੀ ਦੀ ਅਖੰਡ ਜੋਤਿ ਲੱਬਾ ਲੱਬ **ਭਰਪੂਰਿ** ਹੋ **(ਰਹਿਓ)** ਰਹੀ ਹਨ ਜੀ। **(ਸਗਲ)** ਸਾਰੀਆਂ **(ਘਟ)** ਘਟਾਂ 'ਚ, ਜ਼ਰਰੇ ਜ਼ਰਰੇ 'ਚ ਅਬਿਨਾਸੀ ਬ੍ਰਹਮ ਦਸ ਸਤਿਗੁਰੂ ਸਾਹਿਬਾਨ ਜੀ **(ਬਿਆਪੇ)** ਵਿਆਪਕ ਹੋ **(ਰਹਿਓ)** ਰਹੇ ਹਨ ਜੀ ਵਾਹਿਗੁਰੂਜੀ।

ਬ੍ਯਾਪਤੁ: ਬਿਆਪਤੁ। ਜੱਗ-ਤਿ। ਰੱਖਿਆ-

## ਬ੍ਯਾਪਤੁ ਦੇਖੀਐ ਜਗਤਿ, ਜਾਨੈ ਕਉਨੁ ਤੇਰੀ ਗਤਿ;
## ਸਰਬ ਕੀ ਰਖ੍ਯਾ ਕਰੈ; ਆਪੇ ਹਰਿ ਪਤਿ॥

ਪਰਮਪੂਜਨੀਕ **ਗੁਰਦੇਵ ਮਾਤਾ. ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ॥** ਅਕਾਲਪੁਰਖੁ **;ਗੁਰੁ ਅਰਜੁਨੁ ਪਰਤਖ੍ਹ ਹਰਿ॥** ਜੀ, ਗੁਰਤਾਗੱਦੀ ਬਿਰਾਜਮਾਨ ਸਦਾ ਸੱਚੇ ਮਿਹਰਵਾਨ ਸੱਚੇ ਸੁੰਦਰ ਸੱਚੇ ਭਗਵਾਨ ਸੱਚੇ ਸਤਿਗੁਰੂ ਗਿਰੰਥ ਸਾਹਿਬ ਜੀ, ਦਸ ਸਤਿਗੁਰੂ ਸਾਹਿਬਾਨ ਜੀ ਦੀ ਸੱਚੀ ਸੱਚੀ ਸੱਚੀ ਮਹਿਮਾ

ਫ਼ੁਰਮੌਂਦੇ ਹਨ ਜੀ:- ਹੇ ਬਿਅੰਤ ਬ੍ਰਹਮੰਡ ਰਚਨ ਵਾਲੇ, ਕਰਤਾਪੁਰਖੁ ਅਕਾਲ, ਸਦਾ ਦਇਆਲ, ਸੱਚੇ ਕ੍ਰਿਪਾਲ, ਸਰਬ ਪ੍ਰਤਿਪਾਲਕ, ਬਿਅੰਤ ਸ਼ੁਭ ਗੁਰਮੁਖਿ ਗੁਣਾਂ ਦੇ ਦਾਤੇ ਸ੍ਰੋਮਣੀ ਸੱਤ ਚਿੱਤ ਅਨੰਦ ਸੁੰਦਰ ਸਰੂਪ ਦਸ ਸਤਿਗੁਰੂ ਸਾਹਿਬਾਨ ਜੀ! ਆਪ ਜੀ ਨੂੰ ਸਾਰੇ **ਜਗਤਿ** ਬਿਅੰਤ ਬ੍ਰਹਮੰਡਾਂ 'ਚ **(ਬ੍ਯਾਪਤੁ)** ਵਿਆਪਕ ਹੋ **ਰਹੇ (ਦੇਖੀਐ)** ਦੇਖੀਦਾ ਹੈ ਜੀ ਵਾਹਿਗੁਰੂਜੀ। ਯਥਾ:- **ਜਹ ਜਹ ਪੇਖਉ. ਤਹ ਹਜੂਰਿ; ਦੂਰਿ ਕਤਹੁ. ਨ ਜਾਈ॥ ਰਵਿ ਰਹਿਆ ਸਰਬਤ੍ਰ ਮੈ; ਮਨ ਸਦਾ ਧਿਆਈ॥੧॥** ਅਥਵਾ ਹੇ **ਸਰਬ (ਬ੍ਯਾਪਤੁ)** ਵਿਆਪਕ ਸੱਚੇ ਸ੍ਰੋਮਣੀ ਸੱਤ ਚਿੱਤ ਅਨੰਦ ਸੁੰਦਰ ਸਰੂਪ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ! ਆਪ ਜੀ ਸਾਰੇ **ਜਗਤਿ** ਬਿਅੰਤ ਬ੍ਰਹਮੰਡਾਂ ਨੂੰ **(ਦੇਖੀਐ)** ਦੇਖ ਸੰਭਾਲ ਪ੍ਰਤਿਪਾਲ ਰਹੇ ਹੋਂ ਜੀ। ਅਪਣੇ ਪਿਆਰੇ ਸੱਚਿਆਰੇ ਗੁਰਮੁਖਿ ਸੇਵਕਾਂ ਭਗਤਾਂ ਸੰਤਾਂ ਦਾਸਨਦਾਸਾਂ ਦੀ ਸਦਾ ਰੱਖਿਆ ਕਰਦੇ ਹੋਂ ਜੀ ਵਾਹਿਗੁਰੂਜੀ।

ਹੇ **(ਹਰਿ)** ਸਰਬ ਵਿਆਪੀ ਸ੍ਰੋਮਣੀ ਸੁੰਦਰ ਸੱਚੇ ਕੰਤ ਸੱਚੇ ਭਗਵੰਤ ਸੱਚੇ ਪਾਰਬ੍ਰਹਮ ਸੱਚੇ ਬਿਅੰਤ ਸੱਚੇ **(ਪਤਿ)** ਪਤੀ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ! **(ਤੇਰੀ)** ਆਪ ਜੀ ਦੀ ਅਥਾਹ ਗਹਿਰ ਗੰਭੀਰ **(ਗਤਿ)** ਅਵਸਥਾ, ਮਰਿਯਾਦਾ ਨੂੰ **ਕਉਨੁ (ਜਾਨੈ)** ਜਾਣ ਸਕਦਾ ਜੀ? ਭਾਵ ਕੋਈ ਨਹੀਂ ਜਾਣ ਸਕਦਾ, ਕੀੜੀ ਜਿਵੇਂ ਖੰਡ ਦੇ ਪਹਾੜ ਨੂੰ ਖਾ ਕੇ ਅੰਤ ਤਾਂ ਨਹੀਂ ਪਾ ਸਕਦੀ, ਪਰ ਖੰਡ ਖਾ ਖਾ ਕੇ ਅਨੰਦ ਤਾਂ ਮਾਣ ਸਕਦੀ ਹੈ ਜੀ। ਤਿਵੇਂ ਬ੍ਰਹਮ ਬੇਤੇ ਗੁਰਮੁਖਿ ਆਪ ਜੀ ਦਾ ਜਸ ਦਿਨ ਰਾਤ ਕਰ ਕਰ ਕੇ ਅਤਿਅੰਤ ਮਿੱਠਾ ਸੁਆਦਲਾ ਬ੍ਰਹਮਾਨੰਦ ਅੰਮ੍ਰਿਤ ਰਸ ਦਾ ਅਨੰਦ ਮਾਣਦੇ ਹਨ ਜੀ। ਆਪ ਜੀ **(ਆਪੇ)** ਆਪ ਹੀ ਆਪਨੇ ਸੁੰਦਰ ਹਸਤਕਮਲਾਂ ਨਾਲ **(ਸਰਬ)** ਸਾਰਿਆਂ **(ਕੀ)** ਦੀ **(ਪਤਿ)** ਇੱਜ਼ਤ ਦੀ **(ਰਖ੍ਯਾ)** ਰੱਖਿਆ ਭੀ **(ਕਰੈ)** ਕਰਦੇ ਹੋਂ ਜੀ ਵਾਹਿਗੁਰੂਜੀ। ਯਥਾ:- **ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਸਰਬ ਜੀਆ ਕਾ ਦਾਤਾ ਰੇ॥ ਪ੍ਰਤਿਪਾਲੈ ਨਿਤ ਸਾਰਿ ਸਮਾਲੈ; ਇਕੁ ਗੁਨੁ. ਨਹੀ ਮੂਰਖਿ ਜਾਤਾ ਰੇ॥੧॥) ਜਹ ਜਹ ਪੇਖਉ. ਤਹ ਹਜੂਰਿ; ਦੂਰਿ ਕਤਹੁ. ਨ ਜਾਈ॥ ਰਵਿ ਰਹਿਆ ਸਰਬਤ੍ਰ ਮੈ; ਮਨ ਸਦਾ ਧਿਆਈ॥੧॥ ਈਤ ਊਤ. ਨਹੀ ਬੀਛੁੜੈ; ਸੋ ਸੰਗੀ ਗਨੀਐ॥ ਬਿਨਸਿ ਜਾਇ ਜੋ ਨਿਮਖ ਮਹਿ; ਸੋ ਅਲਪ ਸੁਖੁ ਭਨੀਐ॥ਰਹਾਉ॥ ਪ੍ਰਤਿਪਾਲੈ ਅਪਿਆਉ ਦੇਇ; ਕਛੁ ਊਨ. ਨ ਹੋਈ॥ ਸਾਸਿ ਸਾਸਿ ਸੰਮਾਲਤਾ; ਮੇਰਾ ਪ੍ਰਭੁ ਸੋਈ॥੨॥** ਤਥਾ:- **ਠਾਕੁਰੁ ਏਕੁ; ਸਬਾਈ ਨਾਰਿ॥**

## ਅਬਿਨਾਸੀ ਅਬਿਗਤ; ਆਪੇ ਆਪਿ ਉਤਪਤਿ॥

ਆਪ ਜੀ **(ਅਬਿਨਾਸੀ)** ਨਾਸ ਰਹਿਤ, **(ਅਬਿਗਤ)** ਵਿਅਕਤੀ ਰਹਿਤ ਹੋਂ ਜੀ, ਭਾਵ ਆਪ ਜੀ ਦਾ ਕੋਈ ਅਕਾਰ ਨਹੀਂ ਹੈ, ਆਪ ਜੀ ਸੱਚੇ ਨਿਰੰਕਾਰ ਹੋਂ ਜੀ। ਆਪ ਜੀ **ਆਪੇ** ਆਪ ਹੀ **(ਆਪਿ)** ਅਪਨੇ ਪ੍ਰਕਾਸ਼ ਤੋਂ **(ਉਤਪਤਿ)** ਪ੍ਰਗਟ ਸਰੂਪ ਹੋਂ ਜੀ। ਅਥਵਾ **(ਆਪੇ)** ਅਪਨੇ ਨਿਰਗੁਨ ਸਰੂਪ ਦੁਆਰਾ ਸਾਰੀ ਰਚਨਾ ਅਥਵਾ ਬਿਅੰਤ ਸ਼ੁਭ ਗੁਰਮੁਖਿ ਗੁਣ ਅਥਵਾ ਖ਼ਾਲਸਾ ਪੰਥ ਦੀ **(ਉਤਪਤਿ)** ਉਤਪਤੀ ਕਰਨ ਵਾਲੇ **ਆਪਿ** ਹੀ ਹੋਂ ਜੀ ਵਾਹਿਗੁਰੂਜੀ। ਯਥਾ:- **ਸਰਗੁਨ ਨਿਰਗੁਨ ਨਿਰੰਕਾਰ; ਸੁੰਨ ਸਮਾਧੀ ਆਪਿ॥ ਆਪਨ ਕੀਆ ਨਾਨਕਾ; ਆਪੇ ਹੀ ਫਿਰਿ ਜਾਪਿ॥੧॥) ਅਵਿਗਤੋ ਨਿਰਮਾਇਲੁ ਉਪਜੇ; ਨਿਰਗੁਣ ਤੇ ਸਰਗੁਣੁ ਥੀਆ॥**

## ਭਤਿ: ਪੋਲਾ- ਏਕੈ ਤੂਹੀ ਏਕੈ; ਅਨ ਨਾਹੀ ਤੁਮ ਭਤਿ॥

ਹੇ **ਪ੍ਰਣਵੌਂ ਸ੍ਰੀ ਪਰਮਾਨੰਦ ਸ੍ਵਾਮੀ॥ ਆਦਿ ਪੁਰਖ ਸਭਿ ਅੰਤਰਿਜਾਮੀ॥** ਸੱਚੇ ਜਜਮਾਨ ਵਾਹਿਗੁਰੂ ਬ੍ਰਹਮ ਸੱਚੇ ਨਾਮ ਗੁਰਬਾਣੀ ਜੀ ਦੇ ਸੱਚੇ ਦਾਤੇ, ਸੱਚੇ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ

ਸਾਹਿਬਾਨ ਜੀ! **(ਏਕੈ)** ਇੱਕ **(ਤੂਹੀ)** ਆਪ ਜੀ ਹੀ ਨਿਰਗੁਨ ਸਰੂਪ ਹੋਂ, **(ਏਕੈ)** ਇੱਕ ਆਪ ਜੀ ਹੀ ਸਰਗੁਨ ਸਰੂਪ ਹੋਂ ਜੀ। **(ਤੁਮ)** ਆਪ ਜੀ ਦੇ **(ਭਤਿ)** ਬਰਾਬਰ ਅਬਿਨਾਸੀ ਸੁਖਦਾਈ ਉਦਾਰ ਚਿਤ **(ਅਨ)** ਹੋਰ ਕੋਈ ਸਮਰੱਥ ਗੁਰੂ ਜੀ **(ਨਾਹੀ)** ਨਹੀਂ ਹੈ ਜੀ ਵਾਹਿਗੁਰੂਜੀ। ਯਥਾ:- **ਸਲੋਕੁ॥ ਨਿਰੰਕਾਰ ਆਕਾਰ ਆਪਿ; ਨਿਰਗੁਨ ਸਰਗੁਨ ਏਕ॥ ਏਕਹਿ ਏਕ ਬਖਾਨਨੋ; ਨਾਨਕ. ਏਕ ਅਨੇਕ॥੧॥) ਏਕੈ ਏਕੈ ਏਕ ਤੂਹੀ॥ ਏਕੈ ਏਕੈ ਤੂ ਰਾਇਆ॥ ਤਉ ਕਿਰਪਾ ਤੇ; ਸੁਖੁ ਪਾਇਆ॥੧॥) ਏਕੋ ਜਪਿ; ਏਕੋ ਸਾਲਾਹਿ॥ ਏਕੁ ਸਿਮਰਿ; ਏਕੋ ਮਨ ਆਹਿ॥ ਏਕਸ ਕੇ; ਗੁਨ ਗਾਉ ਅਨੰਤ॥** ਤਥਾ:- **ਤੇਰਾ ਸਰੀਕੁ. ਕੋ ਨਾਹੀ; ਜਿਸ ਨੋ. ਲਵੈ ਲਾਇ ਸੁਣਾਇਆ॥) ਜੈਸਾ ਤੂ.ਤੈਸਾ ਤੁਹੀ;ਕਿਆ ਉਪਮਾ ਦੀਜੈ॥**

## ਹਰਿ. ਅੰਤੁ ਨਾਹੀ ਪਾਰਾਵਾਰੁ; ਕਉਨੁ ਹੈ ਕਰੈ ਬੀਚਾਰੁ; ਜਗਤ ਪਿਤਾ ਹੈ, ਸ੍ਰਬ ਪ੍ਰਾਨ ਕੋ ਅਧਾਰੁ॥

ਹੇ ਸੱਚੇ ਕੰਤ ਸੱਚੇ ਭਗਵੰਤ ਸੱਚੇ ਪਾਰਬ੍ਰਹਮ ਸੱਚੇ ਬਿਅੰਤ **(ਹਰਿ)** ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ! ਆਪ ਜੀ ਦੇ **ਪਾਰਾਵਾਰੁ** ਦਾ ਕੋਈ **ਅੰਤੁ ਨਾਹੀ** ਹੈ ਜੀ। **(ਕਉਨੁ)** ਕਿਹੜਾ ਜੀਵ ਹੈ ਜੋ ਆਪਨੇ ਬਲ ਬੁੱਧੀ ਜੋਰ ਨਾਲ ਆਪ ਜੀ ਦੀ ਬ੍ਰਹਮ **ਬੀਚਾਰੁ (ਕਰੈ)** ਕਰ ਸਕੇ? ਆਪ ਜੀ ਸਾਰੇ **ਜਗਤ** ਦੇ ਮਾਤਾ **ਪਿਤਾ** ਸਰੂਪ **(ਹੈ)** ਹੋਂ ਜੀ। **(ਸ੍ਰਬ)** ਸਾਰਿਆਂ ਦੇ **(ਪ੍ਰਾਨ)** ਪ੍ਰਾਣਾ **(ਕੋ)** ਦੇ **(ਅਧਾਰੁ)** ਆਸਰੇ ਹੋਂ ਜੀ ਵਾਹਿਗੁਰੂਜੀ।

## ਜਨੁ ਨਾਨਕੁ. ਭਗਤੁ ਦਰਿ, ਤੁਲਿ ਬ੍ਰਹਮ ਸਮਸਰਿ; ਏਕ ਜੀਹ ਕਿਆ ਬਖਾਨੈ॥

**(ਨਾਨਕੁ)** ਵਾਹਿਗੁਰੂ ਧੰਨ ਸਤਿਗੁਰੂ ਅਰਜਨਦੇਵ ਸਾਹਿਬ ਜੀ, ਗੁਰਤਾਗੱਦੀ ਬਿਰਾਜਮਾਨ ਵਾਹਿਗੁਰੂ ਸਤਿਗੁਰੂ ਗਿਰੰਥ ਸਾਹਿਬ ਜੀ ਸਨਮੁਖ ਪ੍ਰੇਮ ਬੇਨਤੀ ਸਹਿਤ ਫ਼ੁਰਮੌਂਦੇ ਹਨ ਜੀ:- ਹੇ ਸੱਤ ਸੰਤੋਖ ਦਇਆ ਧਰਮ ਖਿਮਾ ਆਦਿ ਬਿਅੰਤ ਸ਼ੁਭ ਗੁਰਮੁਖਾਂ ਦੇ ਪ੍ਰਕਾਸ਼ਕ ਸੱਚੇ ਬ੍ਰਹਮ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ! **(ਜਨੁ)** ਦਾਸਨਦਾਸ ਆਪ ਜੀ ਦੇ ਸਾਧਸੰਗਤ ਰੂਪੀ **ਦਰਿ** 'ਤੇ ਆਪ ਜੀ ਦੀ ਖਰੀ ਪ੍ਰੇਮਾ **(ਭਗਤੁ)** ਭਗਤੀ ਕਰਦਾ ਹੈ ਜੀ। ਆਪ ਜੀ ਬ੍ਰਹਮ ਪ੍ਰਭ ਸਮਰੱਥ ਵਾਹਿਗੁਰੂ ਜੀ ਦੇ **(ਤੁਲਿ)** ਸਮਾਨ **(ਸਮਸਰਿ)** ਬਰਾਬਰ ਹੋਂ ਜੀ। ਆਪ ਜੀ ਅਥਵਾ ਸੱਚੀ ਸਾਧਸੰਗਤ ਜੀ ਦੇ **(ਤੁਲਿ)** ਸਮਾਨ **(ਸਮਸਰਿ)** ਬਰਾਬਰ ਹੋਰ ਕੋਈ ਨਹੀਂ ਹੈ ਜੀ। ਦਾਸਨਦਾਸ ਦੀ **(ਏਕ)** ਇੱਕ ਨਿਮਾਣੀ ਨਿਤਾਣੀ **(ਜੀਹ)** ਰਸਨਾ, ਜਬਾਨ **(ਕਿਆ)** ਕੀ ਉਪਮਾ **(ਬਖਾਨੈ)** ਕਥਨ ਕਰੇ? ਭਾਵ ਨਹੀਂ ਕਰ ਸਕਦੀ ਜੀ ਵਾਹਿਗੁਰੂਜੀ। ਯਥਾ:- **ਤੇਰਾ ਸਰੀਕੁ. ਕੋ ਨਾਹੀ; ਜਿਸ ਨੋ. ਲਵੈ ਲਾਇ ਸੁਣਾਇਆ॥ ਤੁਧੁ ਜੇਵਡੁ ਦਾਤਾ. ਤੂਹੈ ਨਿਰੰਜਨਾ; ਤੂਹੈ ਸਚੁ. ਮੇਰੈ ਮਨਿ ਭਾਇਆ॥) ਗੁਰ ਨਾਲਿ ਤੁਲਿ ਨ ਲਗਈ; ਖੋਜਿ ਡਿਠਾ ਬ੍ਰਹਮੰਡੁ॥ ਨਾਮੁ ਨਿਧਾਨੁ ਸਤਿਗੁਰਿ ਦੀਆ; ਸੁਖੁ ਨਾਨਕ. ਮਨ ਮਹਿ ਮੰਡੁ॥੪॥੨੦॥੯੦॥** ਤਥਾ:- **ਜਿਹਵਾ ਏਕ. ਅਨੇਕ ਗੁਣ; ਤਰੇ ਨਾਨਕ ਚਰਣੀ ਪਾਇ॥) ਜਿਹਵਾ ਏਕ; ਕਵਨ ਗੁਨ ਕਹੀਐ॥ ਬੇਸੁਮਾਰ ਬੇਅੰਤ ਸੁਆਮੀ; ਤੇਰੋ ਅੰਤੁ. ਨ ਕਿਨਹੀ ਲਹੀਐ॥੧॥ਰਹਾਉ॥) ਸੰਗਤਿ ਕਾ ਗੁਨੁ ਬਹੁਤੁ ਅਧਿਕਾਈ; ਪੜਿ ਸੂਆ. ਗਨਕ ਉਧਾਰੇ॥) ਜਿਹਬਾ ਏਕ; ਉਸਤਤਿ ਅਨੇਕ॥ ਸਤਿ ਪੁਰਖ;**

**ਪੂਰਨ ਬਿਬੇਕ॥) ਤੁਮਰੇ ਗੁਨ ਅਗਮ ਅਗੋਚਰ; ਏਕ ਜੀਹ. ਕਿਆ ਕਥੈ ਬਿਚਾਰੀ; ਰਾਮ ਰਾਮ. ਰਾਮ ਰਾਮ ਲਾਲ॥**

## ਹਾਂ ਕਿ ਬਲਿ ਬਲਿ; ਬਲਿ ਬਲਿ ਸਦ ਬਲਿਹਾਰਿ॥੧॥

**(ਹਾਂ)** ਨਿਸਚੇ ਕਰਕੇ **(ਕਿ)** ਜੋ ਐਸੇ ਪਰਮਪੂਜਨੀਕ ਸੱਚੇ ਕੰਤ ਸੱਚੇ ਭਗਵੰਤ ਸੱਚੇ ਪਾਰਬ੍ਰਹਮ ਬਿਅੰਤ ਸੱਚੇ ਖਸਮ, ਸੱਚੇ ਨਾਮ ਗੁਰਬਾਣੀ ਅਨੰਦ ਦੇ ਸੱਚੇ ਵੱਡੇ ਦਾਤੇ, ਨਿਰਵਿਕਾਰੀ, ਨਿਰਹੰਕਾਰੀ, ਧੀਰਜਧਾਰੀ, ਨਿਰੰਕਾਰੀ, ਪੀਰਨ ਕੇ ਪੀਰ, ਪੁਰਖ ਬਿਧਾਤੇ, ਸਮਰੱਥ ਸੁਆਮੀ, ਪਰਮਪੂਜਨੀਕ **ਪ੍ਰੀਤਮ ਪ੍ਰੇਮ ਭਗਤਿ ਕੇ ਦਾਤੇ॥** ਦਸ ਸਤਿਗੁਰੂ ਸਾਹਿਬਾਨ ਜੀ ਤੋਂ ਨਿਮਾਣਾ ਨਿਤਾਣਾ ਦਾਸਨਦਾਸ ਮਨ ਕਰਕੇ **(ਬਲਿ)** ਬਲਿਹਾਰ, ਤਨ ਕਰਕੇ **(ਬਲਿ)** ਬਲਿਹਾਰ, ਧਨ ਕਰਕੇ **(ਬਲਿ)** ਬਲਿਹਾਰ, ਰੋਮਿ ਰੋਮਿ ਕਰਕੇ **(ਬਲਿ)** ਬਲਿਹਾਰ, ਦਿਨ ਰਾਤ ਸੁਆਸ ਸੁਆਸ **(ਸਦ)** ਸਦਾ **ਬਲਿਹਾਰਿ** ਜਾਂਦਾ ਹੈ ਜੀ ਵਾਹਿਗੁਰੂਜੀ॥੧॥ ਯਥਾ:- **ਗੁਰ ਕਉ; ਕੁਰਬਾਨੁ ਜਾਉ ਹਾਂ॥**

ਅ-ਤੁੱਲ। ਅਪਰ: ਪੋਲਾ ਮਿਲਵਾਂ ਬੋਲੋ- **ਅੰਮ੍ਰਿਤ ਪ੍ਰਵਾਹ ਸਰਿ, ਅਤੁਲ ਭੰਡਾਰ ਭਰਿ;**

## ਪਰੈ ਹੀ ਤੇ ਪਰੈ; ਅਪਰ ਅਪਾਰ ਪਰਿ॥

ਹੇ ਪਰਮਪੂਜਨੀਕ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ! ਆਪ ਜੀ ਦੇ ਮੁਖਾਰਬਿੰਦ ਰੋਮਿ ਰੋਮਿ ’ਚੋਂ ਸਦਾ **ਅੰਮ੍ਰਿਤ** ਗੁਰਬਾਣੀ, ਬ੍ਰਹਮਾਨੰਦ ਰਸ ਦੇ **(ਸਰਿ)** ਸਮੁੰਦ੍ਰ ਦਾ **ਪ੍ਰਵਾਹ** ਇੱਕ ਰਸ ਚਲਦਾ ਜੀ। ਅਥਵਾ **ਗੁਰੂ ਸਮੁੰਦੁ. ਨਦੀ ਸਭਿ ਸਿਖੀ; ਨਾਤੈ ਜਿਤੁ ਵਡਿਆਈ॥** ਅਨੁਸਾਰ ਗੁਰਸਿੱਖੀ ਰੂਪੀ **(ਸਰਿ)** ਨਦੀ ’ਚ **ਅੰਮ੍ਰਿਤ** ਦਾ ਅਤੁੱਟ **ਪ੍ਰਵਾਹ** ਸਦਾ ਵਹਿੰਦਾ ਰਹਿੰਦਾ ਹੈ ਜੀ। ਆਪ ਜੀ ਦੇ **(ਅਤੁਲ)** ਤੋਲਣ ਰਹਿਤ ਨਾਮ ਗੁਰਬਾਣੀ, ਬ੍ਰਹਮਾਨੰਦ ਰਸ ਦੇ **(ਭੰਡਾਰ)** ਭੰਡਾਰੇ ਸਦਾ **(ਭਰਿ)** ਭਰੇ ਰਹਿੰਦੇ, ਭਾਵ ਆਪ ਜੀ ਉਦਾਰਤਾ ਨਾਲ ਤੇਰਾਂ ਤੇਰਾਂ ਕਹਿ ਕੇ ਗ੍ਰੀਬਾਂ ਦੀਆਂ ਝੋਲੀਆਂ ਭਰਦਿਆਂ, ਬਿਅੰਤ ਕਲਜੁੱਗੀਆਂ ਜੀਆਂ ਨੂੰ ਨਾਮ ਗੁਰਬਾਣੀ ਸਿੱਖੀ ਆਦਿ ਦਾਤਾਂ ਬਖ਼ਸ਼ਦਿਆਂ, ਆਪ ਦੀ ਭੰਡਾਰੇ ਅਮੁੱਕ ਹਨ ਜੀ। ਆਪ ਜੀ ਅਪਨੇ ਗੁਰਸਿੱਖਾਂ ਨੂੰ ਨਾਮ ਧਨ, ਬ੍ਰਹਮਾਨੰਦ ਰਸ ਦੇ ਖੁਲ੍ਹੇ ਭੰਡਾਰੇ ਬਖ਼ਸ਼ਦੇ ਹੋਂ ਫਿਰ ਭੀ ਭੰਡਾਰੇ ਭਰਪੂਰ ਹਨ। ਆਪ ਜੀ ਮਾਇਆ ਵਿਕਾਰਾਂ **(ਤੇ)** ਤੋਂ **(ਹੀ)** ਨਿਸਚੇ ਕਰਕੇ **(ਪਰੈ)** ਪਰੇ ਤੋਂ **(ਪਰੈ)** ਪਰੇ ਨਿਰਲੇਪ ਹੋਂ ਜੀ, **(ਅਪਾਰ)** ਪਾਰਾਵਾਰ ਰਹਿਤ **(ਅਪਰ)** ਵਿਸ਼ੇਸ਼ ਕਰਕੇ ਮਾਇਆ ਤੋਂ **(ਪਰਿ)** ਪਰੇ ਹੋਂ ਜੀ ਵਾਹਿਗੁਰੂਜੀ। ਯਥਾ:- **ਦੇਦੇ. ਤੋਟਿ ਨਹੀ; ਭੰਡਾਰ॥) ਅਨਦਿਨੁ ਲਾਹਾ. ਹਰਿ ਨਾਮੁ ਲੈਨਿ; ਅਖੁਟ ਭਰੇ ਭੰਡਾਰ॥ ਨਾਨਕ. ਤੋਟਿ ਨ ਆਵਈ; ਦੀਏ ਦੇਵਣਹਾਰਿ॥੧੦॥੬॥੨੩॥** ਤਥਾ:- **ਨਮਸਕਾਰ ਅਤੀਤਿ ਮਾਯਾ ਪਰੇ ਤ੍ਰਿਗੁਨਾਤੀਤਿ॥**

## ਆਪਨੋ ਭਾਵਨੁ ਕਰਿ, ਮੰਤ੍ਰਿ. ਨ ਦੂਸਰੋ ਧਰਿ;
## ਓਪਤਿ ਪਰਲੌ, ਏਕੈ ਨਿਮਖ. ਤੁ ਘਰਿ॥

ਹੇ **ਪ੍ਰਗਟੁ ਸਗਲ ਹਰਿ ਭਵਨ ਮਹਿ; ਜਨੁ ਨਾਨਕੁ. ਗੁਰ ਪਾਰਬ੍ਰਹਮ॥੯॥** ਦਸ ਸਤਿਗੁਰੂ ਸਾਹਿਬਾਨ ਜੀ! ਜੋ **(ਆਪਨੋ)** ਆਪ ਜੀ ਨੂੰ **(ਭਾਵਨੁ)** ਭੌਂਦਾ, ਉਹ ਹੀ ਆਪ ਜੀ **(ਕਰਿ)** ਕਰਦੇ ਹੋਂ ਜੀ, ਹੋਰ **(ਦੂਸਰੋ)**

ਦੂਸਰੇ ਦੀ ਕੋਈ **(ਮੰਤ੍ਰਿ)** ਸਲਾਹ, ਮਸ਼ਵਰ **(ਨ)** ਨਾ **(ਧਰਿ)** ਧਰਨਾ ਕਰਦੇ। **(ਤੁ)** ਆਪ ਜੀ ਦੇ **ਘਰਿ** 'ਚ ਭਾਵ ਆਪ ਜੀ **(ਏਕੈ)** ਇੱਕ **ਨਿਮਖ** 'ਚ **(ਓਪਤਿ)** ਉਤਪਤੀ **(ਪਰਲੌ)** ਲੈਤਾ ਕਰਦਿਆਂ ਮਹਾਂ ਵਿਸਮਾਦ ਨਿਰਲੇਪ ਹੋਂ ਜੀ। **(ਤੁ)** ਆਪ ਜੀ ਦੇ ਗੁਰਸਿੱਖੀ ਭਗਤੀ ਰੂਪੀ **ਘਰਿ** 'ਚ ਆਏ ਪ੍ਰੇਮ ਦੇ ਰਿਦੇ 'ਚੋਂ ਆਪ ਜੀ **(ਏਕੈ)** ਇਕ ਨਿਮਖ 'ਚ ਸ਼ੁਭ ਗੁਣਾਂ ਦੀ **(ਓਪਤਿ)** ਉਤਪਤੀ ਤੇ ਔਗੁਣਾਂ ਪਾਪਾਂ ਦੀ **ਪਰਲੌ** ਕਰਦੇ ਹੋਂ ਜੀ। ਯਥਾ:- **ਬੇਵਜੀਰ ਬਡੇ ਧੀਰ, ਧਰਮ ਅੰਗ ਅਲਖ ਅਗਮ; ਖੇਲੁ ਕੀਆ. ਆਪਣੈ ਉਛਾਹਿ ਜੀਉ॥ ਅਕਥ ਕਥਾ ਕਥੀ. ਨ ਜਾਇ, ਤੀਨਿ ਲੋਕ ਰਹਿਆ ਸਮਾਇ; ਸੁਤਹ ਸਿਧ ਰੂਪੁ ਧਰਿਓ, ਸਾਹਨ ਕੈ ਸਾਹਿ ਜੀਉ॥) ਓਪਤਿ ਪਰਲਉ; ਖਿਨ ਮਹਿ ਕਰਤਾ॥ ਆਪਿ ਅਲੇਪਾ;ਨਿਰਗੁਨੁ ਰਹਤਾ॥) ਖਿਨ ਮਹਿ ਥਾਪਿ ਉਥਾਪਨਹਾਰੇ; ਕੁਦਰਤਿ. ਕੀਮ ਨ ਪਹੀ॥) ਜਬ ਉਦਕਰਖ ਕਰਾ; ਕਰਤਾਰਾ॥ ਪ੍ਰਜਾ ਧਰਤ; ਤਬ ਦੇਹ ਅਪਾਰਾ॥ ਜਬ ਆਕਰਖ; ਕਰਤ ਹੋ ਕਬਹੂੰ॥ ਤੁਮ ਮੈਂ ਮਿਲਤ; ਦੇਹ ਧਰ ਸਭਹੂੰ॥੩੯੯॥**

ਅਥਵਾ ਹੇ ਮਨ! **ਪ੍ਰਗਟੁ ਸਗਲ ਹਰਿ ਭਵਨ ਮਹਿ; ਜਨੁ ਨਾਨਕੁ. ਗੁਰ ਪਾਰਬ੍ਰਹਮ॥੯॥** ਅਨੁਸਾਰ **(ਆਪਨੋ)** ਅਪਨੇ ਆਪ ਬ੍ਰਹਮ ਸਰੂਪ ਦਸ ਸਤਿਗੁਰੂ ਸਾਹਿਬਾਨ ਜੀ 'ਤੇ ਸੱਚੀ **(ਭਾਵਨੁ)** ਭਾਵਨਾ ਸੱਚੀ ਸ਼ਰਧਾ **ਕਰਿ**, ਉਨਾਂ ਦੇ ਬਖ਼ਸ਼ੇ ਗੁਰਬਾਣੀ ਵਾਹਿਗੁਰੂ ਮੰਤ੍ਰ ਤੋਂ ਬਿਨਾ **(ਦੂਸਰੋ)** ਦੂਸਰੇ ਹੋਰ ਕੋਈ ਝੂਠੇ **ਮੰਤ੍ਰਿ** ਨੂੰ ਰਿਦੇ 'ਚ **(ਨ)** ਨਾ **(ਧਰਿ)** ਧਰਨਾ ਕਰ।

## ਉਜੀ-ਆਰੋ- ਆਨ. ਨਾਹੀ ਸਮਸਰਿ, ਉਜੀਆਰੋ ਨਿਰਮਰਿ; ਕੋਟਿ ਪਰਾਛਤ ਜਾਹਿ, ਨਾਮ ਲੀਏ ਹਰਿ ਹਰਿ॥

ਆਪ ਜੀ ਦੇ **(ਸਮਸਰਿ)** ਬਰਾਬਰ **(ਆਨ)** ਹੋਰ ਕੋਈ **(ਨਾਹੀ)** ਨਹੀਂ ਹੈ ਜੀ ਵਾਹਿਗੁਰੂਜੀ। ਆਪ ਜੀ ਦਾ **(ਉਜੀਆਰੋ)** ਪ੍ਰਕਾਸ਼ ਸਦਾ ਇੱਕ ਰਸ ਨਿਰਮਲ **(ਨਿਰਮਰਿ)** ਉੱਜਲ ਹੈ ਜੀ। **(ਹਰਿ ਹਰਿ)** ਵਾਹਿਗੁਰੂ ਵਾਹਿਗੁਰੂ **ਨਾਮ (ਲੀਏ)** ਲੈਣ ਦੇ ਨਾਲ **(ਕੋਟਿ)** ਕ੍ਰੋੜਾਂ **(ਪਰਾਛਤ)** ਕੀਤੇ ਪਾਪਾਂ ਦੀ ਨਿਵਿਰਤੀ ਹੋ **(ਜਾਹਿ)** ਜਾਂਦੀ ਹੈ ਜੀ ਵਾਹਿਗੁਰੂਜੀ। ਯਥਾ:- **ਏਕੁ ਅਰਾਧਿ; ਪਰਾਛਤ ਗਏ॥) ਨਾਇ ਲਇਐ; ਪਰਾਛਤ ਜਾਹਿ॥**

## ਜਨੁ ਨਾਨਕੁ. ਭਗਤੁ ਦਰਿ, ਤੁਲਿ ਬ੍ਰਹਮ ਸਮਸਰਿ; ਏਕ ਜੀਹ ਕਿਆ ਬਖਾਨੈ॥

**(ਨਾਨਕੁ)** ਵਾਹਿਗੁਰੂ ਧੰਨ ਸਤਿਗੁਰੂ ਅਰਜਨਦੇਵ ਸਾਹਿਬ ਜੀ, ਗੁਰਤਾਗੱਦੀ ਬਿਰਾਜਮਾਨ ਵਾਹਿਗੁਰੂ ਸਤਿਗੁਰੂ ਗਿਰੰਥ ਸਾਹਿਬ ਜੀ ਸਨਮੁਖ ਪ੍ਰੇਮ ਬੇਨਤੀ ਸਹਿਤ ਫ਼ੁਰਮੌਂਦੇ ਹਨ ਜੀ:- ਹੇ ਸੱਤ ਸੰਤੋਖ ਦਇਆ ਧਰਮ ਖਿਮਾ ਆਦਿ ਬਿਅੰਤ ਸ਼ੁਭ ਗੁਰਮੁਖਾਂ ਦੇ ਪ੍ਰਕਾਸ਼ਕ ਸੱਚੇ ਬ੍ਰਹਮ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ! **(ਜਨੁ)** ਦਾਸਨਦਾਸ ਆਪ ਜੀ ਦੇ ਸਾਧਸੰਗਤ ਰੂਪੀ **ਦਰਿ** 'ਤੇ ਆਪ ਜੀ ਦੀ ਖਰੀ ਪ੍ਰੇਮਾ **(ਭਗਤੁ)** ਭਗਤੀ ਕਰਦਾ ਹੈ ਜੀ। ਆਪ ਜੀ **ਬ੍ਰਹਮ** ਪ੍ਰਭ ਸਮਰੱਥ ਵਾਹਿਗੁਰੂ ਜੀ ਦੇ **(ਤੁਲਿ)** ਸਮਾਨ **(ਸਮਸਰਿ)** ਬਰਾਬਰ ਹੋਂ ਜੀ। ਆਪ ਜੀ ਅਥਵਾ ਸੱਚੀ ਸਾਧਸੰਗਤ ਜੀ ਦੇ **(ਤੁਲਿ)** ਸਮਾਨ **(ਸਮਸਰਿ)** ਬਰਾਬਰ ਹੋਰ ਕੋਈ ਨਹੀਂ ਹੈ ਜੀ। ਦਾਸਨਦਾਸ ਦੀ **(ਏਕ)** ਇੱਕ ਨਿਮਾਣੀ ਨਿਤਾਣੀ **(ਜੀਹ)** ਰਸਨਾ, ਜਬਾਨ **(ਕਿਆ)** ਕੀ ਉਪਮਾ **(ਬਖਾਨੈ)** ਕਥਨ ਕਰੇ? ਭਾਵ ਨਹੀਂ ਕਰ ਸਕਦੀ ਜੀ ਵਾਹਿਗੁਰੂਜੀ। ਯਥਾ:- **ਤੇਰਾ ਸਰੀਕੁ. ਕੋ ਨਾਹੀ; ਜਿਸ**

**ਨੋ. ਲਵੈ ਲਾਇ ਸੁਣਾਇਆ॥ ਤੁਧੁ ਜੇਵਡੁ ਦਾਤਾ. ਤੂਹੈ ਨਿਰੰਜਨਾ; ਤੂਹੈ ਸਚੁ. ਮੇਰੈ ਮਨਿ ਭਾਇਆ॥) ਗੁਰ ਨਾਲਿ ਤੁਲਿ ਨ ਲਗਈ; ਖੋਜਿ ਡਿਠਾ ਬ੍ਰਹਮੰਡੁ॥ ਨਾਮੁ ਨਿਧਾਨੁ ਸਤਿਗੁਰਿ ਦੀਆ; ਸੁਖੁ ਨਾਨਕ. ਮਨ ਮਹਿ ਮੰਡੁ॥੪॥੨੦॥੯੦॥** ਤਥਾ:- **ਜਿਹਵਾ ਏਕ. ਅਨੇਕ ਗੁਣ; ਤਰੇ ਨਾਨਕ ਚਰਣੀ ਪਾਇ॥) ਜਿਹਵਾ ਏਕ; ਕਵਨ ਗੁਨ ਕਹੀਐ॥ ਬੇਸੁਮਾਰ ਬੇਅੰਤ ਸੁਆਮੀ; ਤੇਰੋ ਅੰਤੁ. ਨ ਕਿਨਹੀ ਲਹੀਐ॥੧॥ਰਹਾਉ॥) ਸੰਗਤਿ ਕਾ ਗੁਨੁ ਬਹੁਤੁ ਅਧਿਕਾਈ; ਪੜਿ ਸੂਆ. ਗਨਕ ਉਧਾਰੇ॥) ਜਿਹਬਾ ਏਕ; ਉਸਤਤਿ ਅਨੇਕ॥ ਸਤਿ ਪੁਰਖ; ਪੂਰਨ ਬਿਬੇਕ॥) ਤੁਮਰੇ ਗੁਨ ਅਗਮ ਅਗੋਚਰ; ਏਕ ਜੀਹ. ਕਿਆ ਕਥੈ ਬਿਚਾਰੀ; ਰਾਮ ਰਾਮ. ਰਾਮ ਰਾਮ ਲਾਲ॥**

## ਹਾਂ ਕਿ ਬਲਿ ਬਲਿ; ਬਲਿ ਬਲਿ ਸਦ ਬਲਿਹਾਰਿ॥੨॥

**(ਹਾਂ)** ਨਿਸਚੇ ਕਰਕੇ **(ਕਿ)** ਜੋ ਐਸੇ ਪਰਮਪੂਜਨੀਕ ਸੱਚੇ ਕੰਤ ਸੱਚੇ ਭਗਵੰਤ ਸੱਚੇ ਪਾਰਬ੍ਰਹਮ ਬਿਅੰਤ ਸੱਚੇ ਖਸਮ, ਸੱਚੇ ਨਾਮ ਗੁਰਬਾਣੀ ਅਨੰਦ ਦੇ ਸੱਚੇ ਵੱਡੇ ਦਾਤੇ, ਨਿਰਵਿਕਾਰੀ, ਨਿਰਹੰਕਾਰੀ, ਧੀਰਜਧਾਰੀ, ਨਿਰੰਕਾਰੀ, ਪੀਰਨ ਕੇ ਪੀਰ, ਪੁਰਖ ਬਿਧਾਤੇ, ਸਮਰੱਥ ਸੁਆਮੀ, ਪਰਮਪੂਜਨੀਕ **ਪ੍ਰੀਤਮ ਪ੍ਰੇਮ ਭਗਤਿ ਕੇ ਦਾਤੇ॥** ਦਸ ਸਤਿਗੁਰੂ ਸਾਹਿਬਾਨ ਜੀ ਤੋਂ ਨਿਮਾਣਾ ਨਿਤਾਣਾ ਦਾਸਨਦਾਸ ਮਨ ਕਰਕੇ **(ਬਲਿ)** ਬਲਿਹਾਰ, ਤਨ ਕਰਕੇ **(ਬਲਿ)** ਬਲਿਹਾਰ, ਧਨ ਕਰਕੇ **(ਬਲਿ)** ਬਲਿਹਾਰ, ਰੋਮਿ ਰੋਮਿ ਕਰਕੇ **(ਬਲਿ)** ਬਲਿਹਾਰ, ਦਿਨ ਰਾਤ ਸੁਆਸ ਸੁਆਸ **(ਸਦ)** ਸਦਾ **ਬਲਿਹਾਰਿ** ਜਾਂਦਾ ਹੈਜੀ ਵਾਹਿਗੁਰੂਜੀ॥੨॥ ਯਥਾ:- **ਨਾਰਾਇਨ ਨਰਪਤਿ; ਨਮਸਕਾਰੈ॥ ਐਸੇ ਗੁਰ ਕਉ.ਬਲਿ ਬਲਿ ਜਾਈਐ; ਆਪਿ ਮੁਕਤੁ, ਮੋਹਿ ਤਾਰੈ॥) ਅਪੁਨੇ ਸਤਿਗੁਰ ਕੈ ਬਲਿਹਾਰੈ॥)**

## ਸਗਲ ਭਵਨ ਧਾਰੇ. ਏਕ ਥੇਂ ਕੀਏ ਬਿਸਥਾਰੇ;
## ਪੂਰਿ ਰਹਿਓ ਸ੍ਰਬ ਮਹਿ, ਆਪਿ ਹੈ ਨਿਰਾਰੇ॥

ਹੇ **ਪ੍ਰਗਟੁ ਸਗਲ ਹਰਿ ਭਵਨ ਮਹਿ; ਜਨੁ ਨਾਨਕੁ ਗੁਰ ਪਾਰਬ੍ਰਹਮ॥** ਪਰਮਪੂਜਨੀਕ ਪਰਮਪਵਿੱਤ੍ਰ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ ! ਆਪ ਜੀ ਨੇ **(ਸਗਲ)** ਸਾਰੇ **(ਭਵਨ)** ਬ੍ਰਹਮੰਡਾਂ ਦੀ ਰਚਨਾ ਆਪਣੇ ਨਿਰਗੁਨ ਸਰੂਪ ਦੇ **(ਧਾਰੇ)** ਆਸਰੇ ਟਿਕਾਏ ਹੋਏ ਹਨ ਜੀ। ਆਪ ਜੀ ਨੇ **(ਏਕ)** ਇੱਕ ਮਹਾਵਾਕ **(ਥੇਂ)** ਤੋਂ ਸਾਰੇ ਬ੍ਰਹਮੰਡਾਂ ਦਾ **(ਬਿਸਥਾਰੇ)** ਵਿਸਥਾਰ **(ਕੀਏ)** ਕੀਤੇ। ਯਥਾ:- **ਕੀਤਾ ਪਸਾਉ; ਏਕੋ ਕਵਾਉ॥ (ਸ੍ਰਬ)** ਸਾਰਿਆਂ ਘਟਾਂ **(ਮਹਿ)** 'ਚ **(ਪੂਰਿ)** ਪੂਰਨ **(ਰਹਿਓ)** ਹੁੰਦਿਆਂ, ਆਪਿ ਜੀ **(ਨਿਰਾਰੇ)** ਨਿਰਲੇਪ **(ਹੈ)** ਹੋਂ ਜੀ ਵਾਹਿਗੁਰੂਜੀ। ਯਥਾ:- **ਕੀਆ ਦਿਨਸੁ ਸਭ ਰਾਤੀ॥ ਵਣੁ ਤ੍ਰਿਣੁ ਤ੍ਰਿਭਵਣ ਪਾਣੀ॥ ਚਾਰਿ ਬੇਦ; ਚਾਰੇ ਖਾਣੀ॥ ਖੰਡ ਦੀਪ ਸਭਿ ਲੋਆ॥ ਏਕ ਕਵਾਵੈ ਤੇ; ਸਭਿ ਹੋਆ॥੧॥) ਜਲਿ ਥਲਿ ਮਹੀਅਲਿ ਪੂਰਿਆ; ਰਵਿਆ ਵਿਚਿ ਵਣਾ॥**

## ਅ-ਲਖ ਪੋਲਾ- ਹਰਿ ਗੁਨ. ਨਾਹੀ ਅੰਤ ਪਾਰੇ, ਜੀਅ ਜੰਤ ਸਭਿ ਥਾਰੇ;
## ਸਗਲ ਕੋ ਦਾਤਾ, ਏਕੈ ਅਲਖ ਮੁਰਾਰੇ॥

ਹੇ **(ਹਰਿ)** ਬਿਅੰਤ ਬ੍ਰਹਮੰਡਾਂ ਦੇ ਪ੍ਰੇਰਕ ਪ੍ਰਕਾਸ਼ਕ, ਪਾਪ ਬਿਨਾਸਕ, ਸਭ ਦੇ ਪ੍ਰਤਿਪਾਲਕ, ਸਭਨਾ ਦੇ ਮਾਲਕ, ਬਿਅੰਤ ਬ੍ਰਹਮੰਡਾਂ ਦੇ ਖਾਲਕ ਦਸ ਸਤਿਗੁਰੂ ਸਾਹਿਬਾਨ ਜੀ ! ਆਪ ਜੀ ਦੇ ਬਿਅੰਤ ਸ਼ੁਭ ਗੁਰਮੁਖਿ **(ਗੁਨ)** ਗੁਣਾਂ ਦਾ **ਅੰਤ (ਪਾਰੇ)** ਪਾਰਵਾਰ **(ਨਾਹੀ)** ਨਹੀਂ ਹੈ ਜੀ। **(ਸਭਿ)** ਸਾਰੇ **(ਜੀਅ)** ਜੀਆਂ **(ਜੰਤ)**

ਜੰਤਾਂ **(ਥਾਰੇ)** ਆਪ ਜੀ ਦੇ ਹਨ। **ਸਭਨਾ ਜੀਆ ਕਾ, ਇਕੁ ਦਾਤਾ;** ਅਨੁਸਾਰ **(ਸਗਲ)** ਸਾਰਿਆਂ **(ਕੋ)** ਨੂੰ ਬਿਅੰਤ ਦਾਤਾ ਬਖ਼ਸ਼ਣ ਵਾਲੇ ਹੋਂ ਜੀ। ਆਪ ਜੀ **(ਏਕੈ)** ਇੱਕ **(ਮੁਰਾਰੇ)** ਵਿਸ਼ੇਸ਼ ਕਰਕੇ ਹੰਕਾਰ ਨੂੰ ਕੱਟਣ ਵਾਲੇ ਤੇ ਬਿਅੰਤ ਕਲਾਵਾਨ ਮਿਹਰਵਾਨ ਪ੍ਰਕਾਸ਼ ਸਰੂਪ ਹਰ ਪ੍ਰਾਣੀ ਦੇ ਅੰਦਰ ਬਾਹਰ, ਹਰ ਸਮੇਂ ਅਜਪਾ ਜਾਪ ਕਰ ਕਰਾ ਰਹੇ, ਬਿਅੰਤ ਬ੍ਰਹਮੰਡ 'ਚ ਭਰਪੂਰ, ਸਭ ਦੀ ਪਾਲਣਾ ਰੱਖਿਆ ਬਾਰੇ, **(ਅ+ਲਖ)** **(ਅ)** ਵਿਸ਼ੇਸ਼ ਕਰਕੇ **(ਲਖ)** ਜਾਣਦੇ ਹੋਂ ਭਾਵ ਸਾਰਿਆਂ ਦੀ ਪਾਲਣਾ ਰੱਖਿਆ ਕਰਦੇ ਹੋਂ ਜੀ ਵਾਹਿਗੁਰੂਜੀ।

## ਆਪ ਹੀ ਧਾਰਨ ਧਾਰੇ, ਕੁਦਰਤਿ ਹੈ ਦੇਖਾਰੇ;
## ਬਰਨੁ ਚਿਹਨੁ ਨਾਹੀ, ਮੁਖ ਨ ਮਸਾਰੇ॥

ਹੇ ਵਾਹਿਗੁਰੂ **ਸਭ ਤੇ ਵਡਾ ਸਤਿਗੁਰੁ ਨਾਨਕੁ;** ਦਸ ਸਤਿਗੁਰੂ ਸਾਹਿਬਾਨ ਜੀ! ਆਪ ਜੀ **ਆਪ ਹੀ** ਸਾਰੀ ਰਚਨਾ ਨੂੰ ਅਪਨੇ ਵਿਸਮਾਦ ਚੇਤਨ ਸਤਾ ਦੇ **(ਧਾਰਨ)** ਆਸਰੇ **(ਧਾਰੇ)** ਧਾਰ ਰਹੇ ਹੋਂ ਜੀ। ਆਪ ਜੀ ਨੇ ਦਾਸਨਦਾਸ ਨੂੰ ਅਪਨੇ ਅਥਾਹ **(ਕੁਦਰਤਿ)** ਸ਼ਕਤੀ ਦੁਆਰਾ ਸਾਰੀ ਰਚਨਾ ਵਾਹਿਗੁਰੂ ਵਾਹਿਗੁਰੂ ਜਪਦੀ **(ਦੇਖਾਰੇ)** ਦਿਖਾ ਰਹੇ **(ਹੈ)** ਹੋਂ ਜੀ। ਜਿਵੇਂ ਆਪ ਜੀ ਨੇ ਬਗਦਾਦ ਦੇ ਦਸਤਗੀਰ ਪੀਰ ਦੇ ਬੇਠੇ ਨੂੰ ਇੱਕ ਅੱਖ ਨੇ ਫੁਰੰਕ'ਚ ਦਿਖਾਈ ਜੀ। ਆਪ ਜੀ ਦੇ ਅਖੰਡ ਪ੍ਰਕਾਸ਼ ਸਰੂਪ ਦਾ ਕੋਈ **(ਬਰਨੁ)** ਰੰਗ, ਜਾਤੀ, **(ਚਿਹਨੁ)** ਨਿਸ਼ਾਨ **(ਨਾਹੀ)** ਨਹੀਂ ਤੇ **(ਨ)** ਨਾਹੀਂ ਕੋਈ **ਮੁਖ** ਜਾਂ **(ਮਸਾਰੇ)** ਮਾਸ ਹੈ ਜੀ ਵਾਹਿਗੁਰੂਜੀ। ਯਥਾ:- **ਪੁਛੇ ਪੀਰ ਤਕਰਾਰ ਕਰਿ; ਏਹ ਫਕੀਰ ਵਡਾ ਅਤਾਈ॥ ਏਥੇ ਵਿਚਿ ਬਗਦਾਦ ਦੇ; ਵਡੀ ਕਰਾਮਾਤਿ ਦਿਖਲਾਈ॥ ਪਾਤਾਲਾ ਆਕਾਸ ਲਖ; ਓੜਕਿ ਭਾਲੀ ਖਬਰੁ ਸੁਣਾਈ॥ ਫੇਰਿ ਦੁਰਾਇਣ ਦਸਤਗੀਰ; ਅਸੀ ਭਿ ਵੇਖਾ ਜੋ ਤੁਹਿ ਪਾਈ॥ ਨਾਲਿ ਲੀਤਾ ਬੇਟਾ ਪੀਰ ਦਾ; ਅਖੀ ਮੀਟਿ ਗਇਆ ਹਾਵਾਈ॥ ਲਖ ਅਕਾਸ ਪਤਾਲ ਲਖ; ਅਖਿ ਫੁਰੰਕ ਵਿਚਿ ਸਭਿ ਦਿਖਲਾਈ॥ ਭਰਿ ਕਚਕੌਲ ਪ੍ਰਸਾਦਿ ਦਾ; ਧੁਰੋ ਪਤਾਲੋ ਲਈ ਕੜਾਹੀ॥ ਜਾਹਰ ਕਲਾ; ਨ ਛਪੈ ਛਪਾਈ॥੩੬॥** ਤਥਾ:- **ਛਪੈ ਛੰਦ॥ ਤ੍ਵਪ੍ਰਸਾਦਿ॥ ਚਕ੍ਰ ਚਿਹਨ ਅਰੁ ਬਰਨ ਜਾਤ; ਅਰੁ ਪਾਤ ਨਹਿਨ ਜਿਹ॥ ਰੂਪ ਰੰਗ ਅਰੁ ਰੇਖ ਭੇਖ; ਕੋਊ ਕਹਿ ਨ ਸਕਤਿ ਕਿਹ॥ ਅਚਲ ਮੂਰਤਿ ਅਨਭਉ ਪ੍ਰਕਾਸ; ਅਮਿਤੋਜਿ ਕਹਿਜੈ॥ ਕੋਟਿ ਇੰਦ੍ਰ ਇੰਦ੍ਰਾਣਿ; ਸਾਹ ਸਾਹਾਣਿ ਗਣਿਜੈ॥ ਤ੍ਰਿਭਵਣ ਮਹੀਪ ਸੁਰ ਨਰ ਅਸੁਰ; ਨੇਤ ਨੇਤ ਬਨ ਤ੍ਰਿਣ ਕਹਤ॥ ਤ੍ਵ ਸਰਬ ਨਾਮ ਕਥੈ ਕਵਨ; ਕਰਮ ਨਾਮ ਬਰਨਤ ਸੁਮਤਿ॥੧॥**

## ਜਨੁ ਨਾਨਕੁ. ਭਗਤੁ ਦਰਿ, ਤੁਲਿ ਬ੍ਰਹਮ ਸਮਸਰਿ;
## ਏਕ ਜੀਹ. ਕਿਆ ਬਖਾਨੈ॥

**(ਨਾਨਕੁ)** ਵਾਹਿਗੁਰੂ ਧੰਨ ਸਤਿਗੁਰੂ ਅਰਜਨਦੇਵ ਸਾਹਿਬ ਜੀ, ਗੁਰਤਾਗੱਦੀ ਬਿਰਾਜਮਾਨ ਵਾਹਿਗੁਰੂ ਸਤਿਗੁਰੂ ਗਿਰੰਥ ਸਾਹਿਬ ਜੀ ਸਨਮੁਖ ਪ੍ਰੇਮ ਬੇਨਤੀ ਸਹਿਤ ਫ਼ੁਰਮੌਂਦੇ ਹਨ ਜੀ:- ਹੇ ਸੱਤ ਸੰਤੋਖ ਦਇਆ ਧਰਮ ਖਿਮਾ ਆਦਿ ਬਿਅੰਤ ਸ਼ੁਭ ਗੁਰਮੁਖਾਂ ਦੇ ਪ੍ਰਕਾਸ਼ਕ ਸੱਚੇ ਬ੍ਰਹਮ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ! **(ਜਨੁ)** ਦਾਸਨਦਾਸ ਆਪ ਜੀ ਦੇ ਸਾਧਸੰਗਤ ਰੂਪੀ **ਦਰਿ** 'ਤੇ ਆਪ ਜੀ ਦੀ ਖਰੀ ਪ੍ਰੇਮਾ **(ਭਗਤੁ)** ਭਗਤੀ ਕਰਦਾ ਹੈ ਜੀ। ਆਪ ਜੀ **ਬ੍ਰਹਮ** ਪ੍ਰਭ ਸਮਰੱਥ ਵਾਹਿਗੁਰੂ ਜੀ ਦੇ **(ਤੁਲਿ)** ਸਮਾਨ **(ਸਮਸਰਿ)** ਬਰਾਬਰ ਹੋਂ ਜੀ। ਆਪ ਜੀ ਅਥਵਾ ਸੱਚੀ ਸਾਧਸੰਗਤ ਜੀ ਦੇ **(ਤੁਲਿ)** ਸਮਾਨ **(ਸਮਸਰਿ)** ਬਰਾਬਰ ਹੋਰ ਕੋਈ ਨਹੀਂ

ਹੈ ਜੀ। ਦਾਸਨਦਾਸ ਦੀ **(ਏਕ)** ਇੱਕ ਨਿਮਾਣੀ ਨਿਤਾਣੀ **(ਜੀਹ)** ਰਸਨਾ, ਜਬਾਨ **(ਕਿਆ)** ਕੀ ਉਪਮਾ **(ਬਖਾਨੈ)** ਕਥਨ ਕਰੇ? ਭਾਵ ਨਹੀਂ ਕਰ ਸਕਦੀ ਜੀ ਵਾਹਿਗੁਰੂਜੀ। ਯਥਾ:- **ਤੇਰਾ ਸਰੀਕੁ. ਕੋ ਨਾਹੀ; ਜਿਸ ਨੋ. ਲਵੈ ਲਾਇ ਸੁਣਾਇਆ॥ ਤੁਧੁ ਜੇਵਡੁ ਦਾਤਾ. ਤੂਹੈ ਨਿਰੰਜਨਾ; ਤੂਹੈ ਸਚੁ. ਮੇਰੈ ਮਨਿ ਭਾਇਆ॥) ਗੁਰ ਨਾਲਿ ਤੁਲਿ ਨ ਲਗਈ; ਖੋਜਿ ਡਿਠਾ ਬ੍ਰਹਮੰਡੁ॥ ਨਾਮੁ ਨਿਧਾਨੁ ਸਤਿਗੁਰਿ ਦੀਆ; ਸੁਖੁ ਨਾਨਕ. ਮਨ ਮਹਿ ਮੰਡੁ॥੪॥੨੦॥੯੦॥** ਤਥਾ:- **ਜਿਹਵਾ ਏਕ. ਅਨੇਕ ਗੁਣ; ਤਰੇ ਨਾਨਕ ਚਰਣੀ ਪਾਇ॥) ਜਿਹਵਾ ਏਕ; ਕਵਨ ਗੁਨ ਕਹੀਐ॥ ਬੇਸੁਮਾਰ ਬੇਅੰਤ ਸੁਆਮੀ; ਤੇਰੋ ਅੰਤੁ. ਨ ਕਿਨਹੀ ਲਹੀਐ॥੧॥ਰਹਾਉ॥) ਸੰਗਤਿ ਕਾ ਗੁਨੁ ਬਹੁਤੁ ਅਧਿਕਾਈ; ਪੜਿ ਸੂਆ. ਗਨਕ ਉਧਾਰੇ॥) ਜਿਹਬਾ ਏਕ; ਉਸਤਤਿ ਅਨੇਕ॥ ਸਤਿ ਪੁਰਖ; ਪੂਰਨ ਬਿਬੇਕ॥) ਤੁਮਰੇ ਗੁਨ ਅਗਮ ਅਗੋਚਰ; ਏਕ ਜੀਹ. ਕਿਆ ਕਥੈ ਬਿਚਾਰੀ; ਰਾਮ ਰਾਮ. ਰਾਮ ਰਾਮ ਲਾਲ॥**

## ਹਾਂ ਕਿ ਬਲਿ ਬਲਿ; ਬਲਿ ਬਲਿ ਸਦ ਬਲਿਹਾਰਿ॥੩॥

**(ਹਾਂ)** ਨਿਸਚੇ ਕਰਕੇ **(ਕਿ)** ਜੋ ਐਸੇ ਪਰਮਪੂਜਨੀਕ ਸੱਚੇ ਕੰਤ ਸੱਚੇ ਭਗਵੰਤ ਸੱਚੇ ਪਾਰਬ੍ਰਹਮ ਬਿਅੰਤ ਸੱਚੇ ਖਸਮ, ਸੱਚੇ ਨਾਮ ਗੁਰਬਾਣੀ ਅਨੰਦ ਦੇ ਸੱਚੇ ਵੱਡੇ ਦਾਤੇ, ਨਿਰਵਿਕਾਰੀ, ਨਿਰਹੰਕਾਰੀ, ਧੀਰਜਧਾਰੀ, ਨਿਰੰਕਾਰੀ, ਪੀਰਨ ਕੇ ਪੀਰ, ਪੁਰਖ ਬਿਧਾਤੇ, ਸਮਰੱਥ ਸੁਆਮੀ, ਪਰਮਪੂਜਨੀਕ **ਪ੍ਰੀਤਮ ਪ੍ਰੇਮ ਭਗਤਿ ਕੇ ਦਾਤੇ॥** ਦਸ ਸਤਿਗੁਰੂ ਸਾਹਿਬਾਨ ਜੀ ਤੋਂ ਨਿਮਾਣਾ ਨਿਤਾਣਾ ਦਾਸਨਦਾਸ ਮਨ ਕਰਕੇ **(ਬਲਿ)** ਬਲਿਹਾਰ, ਤਨ ਕਰਕੇ **(ਬਲਿ)** ਬਲਿਹਾਰ, ਧਨ ਕਰਕੇ **(ਬਲਿ)** ਬਲਿਹਾਰ, ਰੋਮਿ ਰੋਮਿ ਕਰਕੇ **(ਬਲਿ)** ਬਲਿਹਾਰ, ਦਿਨ ਰਾਤ ਸੁਆਸ ਸੁਆਸ **(ਸਦ)** ਸਦਾ **ਬਲਿਹਾਰਿ** ਜਾਂਦਾ ਹੈਜੀ ਵਾਹਿਗੁਰੂਜੀ॥**੩॥** ਯਥਾ:- **ਨਾਰਾਇਨ ਨਰਪਤਿ; ਨਮਸਕਾਰੈ॥ ਐਸੇ ਗੁਰ ਕਉ.ਬਲਿ ਬਲਿ ਜਾਈਐ; ਆਪਿ ਮੁਕਤੁ, ਮੋਹਿ ਤਾਰੈ॥) ਅਪੁਨੇ ਸਤਿਗੁਰ ਕੈ ਬਲਿਹਾਰੈ॥**

## ਗਿਆਨੰ, ਧਿਆਨੰ: ਬੋਲੋ- ਸਰਬ ਗੁਣ ਨਿਧਾਨੰ. ਕੀਮਤਿ ਨ, ਗ੍ਹਾਨੰ ਧ੍ਹਾਨੰ; ਊਚੇ ਤੇ ਊਚੌ ਜਾਨੀਜੈ, ਪ੍ਰਭ ਤੇਰੋ ਥਾਨੰ॥

ਹੇ **ਪ੍ਰਭੁ ਨਾਰਾਇਣੁ; ਗਰਬ ਪ੍ਰਹਾਰੀ॥** ਸ੍ਰੀਰੰਗੋ ਦਸ ਸਤਿਗੁਰੂ ਸਾਹਿਬਾਨ ਜੀ! ਆਪ ਜੀ ਸੱਤ ਸੰਤੋਖ ਦਇਆ ਧਰਮ ਖਿਮਾ ਆਦਿ ਬਿਅੰਤ ਆਦਿ **(ਸਰਬ)** ਸਾਰੇ ਸ਼ੁਭ ਗੁਰਮੁਖਿ **(ਗੁਣ)** ਗੁਣਾਂ ਦੇ **(ਨਿਧਾਨੰ)** ਖ਼ਜ਼ਾਨੇ ਹੋਂ ਜੀ। ਆਪ ਜੀ ਦੇ ਬ੍ਰਹਮ **(ਗ੍ਹਾਨੰ)** ਗਿਆਨ, ਪਰਮੇਸਰ ਵਾਹਿਗੁਰੂ ਜੀ ਦੇ ਸੁੰਦਰ ਮੂਰਤਿ ਅਥਵਾ ਗੁਰਬਾਣੀ ਜੀ ਦੇ ਲਗਾਂ ਅਖਰਾਂ ਅਰਥਾਂ ਦਾ ਮਹਾਂ ਵਿਸਮਾਦ **(ਧ੍ਹਾਨੰ)** ਧਿਆਨ ਦੀ **ਕੀਮਤਿ (ਨ)** ਨਹੀ ਪਾਈ ਜਾ ਸਕਦੀ ਜੀ। ਹੇ **(ਪ੍ਰਭ)** ਸਮਰੱਥ ਦਸ ਸਤਿਗੁਰੂ ਸਾਹਿਬਾਨ ਜੀ! **(ਤੇਰੋ)** ਆਪ ਜੀ ਦਾ ਸਾਧਸੰਗਤ ਅਥਵਾ ਨਿਰਗੁਨ ਪ੍ਰਕਾਸ਼ ਰੂਪੀ (ਥਾਨੰ) ਥਾਨ ਸਾਰੇ ਬ੍ਰਹਮੰਡਾਂ 'ਚ **(ਊਚੇ)** ਉੱਚਿਆਂ **(ਤੇ)** ਤੋਂ **(ਊਚੌ)** ਉੱਚੇ ਸੱਚ ਸੱਚਨ ਸੱਚ **(ਜਾਨੀਜੈ)** ਜਾਣਿਆ ਜਾਂਦਾ ਹੈ ਜੀ ਵਾਹਿਗੁਰੂਜੀ। ਯਥਾ:- **ਵਡਾ ਸਾਹਿਬੁ; ਊਚਾ ਥਾਉ॥ ਊਚੇ ਉਪਰਿ; ਊਚਾ ਨਾਉ॥) ਅਤਿ ਊਚਾ; ਤਾ ਕਾ ਦਰਬਾਰਾ॥ ਅੰਤੁ ਨਾਹੀ ਕਿਛੁ; ਪਾਰਾਵਾਰਾ॥ ਕੋਟਿ ਕੋਟਿ ਕੋਟਿ; ਲਖ ਧਾਵੈ॥ ਇਕੁ ਤਿਲੁ; ਤਾ ਕਾ. ਮਹਲੁ ਨ ਪਾਵੈ॥੧॥**

## ਮਨੁ ਧਨੁ ਤੇਰੋ ਪ੍ਰਾਨੰ, ਏਕੈ ਸੂਤਿ ਹੈ ਜਹਾਨੰ॥
## ਕਵਨ ਉਪਮਾ ਦੇਉ, ਬਡੇ ਤੇ ਬਡਾਨੰ॥

ਦਾਸਨਦਾਸ ਦਾ **ਮਨੁ**, **ਧਨੁ** (**ਪ੍ਰਾਨੰ**) ਪ੍ਰਾਨ ਸਭ ਕੁੱਝ (**ਤੇਰੋ**) ਆਪ ਜੀ ਦੇ ਹਨ, ਸਭ ਆਪ ਜੀ ਕ੍ਰਿਪਾ ਦੁਆਰਾ ਪ੍ਰਾਪਤ ਹੋਏ ਹਨ। ਆਪ ਜੀ ਨੇ ਸਾਰੀ (**ਜਹਾਨੰ**) ਰਚਨਾ, ਬਿਅੰਤ ਬ੍ਰਹਮੰਡ ਨੂੰ ਅਪਣੇ (**ਏਕੈ**) ਇੱਕ ਅਦ੍ਵੈਤ ਪ੍ਰਕਾਸ਼ ਹੀ ਪ੍ਰਕਸ਼ ਅਜਪਾ ਜਾਪ ਚੇਤਨ ਸਤਾ ਰੂਪੀ (**ਸੂਤਿ**) ਧਾਗੇ 'ਚ ਟਿਕਾਈ ਹੋਈ ਹੈ। ਦਾਸਨਦਾਸ (**ਕਵਨ**) ਕਿਹੜੀ **ਉਪਮਾ** (**ਦੇਉ**) ਦੇਵੇ ਭਾਵ ਕਹੇ? ਆਪ ਜੀ (**ਬਡੇ**) ਵੱਡਿਆਂ (**ਤੇ**) ਤੋਂ (**ਬਡਾਨੰ**) ਵੱਡੇ ਸਰਬ ਸ੍ਰੋਮਣੀ **ਬੇਸੁਮਾਰ ਅਥਾਹ ਅਗਨਤ ਅਤੋਲੈ॥** ਸਮਰੱਥ ਸੱਚੇ ਸੁੰਦਰ ਪਾਤਿਸਾਹ ਹੋਂ ਜੀ ਵਾਹਿਗੁਰੂਜੀ। ਯਥਾ:- **ਏਕੰਕਾਰੁ ਏਕੁ ਪਾਸਾਰਾ; ਏਕੈ ਅਪਰ ਅਪਾਰਾ॥ ਏਕੁ ਬਿਸਥੀਰਨੁ. ਏਕੁ ਸੰਪੂਰਨੁ; ਏਕੈ ਪ੍ਰਾਨ ਅਧਾਰਾ॥੩॥) ਸਗਲ ਸਮਗ੍ਰੀ; ਜਾ ਕੈ ਸੂਤਿ ਪਰੋਈ॥ ਘਟ ਘਟ ਅੰਤਰਿ; ਰਵਿਆ ਸੋਈ॥੨॥**

## ਅ-ਕਲ। ਕਲਾਂ- ਜਾਨੈ ਕਉਨੁ. ਤੇਰੋ ਭੇਉ, ਅਲਖ ਅਪਾਰ ਦੇਉ;
## ਅਕਲ ਕਲਾ ਹੈ ਪ੍ਰਭ. ਸਰਬ ਕੋ ਧਾਨੰ॥

ਹੇ (**ਅਲਖ**) (**ਅ+ਲਖ**) (**ਅ**) ਵਿਸ਼ੇਸ਼ ਸਭ ਨੂੰ (**ਲਖ**) ਜਾਨਣ ਵਾਲੇ, (**ਅਪਾਰ**) ਪਾਰਾਵਾਰ ਰਹਿਤ, (**ਦੇਉ**) ਪ੍ਰਕਾਸ਼ ਸਰੂਪ (**ਦੇਉ**) **ਸਤਿਗੁਰ ਨਾਨਕਦੇਉ ਗੁਰਾ ਗੁਰੁ ਹੋਇਆ॥** ਦਸ ਸਤਿਗੁਰੂ ਸਾਹਿਬਾਨ ਜੀ! (**ਤੇਰੋ**) ਆਪ ਜੀ ਦੇ ਮਹਾਂ ਵਿਸਮਾਦ ਅਲੌਕਿਕ (**ਭੇਉ**) ਭੇਦ ਨੂੰ **ਕਉਨੁ** (**ਜਾਨੈ**) ਜਾਣੇ ਜੀ? ਹੇ (**ਪ੍ਰਭ**) ਪਰਮਪੂਜਨੀਕ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ! ਆਪ ਜੀ (**ਅਕਲ**) ਕਲਪਣਾ ਰਹਿਤ, ਸਰਬ (**ਕਲਾ**) ਸ਼ਕਤੀਆਂ ਦੇ ਮਾਲਕ ਪ੍ਰਕਾਸ਼ਕ (**ਹੈ**) ਹੋਂ ਜੀ। **ਅੰਡਜ ਜੇਰਜ ਸੇਤਜ ਉਤਭੁਜ; ਬਹੁ ਪਰਕਾਰੀ ਪਾਲਕਾ॥੪॥** ਅਨੁਸਾਰ ਸਾਰੀਆਂ ਖਾਣੀਆਂ ਦੇ ਜੀਅ ਜੰਤਾਂ ਦੀ ਪ੍ਰਤਿਪਾਲਣਾ ਕਰਦਿਆਂ (**ਸਰਬ**) ਸਾਰਿਆਂ (**ਕੋ**) ਨੂੰ (**ਧਾਨੰ**) ਪਦਾਰਥ ਬਖ਼ਸ਼ਦੇ ਹੋਂ ਜੀ ਵਾਹਿਗੁਰੂਜੀ।ਯਥਾ:- **ਮੋਹਿ ਦਾਸਰੋ; ਠਾਕੁਰ ਕੋ॥ ਧਾਨੁ; ਪ੍ਰਭ ਕਾ ਖਾਨਾ॥੧॥ਰਹਾਉ॥**

## ਜਨੁ ਨਾਨਕੁ. ਭਗਤੁ ਦਰਿ, ਤੁਲਿ ਬ੍ਰਹਮ ਸਮਸਰਿ;
## ਏਕ ਜੀਹ ਕਿਆ ਬਖਾਨੈ॥

(**ਨਾਨਕੁ**) ਵਾਹਿਗੁਰੂ ਧੰਨ ਸਤਿਗੁਰੂ ਅਰਜਨਦੇਵ ਸਾਹਿਬ ਜੀ, ਗੁਰਤਾਗੱਦੀ ਬਿਰਾਜਮਾਨ ਵਾਹਿਗੁਰੂ ਸਤਿਗੁਰੂ ਗਿਰੰਥ ਸਾਹਿਬ ਜੀ ਸਨਮੁਖ ਪ੍ਰੇਮ ਬੇਨਤੀ ਸਹਿਤ ਫੁਰਮੌਂਦੇ ਹਨ ਜੀ:- ਹੇ ਸੱਤ ਸੰਤੋਖ ਦਇਆ ਧਰਮ ਖਿਮਾ ਆਦਿ ਬਿਅੰਤ ਸ਼ੁਭ ਗੁਰਮੁਖਾਂ ਦੇ ਪ੍ਰਕਾਸ਼ਕ ਸੱਚੇ ਬ੍ਰਹਮ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ! (**ਜਨੁ**) ਦਾਸਨਦਾਸ ਆਪ ਜੀ ਦੇ ਸਾਧਸੰਗਤ ਰੂਪੀ **ਦਰਿ** 'ਤੇ ਆਪ ਜੀ ਦੀ ਖਰੀ ਪ੍ਰੇਮਾ (**ਭਗਤੁ**) ਭਗਤੀ ਕਰਦਾ ਹੈ ਜੀ। ਆਪ ਜੀ ਬ੍ਰਹਮ ਪ੍ਰਭ ਸਮਰੱਥ ਵਾਹਿਗੁਰੂ ਜੀ ਦੇ (**ਤੁਲਿ**) ਸਮਾਨ (**ਸਮਸਰਿ**) ਬਰਾਬਰ ਹੋਂ ਜੀ। ਆਪ ਜੀ ਅਥਵਾ ਸੱਚੀ ਸਾਧਸੰਗਤ ਜੀ ਦੇ (**ਤੁਲਿ**) ਸਮਾਨ (**ਸਮਸਰਿ**) ਬਰਾਬਰ ਹੋਰ ਕੋਈ ਨਹੀਂ ਹੈ ਜੀ ਵਾਹਿਗੁਰੂਜੀ।

ਦਾਸਨਦਾਸ ਦੀ **(ਏਕ)** ਇੱਕ ਨਿਮਾਣੀ ਨਿਤਾਣੀ **(ਜੀਹ)** ਰਸਨਾ, ਜਬਾਨ **(ਕਿਆ)** ਕੀ ਉਪਮਾ **(ਬਖਾਨੈ)** ਕਥਨ ਕਰੇ? ਭਾਵ ਨਹੀਂ ਕਰ ਸਕਦੀ ਜੀ ਵਾਹਿਗੁਰੂਜੀ। ਯਥਾ:- **ਤੇਰਾ ਸਰੀਕੁ. ਕੋ ਨਾਹੀ; ਜਿਸ ਨੋ. ਲਵੈ ਲਾਇ ਸੁਣਾਇਆ॥ ਤੁਧੁ ਜੇਵਡੁ ਦਾਤਾ. ਤੂਹੈ ਨਿਰੰਜਨਾ; ਤੂਹੈ ਸਚੁ. ਮੇਰੈ ਮਨਿ ਭਾਇਆ॥) ਗੁਰ ਨਾਲਿ ਤੁਲਿ ਨ ਲਗਈ; ਖੋਜਿ ਡਿਠਾ ਬ੍ਰਹਮੰਡੁ॥ ਨਾਮੁ ਨਿਧਾਨੁ ਸਤਿਗੁਰਿ ਦੀਆ; ਸੁਖੁ ਨਾਨਕ. ਮਨ ਮਹਿ ਮੰਡੁ॥੪॥੨੦॥੯੦॥** ਤਥਾ:- **ਜਿਹਵਾ ਏਕ. ਅਨੇਕ ਗੁਣ; ਤਰੇ ਨਾਨਕ ਚਰਣੀ ਪਾਇ॥) ਜਿਹਵਾ ਏਕ; ਕਵਨ ਗੁਨ ਕਹੀਐ॥ ਬੇਸੁਮਾਰ ਬੇਅੰਤ ਸੁਆਮੀ; ਤੇਰੋ ਅੰਤੁ. ਨ ਕਿਨਹੀ ਲਹੀਐ॥੧॥ਰਹਾਉ॥) ਸੰਗਤਿ ਕਾ ਗੁਨੁ ਬਹੁਤੁ ਅਧਿਕਾਈ; ਪੜਿ ਸੂਆ. ਗਨਕ ਉਧਾਰੇ॥) ਜਿਹਬਾ ਏਕ; ਉਸਤਤਿ ਅਨੇਕ॥ ਸਤਿ ਪੁਰਖ; ਪੂਰਨ ਬਿਬੇਕ॥) ਤੁਮਰੇ ਗੁਨ ਅਗਮ ਅਗੋਚਰ; ਏਕ ਜੀਹ. ਕਿਆ ਕਥੈ ਬਿਚਾਰੀ; ਰਾਮ ਰਾਮ. ਰਾਮ ਰਾਮ ਲਾਲ॥**

## ਹਾਂ ਕਿ ਬਲਿ ਬਲਿ; ਬਲਿ ਬਲਿ ਸਦ ਬਲਿਹਾਰਿ॥੪॥

**(ਹਾਂ)** ਨਿਸਚੇ ਕਰਕੇ **(ਕਿ)** ਜੋ ਐਸੇ ਪਰਮਪੂਜਨੀਕ ਸੱਚੇ ਕੰਤ ਸੱਚੇ ਭਗਵੰਤ ਸੱਚੇ ਪਾਰਬ੍ਰਹਮ ਬਿਅੰਤ ਸੱਚੇ ਖਸਮ, ਸੱਚੇ ਨਾਮ ਗੁਰਬਾਣੀ ਅਨੰਦ ਦੇ ਸੱਚੇ ਵੱਡੇ ਦਾਤੇ, ਨਿਰਵਿਕਾਰੀ, ਨਿਰਹੰਕਾਰੀ, ਧੀਰਜਧਾਰੀ, ਨਿਰੰਕਾਰੀ, ਪੀਰਨ ਕੇ ਪੀਰ, ਪੁਰਖ ਬਿਧਾਤੇ, ਸਮਰੱਥ ਸੁਆਮੀ, ਪਰਮਪੂਜਨੀਕ **ਪ੍ਰੀਤਮ ਪ੍ਰੇਮ ਭਗਤਿ ਕੇ ਦਾਤੇ॥** ਦਸ ਸਤਿਗੁਰੂ ਸਾਹਿਬਾਨ ਜੀ ਤੋਂ ਨਿਮਾਣਾ ਨਿਤਾਣਾ ਦਾਸਨਦਾਸ ਮਨ ਕਰਕੇ **(ਬਲਿ)** ਬਲਿਹਾਰ, ਤਨ ਕਰਕੇ **(ਬਲਿ)** ਬਲਿਹਾਰ, ਧਨ ਕਰਕੇ **(ਬਲਿ)** ਬਲਿਹਾਰ, ਰੋਮਿ ਰੋਮਿ ਕਰਕੇ **(ਬਲਿ)** ਬਲਿਹਾਰ, ਦਿਨ ਰਾਤ ਸੁਆਸ ਸੁਆਸ **(ਸਦ)** ਸਦਾ **ਬਲਿਹਾਰਿ** ਜਾਂਦਾ ਹੈ॥੪॥ ਯਥਾ:- **ਨਾਰਾਇਨ ਨਰਪਤਿ; ਨਮਸਕਾਰੈ॥ ਐਸੇ ਗੁਰ ਕਉ.ਬਲਿ ਬਲਿ ਜਾਈਐ; ਆਪਿ ਮੁਕਤੁ, ਮੋਹਿ ਤਾਰੈ॥) ਅਪੁਨੇ ਸਤਿਗੁਰ ਕੈ ਬਲਿਹਾਰੈ॥**

## ਨਿਰੰਕਾਰੁ ਆਕਾਰ; ਅਛਲ ਪੂਰਨ ਅਬਿਨਾਸੀ॥

ਅਤਿ ਸੁੰਦਰ ਮਨਮੋਹਨ ਪਿਆਰੇ; ਪਰਮਪੂਜਨੀਕ ਸਦ ਬਖ਼ਸ਼ਿੰਦ, ਪਾਰਬ੍ਰਹਮ ਗੋਬਿੰਦ ਵਾਹਿਗੁਰੂ ਸਤਿਗੁਰੂ ਗਿਰੰਥ ਸਾਹਿਬ ਜੀ ਫ਼ੁਰਮੌਂਦੇ ਹਨ ਜੀ:- ਹੇ **(ਅਛਲ)** ਛਲ ਰਹਿਤ, **(ਪੂਰਨ)** ਸਰਬ ਵਿਆਪੀ **(ਅਬਿਨਾਸੀ)** ਨਾਸ ਰਹਿਤ, ਕ੍ਰਿਪਾ ਨਿਧਾਨ, ਸੱਚੇ ਮਿਹਰਵਾਨ, ਸੱਚੇ ਪਾਰਬ੍ਰਹਮ ਭਗਵਾਨ ਸਰਬ ਵਿਆਪੀ ਦਸ ਸਤਿਗੁਰੂ ਸਾਹਿਬਾਨ ਜੀ! ਆਪ ਜੀ **(ਨਿਰੰਕਾਰੁ)** ਅਕਾਰਾਂ ਰਹਿਤ ਨਿਰਗੁਨ ਸਰੂਪ ਹੋਂ ਜੀ ਅਤੇ **(ਆਕਾਰ)** ਅਕਾਰ ਸਹਿਤ ਸਰਗੁਨ ਹੋਂ ਜੀ ਵਾਹਿਗੁਰੂਜੀ। ਯਥਾ:- **ਸਾਧਿਓ ਜੋ ਨ ਜਾਇ. ਸੋ ਅਸਾਧਿ ਕੈ ਕੈ ਸਾਧ ਕਰਿ; ਛਲਿਓ ਜੋ ਨ ਜਾਇ. ਸੋ ਅਛਲ ਕੈ ਪ੍ਰਮਾਨੀਐ॥) ਸਲੋਕੁ॥ ਨਿਰੰਕਾਰ ਆਕਾਰ ਆਪਿ; ਨਿਰਗੁਨ ਸਰਗੁਨ ਏਕ॥ ਏਕਹਿ ਏਕ ਬਖਾਨਨੋ; ਨਾਨਕ. ਏਕ ਅਨੇਕ॥੧॥**

## ਹਰਖਵੰਤ ਆਨੰਤ ਰੂਪ; ਨਿਰਮਲ ਬਿਗਾਸੀ॥

ਸਦਾ ਹੀ **(ਹਰਖਵੰਤ)** ਅਨੰਦਿਤ ਖ਼ੁਸ਼ ਰਹਿਣ ਵਾਲੇ **(ਆਨੰਤ)** ਅੰਤ ਤੋਂ ਰਹਿਤ ਬਿਅੰਤ ਬਿਅੰਤ ਬਿਅੰਤ **ਨਿਰਮਲ (ਬਿਗਾਸੀ)** ਖਿੜਾਵਟ **(ਰੂਪ)** ਸਰੂਪ ਹੋਂ ਜੀ ਵਾਹਿਗੁਰੂਜੀ। ਯਥਾ:- **ਬਿਅੰਤ ਬਿਅੰਤ ਬਿਅੰਤ ਕੋ; ਕਰੰਤ ਪਾਠ ਪੇਖੀਐ॥੧੯॥੧੭੯॥**

## ਗੁਣ ਗਾਵਹਿ ਬੇਅੰਤ; ਅੰਤੁ. ਇਕੁ ਤਿਲੁ ਨਹੀ ਪਾਸੀ॥

**ਬੇਅੰਤ** ਨਿਸ਼ਕਪਟ ਭਗਤ ਮਹਾਪੁਰਖ ਗੁਰਬਾਣੀ ਜੀ ਦੁਆਰਾ ਆਪ ਜੀ ਦੇ **ਗੁਣ (ਗਾਵਹਿ)** ਗੌਂਦੇ ਹਨ ਜੀ। **ਇਕੁ ਤਿਲੁ** ਮਾਤ੍ਰ ਭੀ ਆਪ ਜੀ ਦਾ **ਅੰਤੁ ਨਹੀ (ਪਾਸੀ)** ਪਾ ਸਕਦੇ ਜੀ ਵਾਹਿਗੁਰੂਜੀ। ਯਥਾ:- **ਅਸੰਖ ਭਗਤ; ਗੁਣ ਗਿਆਨ ਵੀਚਾਰ॥**

ਹੁਣ ਬਿਅੰਤ ਬ੍ਰਹਮੰਡਾਂ 'ਚ ਬਿਅੰਤ ਸੂਰਜ ਚੜ੍ਹੇ ਹੋਏ ਹਨ, ਪਰਮਪੂਜਨੀਕ **ਸਰਬ ਕਲਾ ਭਰਪੂਰ ਪ੍ਰਭ; ਬਿਰਥਾ ਜਾਨਨਹਾਰ॥** ਅਜਪਾ ਜਾਪ ਨਿਰਗੁਨ ਬ੍ਰਹਮ ਜੀ, ਆਪਣੇ 'ਚੋਂ ਪ੍ਰਗਟ ਕੀਤੇ, ਇਨ੍ਹਾਂ ਬਿਅੰਤ ਸੂਰਜਾਂ ਸਮੇਤ, ਆਪਣੇ ਸਰਗੁਨ ਅਵਤਾਰ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ ਨੂੰ ਸਦਾ ਲਈ ਜਪ ਰਹੇ ਹਨ ਜੀ। ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਦਸ ਸਤਿਗੁਰੂ ਸਾਹਿਬਾਨ ਮਹਾਰਾਜ ਜੀ ਧੰਨ ਹਨ। ਨਿਰਗੁਨ ਬ੍ਰਹਮ ਜੀ ਆਪਣੇ 'ਚੋਂ ਪ੍ਰਗਟ ਕੀਤੇ, ਬਿਅੰਤ ਬ੍ਰਹਮੰਡਾਂ ਸਮੇਤ ਹੁਣ ਜਪ ਰਹੇ ਹਨ, ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਦਸ ਸਤਿਗੁਰੂ ਸਾਹਿਬਾਨ ਜੀ ਮਹਾਰਾਜ ਜੀ ਧੰਨ ਹਨ। ਯਥਾ:- **ਨਿਰਮਲ ਨਿਰਮਲ, ਸੂਚਾ ਸੂਚੋ; ਸੂਚਾ ਸੂਚੋ ਸੂਚਾ॥ ਅੰਤ ਨ ਅੰਤਾ, ਸਦਾ ਬੇਅੰਤਾ; ਕਹੁ ਨਾਨਕ. ਊਚੋ ਊਚਾ॥੪॥੧॥੯੭॥**

## ਜਾ ਕਉ ਹੋਹਿ ਕ੍ਰਿਪਾਲ; ਸੁ ਜਨੁ. ਪ੍ਰਭ ਤੁਮਹਿ ਮਿਲਾਸੀ॥

ਹੇ **ਸੁੰਦਰੁ ਸੁਘਰੁ ਸੁਜਾਣੁ ਪ੍ਰਭੁ ਮੇਰਾ; (ਪ੍ਰਭ)** ਦਸ ਸਤਿਗੁਰੂ ਸਾਹਿਬਾਨ ਜੀ! **(ਜਾ)** ਜਿਸ **(ਕਉ)** 'ਤੇ ਆਪ ਜੀ **ਕ੍ਰਿਪਾਲ (ਹੋਹਿ)** ਹੁੰਦੇ ਹੋਂ ਜੀ। **(ਸੁ)** ਉਹ ਹਰੀ **ਜਨੁ** ਪਿਆਰਾ **(ਤੁਮਹਿ)** ਆਪ ਜੀ ਨੂੰ **(ਮਿਲਾਸੀ)** ਮਿਲਦਾ ਹੈ ਜੀ ਵਾਹਿਗੁਰੂਜੀ।

## ਧੰਨਿ ਧੰਨਿ ਤੇ ਧੰਨਿ ਜਨ; ਜਿਹ ਕ੍ਰਿਪਾਲੁ ਹਰਿ ਹਰਿ ਭਯਉ॥

**(ਜਿਹ)** ਜਿਸ 'ਤੇ **(ਹਰਿ)** ਸਮੂਹ ਪਾਪਾਂ ਨੂੰ ਨਾਸ ਕਰਨ ਵਾਲੇ, ਸੱਤ ਸੰਤੋਖ ਦਇਆ ਧਰਮ ਖਿਮਾ ਆਦਿ ਬਿਅੰਤ ਸ਼ੁਭ ਗੁਰਮੁਖਾਂ ਦੇ ਪ੍ਰਕਾਸ਼ਕ **(ਹਰਿ)** ਦਸ ਸਤਿਗੁਰੂ ਸਾਹਿਬਾਨ ਮਹਾਂ ਵਿਸਮਾਦ ਸਰਬ ਵਿਆਪੀ **ਕ੍ਰਿਪਾਲੁ (ਭਯਉ)** ਹੋਏ ਹਨ ਜੀ। **(ਤੇ)** ਉਹ **(ਜਨ)** ਗੁਰਮੁਖਿ ਪਿਆਰਾ **ਧੰਨਿ ਧੰਨਿ ਧੰਨਿ** ਹੈ ਜੀ ਵਾਹਿਗੁਰੂਜੀ। ਯਥਾ:- **ਧੰਨੁ ਧੰਨੁ; ਧੰਨੁ ਜਨੁ ਆਇਆ॥**

## ਹਰਿ ਗੁਰੁ ਨਾਨਕੁ. ਜਿਨ ਪਰਸਿਅਉ; ਸਿ ਜਨਮ ਮਰਣ ਦੁਹ. ਥੇ ਰਹਿਓ॥੫॥

ਹੇ **(ਹਰਿ)** ਸਭਨਾਂ ਨੂੰ ਹਰਾ ਭਰਾ ਕਰਨ ਵਾਲੇ, **(ਗੁਰੁ)** ਵੱਡੇ, ਪਰਮਪੂਜਨੀਕ, **(ਗੁਰੁ)** ਪ੍ਰਕਾਸ਼ ਹੀ ਪ੍ਰਕਾਸ਼ ਸਰੂਪ **(ਨਾਨਕੁ) ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ;** ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ! **(ਜਿਨ)** ਜਿਨ੍ਹਾਂ ਗੁਰਮੁਖਾਂ ਨੇ ਆਪ ਜੀ ਦੇ ਮਿੱਠੇ ਸੁੰਦਰ ਚਰਨਕਮਲ **(ਪਰਸਿਅਉ)** ਪਰਸੇ ਹਨ। **(ਸਿ)** ਉਹ **ਜਨਮ ਮਰਣ (ਦੁਹ)** ਦੋਹਾਂ **(ਥੇ)** ਤੋਂ **(ਰਹਿਓ)** ਰਹਿ ਗਏ ਭਾਵ ਵਾਹਿਗੁਰੂ ਜੀ ਦੇ ਅਖੰਡ ਜੋਤਿ 'ਚ ਲੀਣਤਾ ਪ੍ਰਾਪਤ ਕਰਕੇ ਚੌਰਾਸੀ ਲੱਖ ਜੂਨਾਂ ਤੋਂ ਮੁਕਤ ਹੋ ਗਏ ਜੀ ਵਾਹਿਗੁਰੂਜੀ॥੫॥ ਯਥਾ:- **ਜੋਤਿ ਮਿਲੀ ਸੰਗਿ ਜੋਤਿ; ਰਹਿਆ ਘਾਲਦਾ॥ ਸੂਖ ਸਹਜ ਆਨੰਦ; ਵੁਠੇ ਤਿਤੁ ਘਰਿ॥ ਆਵਣ ਜਾਣ ਰਹੇ; ਜਨਮੁ ਨ ਤਹਾ ਮਰਿ॥ ਸਾਹਿਬੁ ਸੇਵਕੁ ਇਕੁ; ਇਕੁ ਦ੍ਰਿਸਟਾਇਆ॥ ਗੁਰ ਪ੍ਰਸਾਦਿ ਨਾਨਕ; ਸਚਿ ਸਮਾਇਆ॥੨੧॥੧॥੨॥ਸੁਧੁ**

## ਸਤਿ ਸਤਿ, ਹਰਿ ਸਤਿ; ਸਤਿ ਸਤੇ, ਸਤਿ ਭਣੀਐ॥

ਹੇ **(ਹਰਿ)** ਵਾਹਿਗੁਰੂ ਸ੍ਰੀਰੰਗੋ ਦਸ ਸਤਿਗੁਰੂ ਸਾਹਿਬਾਨ ਜੀ! ਆਪ ਜੀ ਭੂਤ ਕਾਲ 'ਚ **(ਸਤਿ)** ਸੱਚੇ, ਵਰਤਮਾਨ 'ਚ **(ਸਤਿ)** ਸੱਚੇ, ਭਵਿਖਤ ਕਾਲ 'ਚ **(ਸਤਿ)** ਸੱਚੇ ਹੋਂ ਜੀ। ਆਪ ਜੀ **(ਸਤਿ)** ਸੱਚਿਆਂ ਤੋਂ **(ਸਤੇ)** ਸੱਚੇ, **(ਸਤਿ)** ਅਬਿਨਾਸੀ ਸੱਤ ਚਿਤ ਅਨੰਦ ਸੁੰਦਰ ਸਰੂਪ ਪਾਰਬ੍ਰਹਮ ਕੇ ਗੁਰ ਅਵਤਾਰ **(ਭਣੀਐ)** ਕਹੀਦੇ ਹੋਂ ਜੀ ਵਾਹਿਗੁਰੂਜੀ। ਯਥਾ:- **ਆਦਿ ਸਚੁ; ਜੁਗਾਦਿ ਸਚੁ॥ ਹੈ ਭੀ ਸਚੁ; ਨਾਨਕ. ਹੋਸੀ ਭੀ ਸਚੁ॥੧॥) ਤੂੰ ਸਤਿ ਪਰਮੇਸਰੁ ਸਦਾ ਅਬਿਨਾਸੀ; ਹਰਿ ਹਰਿ ਗੁਣੀ ਨਿਧਾਨੁ ਜੀਉ॥**

## ਦੂਸਰ ਆਨ. ਨ ਅਵਰੁ; ਪੁਰਖੁ ਪਊਰਾਤਨੁ ਸੁਣੀਐ॥

ਆਪ ਜੀ ਦੇ **(ਆਨ)** ਬਰਾਬਰ **(ਅਵਰੁ)** ਹੋਰ **(ਦੂਸਰ)** ਦੂਜਾ ਕੋਈ **(ਨ)** ਨਹੀਂ ਹੈ ਜੀ। ਆਪ ਜੀ **(ਪੁਰਖੁ)** ਪੂਰਨ ਅਕਾਲਪੁਰਖੁ ਸਰੂਪ ਹੋਂ ਜੀ, ਇਹ ਸੁਭ ਵੀਚਾਰ **(ਪਊਰਾਤਨੁ)** ਆਦਿ ਕਾਲ ਤੋਂ **(ਸੁਣੀਐ)** ਸੁਣੀਦੀ ਹੈ ਜੀ ਵਾਹਿਗੁਰੂਜੀ। ਯਥਾ:- **ਸਚੁ ਪੁਰਾਣਾ. ਨਾ ਥੀਐ; ਨਾਮੁ. ਨ ਮੈਲਾ ਹੋਇ॥**

## ਅੰਮ੍ਰਿਤੁ ਹਰਿ ਕੋ ਨਾਮੁ ਲੈਤ; ਮਨਿ ਸਭ ਸੁਖ ਪਾਏ॥

ਆਪ ਜੀ ਦਾ ਬਖ਼ਸ਼ਿਆ **ਅੰਮ੍ਰਿਤੁ (ਹਰਿ)** ਵਾਹਿਗੁਰੂ **ਨਾਮੁ (ਕੋ)** ਨੂੰ **(ਲੈਤ)** ਲੈਦਿਆਂ, **ਮਨਿ** 'ਚ **(ਸਭ)** ਸਾਰੇ **ਸੁਖ (ਪਾਏ)** ਪਾ ਲਏ ਹਨ ਜੀ ਵਾਹਿਗੁਰੂਜੀ। ਗੱਜ ਕੇ ਰੋਮਿ ਰੋਮਿ ਦੇ ਨਾਲ ਆਖੋ ਧੰਨ ਵਾਹਿਗੁਰੂ, ਧੰਨ ਵਾਹਿਗੁਰੂ, ਵਾਹਿਗੁਰੂ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ ਧੰਨ ਵਾਹਿਗੁਰੂ ਜੀ ਧੰਨ ਹਨ!

## ਜੇਹ ਰਸਨ ਚਾਖਿਓ; ਤੇਹ ਜਨ ਤ੍ਰਿਪਤਿ ਅਘਾਏ॥

**(ਜੇਹ)** ਜਿਸ ਗੁਰਸੇਵਕ ਨੇ **(ਰਸਨ)** ਰਸਨਾ ਕਰਕੇ ਆਪ ਜੀ ਦਾ ਬਖ਼ਸ਼ਿਆਂ ਵਿਸਮਾਦ ਅੰਮ੍ਰਿਤ ਬ੍ਰਹਮਾਨੰਦ ਰਸ **(ਚਾਖਿਓ)** ਚਖਿਆ ਹੈ ਜੀ। **(ਤੇਹ)** ਉਹ **(ਜਨ)** ਪਿਆਰਾ ਗੁਰਮੁਖਿ ਗੁਰਸੇਵਕ ਲੋਕ ਪਰਲੋਕ ਦੇ ਮਾਇਕੀ ਪਦਾਰਥਾਂ ਵੱਲੋਂ **ਤ੍ਰਿਪਤਿ**, ਮਨ ਬਾਣੀ ਸ੍ਰੀਰ ਕਰਕੇ ਸਦਾ ਲਈ ਨਾਮ ਅੰਮ੍ਰਿਤ ਰਸ ਨਾਲ **(ਅਘਾਏ)** ਰੱਜ ਗਿਆ ਜੀ ਵਾਹਿਗੁਰੂਜੀ। ਯਥਾ:- **ਤ੍ਰਿਪਤਿ ਆਘਾਏ ਸੰਤਾ॥) ਜਿਨਿ ਹਰਿ ਰਸੁ ਪਾਇਆ; ਸੋ ਤ੍ਰਿਪਤਿ ਅਘਾਨਾ॥**

## ਜਿਹ ਠਾਕੁਰੁ. ਸੁਪ੍ਰਸੰਨੁ ਭਯੋ; ਸਤਸੰਗਤਿ ਤਿਹ ਪਿਆਰੁ॥

ਹੇ **(ਠਾਕੁਰੁ)** ਪਰਮਪੂਜਨੀਕ ਸੱਚੇ ਨਾਮ ਗੁਰਬਾਣੀ ਜੀ ਦੇ ਸੱਚੇ ਦਾਤੇ, ਬਿਅੰਤ ਬ੍ਰਹਮੰਡਾਂ ਦੇ ਰਚਣਹਾਰ, ਪਰਵਦਗਾਰ, ਉਧਾਰਨਹਾਰ ਮਾਲਕ ਦਸ ਸਤਿਗੁਰੂ ਸਾਹਿਬਾਨ ਜੀ! (ਜਿਹ) ਜਿਸ 'ਤੇ ਆਪ ਜੀ **(ਸੁਪ੍ਰਸੰਨੁ)** ਭਲੀ ਪ੍ਰਕਾਰ ਪ੍ਰਸੰਨ **(ਭਯੋ)** ਹੋਏ ਹੋਂ ਜੀ। **(ਤਿਹ)** ਤਿਸ ਦਾ **ਪਿਆਰੁ ਸਤਸੰਗਤਿ** ਜੀ ਦੇ ਨਾਲ ਹੈ ਅਤੇ **ਸਤਸੰਗਤਿ** ਜੀ ਦਾ **ਪਿਆਰੁ (ਤਿਹ)** ਤਿਸ ਨਾਲ ਹੈ ਜੀ ਵਾਹਿਗੁਰੂਜੀ।

## ਹਰਿ ਗੁਰੁ ਨਾਨਕੁ. ਜਿਨ੍ ਪਰਸਿਓ; ਤਿਨ੍ ਸਭ ਕੁਲ ਕੀਓ ਉਧਾਰੁ॥੬॥

**(ਜਿਨ੍)** ਜਿਨ੍ਹਾਂ ਪਿਆਰੇ ਗੁਰਸੇਵਕਾਂ ਨੇ **(ਹਰਿ)** ਸੱਤ ਸੰਤੋਖ ਦਇਆ ਧਰਮ ਖਿਮਾ ਆਦਿ ਬਿਅੰਤ

ਸ਼ੁਭ ਗੁਰਮੁਖਾਂ ਦੇ ਪ੍ਰਕਾਸ਼ਕ **(ਗੁਰ)** ਪ੍ਰਕਾਸ਼ ਸਰੂਪ ਸਤਿਗੁਰੂ **ਨਾਨਕੁ** ਦੇਵ ਸਾਹਿਬ ਜੀ, ਦਸ ਸਤਿਗੁਰੂ ਸਾਹਿਬਾਨ ਜੀ ਦੇ ਸੱਚੇ ਮਿੱਠੇ ਰਿਦੇ 'ਚੋਂ ਮੂੰਹ 'ਚ ਅੰਮ੍ਰਿਤ, ਅਜਪਾ ਜਾਪ ਅਨਹਦ ਨਾਦ ਬਖ਼ਸ਼ਣ ਵਾਲੇ, ਵਿਕਾਰ ਔਗੁਣ ਮੇਟਣ ਵਾਲੇ ਅਬਿਨਾਸੀ ਮਿੱਠੇ ਚਰਨਕਮਲਾਂ **(ਪਰਸਿਓ)** ਪਰਸੇ ਜੀ। **(ਤਿਨ੍)** ਤਿਨ੍ਹਾਂ ਨੇ ਆਪਨੇ **(ਸਭ)** ਸਾਰੇ **(ਕੁਲ)** ਕੁਲਾਂ ਦਾ **ਉਧਾਰੁ (ਕੀਓ)** ਕਰ ਲਿਆ ਜੀ ਵਾਹਿਗੁਰੂਜੀ। ਯਥਾ:- **ਬਿਨਵੰਤਿ ਨਾਨਕੁ. ਗੁਰ ਚਰਣ ਲਾਗੇ; ਵਾਜੇ ਅਨਹਦ ਤੂਰੇ॥੪੦॥੧॥**

ਸਭਾ: ਪੋਲਾ ਬੋਲੋ- **ਸਚੁ ਸਭਾ. ਦੀਬਾਣੁ ਸਚੁ; ਸਚੇ ਪਹਿ ਧਰਿਓ॥**

ਹੇ ਪਰਮਪੂਜਨੀਕ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ! ਆਪ ਜੀ ਦੀ **(ਸਭਾ)** ਸਤਿਸੰਗਤ **(ਸਚੁ)** ਸੱਚੀ ਸੱਚੀ ਸੱਚੀ ਹੈ ਜੀ। ਆਪ ਜੀ ਦਾ ਸਾਧਸੰਗਤ **(ਦੀਬਾਣੁ)** ਦਰਬਾਰ ਭੀ **(ਸਚੁ)** ਸੱਚਾ ਸੱਚਾ ਸੱਚਾ ਹੈ। ਦਾਸਨਦਾਸ ਨੇ ਤਨ ਮਨ ਧਨ ਆਪ ਜੀ ਦੇ ਸਚੇ ਚਰਨਕਮਲਾਂ **(ਪਹਿ)** ਪਾਸ **(ਧਰਿਓ)** ਧਰੇ ਭਾਵ ਭੇਟਾ ਕੀਤੇ ਜੀ ਵਾਹਿਗੁਰੂਜੀ। ਯਥਾ:- **ਹਉ ਵਾਰੀ ਜੀਉ ਵਾਰੀ; ਸਤਿਗੁਰ ਕੈ ਬਲਿਹਾਰਣਿਆ॥**

**ਸਚੈ ਤਖਤਿ ਨਿਵਾਸੁ; ਸਚੁ ਤਪਾਵਸੁ ਕਰਿਓ॥**

ਆਪ ਜੀ **(ਸਚੈ)** ਸੱਚੇ ਖੰਡ ਬ੍ਰਹਮੰਡ ਦੇ ਅਬਿਨਾਸੀ ਅਚੱਲ **ਤਖਤਿ** 'ਤੇ **ਨਿਵਾਸੁ** ਕਰਦਿਆਂ ਸਦਾ **(ਸਚੁ)** ਸੱਚਾ **(ਤਪਾਵਸੁ)** ਨਿਆਉ, ਇਨਸਾਫ਼ **(ਕਰਿਓ)** ਕਰਦੇ ਹੋਂ ਜੀ ਵਾਹਿਗੁਰੂਜੀ। ਯਥਾ:- **ਸਚੁ ਹੁਕਮੁ ਤੁਮਾਰਾ; ਤਖਤਿ ਨਿਵਾਸੀ॥) ਸਚੈ ਤਖਤਿ ਸਚ ਮਹਲੀ ਬੈਠੇ; ਨਿਰਭਉ ਤਾੜੀ ਲਾਈ॥੮॥**

ਸਿਰਜ੍ਹਿਓ: ਸਿਰਜਿਅਉ। ਆਭੁੱਲੁ। ਭੁੱਲਉ-

**ਸਚਿ ਸਿਰਜ੍ਹਿਉ ਸੰਸਾਰੁ; ਆਪਿ ਆਭੁਲੁ ਨ ਭੁਲਉ॥**

ਆਪ ਜੀ ਨੇ ਆਪਨੇ **(ਸਚਿ)** ਸੱਚੇ ਨਿਰਗੁਨ ਸਰੂਪ 'ਚੋਂ **(ਸੰਸਾਰੁ)** ਬਿਅੰਤ ਬ੍ਰਹਮੰਡ ਦਾ ਪਸਾਰਾ **(ਸਿਰਜ੍ਹਿਉ)** ਰਚਿਆ ਹੈ ਜੀ। **ਆਪਿ** ਜੀ ਸਦਾ **(ਆਭੁਲੁ)** ਭੁੱਲਣ ਰਹਿਤ, ਕਦੇ ਭੀ **(ਭੁਲਉ)** ਭੁੱਲਦੇ **(ਨ)** ਨਹੀਂ ਹੋਂ ਜੀ ਵਾਹਿਗੁਰੂਜੀ। ਯਥਾ:- **ਭੁਲਣ ਅੰਦਰਿ ਸਭੁ ਕੋ; ਅਭੁਲੁ ਗੁਰੂ ਕਰਤਾਰੁ॥) ਭੁਲਣ ਵਿਚਿ ਕੀਆ ਸਭੁ ਕੋਈ; ਕਰਤਾ ਆਪਿ. ਨ ਭੁਲੈ॥) ਹਰਿ ਸੁਜਾਣੁ. ਨ ਭੁਲਈ ਮੇਰੇ ਗੋਵਿੰਦਾ; ਆਪੇ ਸਤਿਗੁਰੁ ਜੋਗੀ ਜੀਉ॥੧॥**

ਅ-ਮੁੱਲਉ- **ਰਤਨ ਨਾਮੁ ਅਪਾਰੁ; ਕੀਮ ਨਹੁ ਪਵੈ ਅਮੁਲਉ॥**

ਨਿਰੰਕਾਰ ਸਰੂਪ **ਨਾਮੁ** ਗੁਰਬਾਣੀ ਜੀ **(ਅਪਾਰੁ)** ਪਾਰਾਵਾਰ ਰਹਿਤ ਅਮੋਲਕ ਰਤਨ ਹਨ। ਜਿਨ੍ਹਾਂ **(ਅਮੁਲਉ)** ਮੁਲ ਰਹਿਤ ਅਮੋਲਕ ਨਾਮ ਗੁਰਬਾਣੀ ਜੀ ਦੀ ਕੋਈ **(ਕੀਮ)** ਕੀਮਤ **(ਨਹੁ)** ਨਹੀਂ **(ਪਵੈ)** ਪੈਂਦੀ ਜੀ ਵਾਹਿਗੁਰੂਜੀ। ਯਥਾ:- **ਰਤਨਾ ਰਤਨ ਪਦਾਰਥ; ਬਹੁ ਸਾਗਰੁ ਭਰਿਆ. ਰਾਮ॥ ਬਾਣੀ ਗੁਰਬਾਣੀ ਲਾਗੇ. ਤਿਨ੍ ਹਥਿ ਚੜਿਆ. ਰਾਮ॥ ਗੁਰਬਾਣੀ ਲਾਗੇ. ਤਿਨ੍ ਹਥਿ ਚੜਿਆ; ਨਿਰਮੋਲਕੁ ਰਤਨੁ ਅਪਾਰਾ॥ ਹਰਿ ਹਰਿ ਨਾਮੁ ਅਤੋਲਕੁ ਪਾਇਆ; ਤੇਰੀ ਭਗਤਿ, ਭਰੇ ਭੰਡਾਰਾ॥ ਸਮੁੰਦੁ ਵਿਰੋਲਿ. ਸਰੀਰੁ ਹਮ ਦੇਖਿਆ; ਇਕ ਵਸਤੁ ਅਨੂਪ ਦਿਖਾਈ॥ ਗੁਰ ਗੋਵਿੰਦੁ. ਗੁੋਵਿੰਦੁ ਗੁਰੂ ਹੈ; ਨਾਨਕ. ਭੇਦੁ ਨ ਭਾਈ॥੪॥੧॥੮॥) ਡਖਣਾ॥ ਸਾਈ ਨਾਮੁ**

**ਅਮੋਲੁ; ਕੀਮ. ਨ ਕੋਈ ਜਾਣਦੋ॥ ਜਿਨਾ ਭਾਗ ਮਥਾਹਿ; ਸੇ ਨਾਨਕ. ਹਰਿ ਰੰਗੁ ਮਾਣਦੋ॥੧॥) ਹਰਿ ਹਰਿ ਨਾਮੁ ਅਪਾਰ ਅਮੋਲੀ॥**

ਹੋਯਉ: ਯ ਤਾਲੂ ਤੋਂ ਬੋਲੋ- **ਜਿਹ ਕ੍ਰਿਪਾਲੁ ਹੋਯਉ ਗੋੁਬਿੰਦੁ; ਸਰਬ ਸੁਖ ਤਿਨਹੂ ਪਾਏ॥**

**(ਗੋੁਬਿੰਦੁ)** ਸੱਚੇ ਕੰਤ ਸੱਚੇ ਭਗਵੰਤ ਸੱਚੇ ਪਾਰਬ੍ਰਹਮ ਸੱਚੇ ਬਿਅੰਤ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ! **(ਜਿਹ)** ਜਿਨ੍ਹਾਂ 'ਤੇ ਆਪ ਜੀ ਮਹਾਂ ਵਿਸਮਾਦ **ਕ੍ਰਿਪਾਲੁ (ਹੋਯਉ)** ਹੋਏ ਹਨ। **(ਤਿਨਹੂ)** ਤਿਨ੍ਹਾਂ ਨੇ **(ਸਰਬ)** ਸਾਰੇ **ਸੁਖ ਪਾਏ** ਹਨ ਜੀ ਵਾਹਿਗੁਰੂਜੀ। ਯਥਾ:- **ਸਰਬ ਸੂਖ ਹਰਿ ਨਾਮਿ ਵਡਾਈ॥ ਗੁਰਪ੍ਰਸਾਦਿ ਨਾਨਕ ਮਤਿ ਪਾਈ॥੨॥੧॥੭॥**

## ਹਰਿ ਗੁਰੁ ਨਾਨਕੁ. ਜਿਨ੍ ਪਰਸਿਓ; ਤੇ ਬਹੁੜਿ ਫਿਰਿ ਜੋਨਿ. ਨ ਆਏ॥੭॥

**(ਜਿਨ੍)** ਜਿਨ੍ਹਾਂ ਪਿਆਰੇ ਗੁਰਸੇਵਕਾਂ ਨੇ **(ਹਰਿ)** ਸੱਤ ਸੰਤੋਖ ਦਇਆ ਧਰਮ ਖਿਮਾ ਆਦਿ ਬਿਅੰਤ ਸ਼ੁਭ ਗੁਰਮੁਖਾਂ ਦੇ ਪ੍ਰਕਾਸ਼ਕ **(ਗੁਰੁ)** ਪ੍ਰਕਾਸ਼ ਸਰੂਪ ਸਤਿਗੁਰੂ **ਨਾਨਕੁ** ਦੇਵ ਸਾਹਿਬ ਜੀ ਦਸ ਸਤਿਗੁਰੂ ਸਾਹਿਬਾਨ ਜੀ ਦੇ ਸੱਚੇ ਮਿੱਠੇ ਰਿਦੇ 'ਚੋਂ ਮੂੰਹ 'ਚ ਅੰਮ੍ਰਿਤ, ਅਜਪਾ ਜਾਪ ਅਨਹਦ ਨਾਦ ਬਖ਼ਸ਼ਣ ਵਾਲੇ, ਵਿਕਾਰ ਔਗੁਣ ਮੇਟਣ ਵਾਲੇ ਅਬਿਨਾਸੀ ਮਿੱਠੇ ਚਰਨਕਮਲਾਂ **(ਪਰਸਿਓ)** ਪਰਸੇ ਜੀ। **(ਤੇ)** ਉਹ ਗੁਰਮੁਖਿ **(ਬਹੁੜਿ)** ਮੁੜ **(ਫਿਰਿ)** ਮੁੜ ਕੇ **(ਜੋਨਿ)** ਜੂਨਾਂ 'ਚ **(ਨ)** ਨਹੀਂ **(ਆਏ)** ਔਂਦੇ ਜੀ ਵਾਹਿਗੁਰੂਜੀ॥੭॥

ਗ੍ਯਾਨੁ ਧ੍ਯਾਨੁ: ਗਿਆਨੁ ਧਿਆਨੁ। ਉਸ੍ਤੁਤਿ: ਪੋਲਾ ਬੋਲੋ-

## ਕਵਨ ਜੋਗੁ. ਕਉਨੁ ਗ੍ਯਾਨੁ ਧ੍ਯਾਨੁ; ਕਵਨ ਬਿਧਿ ਉਸ੍ਤੁਤਿ ਕਰੀਐ॥

ਹੇ ਪਰਮਪੂਜਨੀਕ ਸਦ ਬਖ਼ਸ਼ਿੰਦ, ਪਾਰਬ੍ਰਹਮ ਗੋਬਿੰਦ ਦਸ ਸਤਿਗੁਰੂ ਸਾਹਿਬਾਨ ਜੀ! **(ਕਵਨ)** ਕਿਹੜਾ **ਜੋਗੁ** ਹੈ ਜਿਸ ਦੁਆਰਾ ਆਪ ਜੀ ਦੇ ਚਰਨਕਮਲਾ ਨਾਲ ਜੁੜੀਏ? **(ਕਉਨੁ)** ਕਿਹੜਾ **(ਗ੍ਯਾਨੁ)** ਗਿਆਨ ਹੈ? ਜਿਸ ਦੁਆਰਾ ਨਿਰਗੁਨ ਸਰਗੁਨ ਦੀ ਏਕਤਾ ਅਥਵਾ ਅੰਮ੍ਰਿਤ ਗੁਰਸਬਦ ਦਾ ਗਿਆਨ ਹੋਵੇ? ਕਿਹੜਾ **(ਧ੍ਯਾਨੁ)** ਧਿਆਨ ਹੈ? ਜਿਸ ਨਾਲ ਆਪ ਜੀ ਦੇ ਅਪਾਰ ਕੌਤਕਾਂ ਅਥਵਾ ਗੁਰਬਾਣੀ ਜੀ ਦੇ ਲਗਾਂ ਅੱਖਰਾਂ ਅਰਥਾਂ ਦਾ ਧਿਆਨ ਹੋਵੇ? **(ਕਵਨ)** ਕਿਸ **(ਬਿਧਿ)** ਬਿਧੀ ਦੁਆਰਾ ਆਪ ਜੀ ਦੀ ਸੱਚੀ ਨਿਰਮਲ **ਉਸ੍ਤੁਤਿ ਕਰੀਐ** ਜੀ ਵਾਹਿਗੁਰੂਜੀ?

## ਸਿਧ ਸਾਧਿਕ, ਤੇਤੀਸ ਕੋਰਿ; ਤਿਰੁ ਕੀਮ, ਨ ਪਰੀਐ॥

ਰਿੱਧੀਆਂ ਸਿੱਧੀਆਂ ਨੂੰ **(ਸਾਧਿਕ)** ਪ੍ਰਾਪਤ ਕਰਨ ਵਾਲੇ ਚੌਰਾਸੀ **ਸਿਧ**, **(ਤੇਤੀਸ)** ਤੇਤੀ **(ਕੋਰਿ)** ਕ੍ਰੋੜ ਦੇਵਤੇ, ਆਪ ਜੀ ਦੀ **(ਕੀਮ)** ਕੀਮਤ **(ਤਿਰੁ)** ਤਿਲ ਜਿਤਨੀ **(ਨ)** ਨਹੀਂ **(ਪਰੀਐ)** ਪਾ ਸਕੇ ਜੀ ਵਾਹਿਗੁਰੂਜੀ। ਯਥਾ:- **ਬਡੇ ਬਡੇ ਮੁਨਿ ਦੇਵਤੇ; ਕਈ ਜੁਗ ਤਿਨੀ ਤਨੁ ਤਾਇਆ॥ ਕਿਨੀ ਤੇਰਾ. ਅੰਤੁ ਨ ਪਾਇਆ॥**

## ਬ੍ਰਹਮਾਦਿਕ ਸਨਕਾਦਿ ਸੇਖ; ਗੁਣ ਅੰਤੁ. ਨ ਪਾਏ॥

**(ਬ੍ਰਹਮਾਦਿਕ)** ਬ੍ਰਹਮਾ ਆਦਿਕ ਦੇਵਤੇ, **(ਸਨਕਾਦਿ)** ਸਨਕ, ਸਨੰਦਨ, ਸਨਾਤਨ, ਸਨਤਕੁਮਾਰ ਆਦਿ, **ਸੇਖ**, ਆਪ ਜੀ ਦੇ ਸੱਚੇ **(ਗੁਣ)** ਗੁਣਾਂ ਦਾ **ਅੰਤੁ** **(ਨ)** ਨਹੀਂ **(ਪਾਏ)** ਪਾ ਸਕੇ ਜੀ ਵਾਹਿਗੁਰੂਜੀ। ਯਥਾ:- **ਊਠਉ ਬੈਸਉ. ਰਹਿ ਭਿ, ਨ ਸਾਕਉ; ਦਰਸਨੁ ਖੋਜਿ ਖੋਜਾਵਉ॥ ਬ੍ਰਹਮਾਦਿਕ ਸਨਕਾਦਿਕ. ਸਨਕ ਸਨੰਦਨ, ਸਨਾਤਨ ਸਨਤਕੁਮਾਰ; ਤਿਨ੍ ਕਉ. ਮਹਲੁ ਦੁਲਭਾਵਉ॥੨॥ ਅਗਮ ਅਗਮ ਆਗਾਧਿ ਬੋਧ; ਕੀਮਤਿ ਪਰੈ ਨ ਪਾਵਉ॥ ਤਾਕੀ ਸਰਣਿ. ਸਤਿ ਪੁਰਖ ਕੀ; ਸਤਿਗੁਰੁ ਪੁਰਖੁ ਧਿਆਵਉ॥੩॥**

## ਅ-ਗਹੁ- ਅਗਹੁ. ਗਹਿਓ, ਨਹੀ ਜਾਇ; ਪੂਰਿ ਸ੍ਰਬ ਰਹਿਓ ਸਮਾਏ॥

ਆਪ ਜੀ **(ਸ੍ਰਬ)** ਸਾਰਿਆਂ 'ਚ **(ਪੂਰਿ)** ਪੂਰਨ ਹੋ **(ਰਹਿਓ)** ਰਹੇ, ਸਰਬ ਥਾਵਾਂ 'ਚ ਸਮਾਏ ਹੋਏ **(ਅਗਹੁ)** ਪਕੜ ਤੋਂ ਰਹਿਤ ਸੁਤੰਤ੍ਰ, ਜ਼ੋਰ ਜਤਨ ਨਾਲ **(ਗਹਿਓ)** ਗ੍ਰਿਹਣ **ਨਹੀ** ਕੀਤੇ **(ਜਾਇ)** ਜਾ ਸਕਦੇ ਜੀ ਵਾਹਿਗੁਰੂਜੀ। ਯਥਾ:- **ਤੁਮ ਪੂਰਨ. ਪੂਰਿ ਰਹੇ ਸੰਪੂਰਨ; ਹਮ ਭੀ ਸੰਗਿ ਅਘਾਏ॥**

ਦ-ਯਾਲ: ਦ ਮੁਕਤਾ, ਯਾ ਸਵਾਰ ਕੇ ਤਾਲੂ ਤੋਂ ਬੋਲੋ। ਸੇ-ਇ-

## ਜਿਹ ਕਾਟੀ ਸਿਲਕ, ਦਯਾਲ ਪ੍ਰਭਿ; ਸੇਇ ਜਨ ਲਗੇ ਭਗਤੇ॥

ਹੇ **ਮਿਹਰਵਾਨੁ; ਸਾਹਿਬੁ ਮਿਹਰਵਾਨੁ॥ ਸਾਹਿਬੁ ਮੇਰਾ ਮਿਹਰਵਾਨੁ॥** **(ਦਯਾਲ)** ਦਇਆ ਦੇ ਘਰ **(ਪ੍ਰਭਿ)** ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ **(ਜਿਹ)** ਜਿਨ੍ਹਾਂ ਦੇ ਗਲ਼ੋਂ **(ਸਿਲਕ)** ਮਾਇਆ ਦੀ ਫ਼ਾਹੀ **(ਕਾਟੀ)** ਕੱਟ ਦਿਤੀ ਜੀ। **(ਸੇਇ)** ਉਹ ਹੀ **(ਜਨ)** ਪਿਆਰੇ ਗੁਰਸੇਵਕ **(ਭਗਤੇ)** ਪ੍ਰੇਮਾ ਭਗਤੀ 'ਚ ਲਗੇ ਹਨ ਜੀ ਵਾਹਿਗੁਰੂਜੀ।

## ਹਰਿ ਗੁਰੁ ਨਾਨਕੁ. ਜਿਨ੍ ਪਰਸਿਓ; ਤੇ ਇਤ ਉਤ ਸਦਾ ਮੁਕਤੇ॥੮॥

ਹੇ **(ਹਰਿ)** ਸੱਤ ਸੰਤੋਖ ਦਇਆ ਧਰਮ ਖਿਮਾ ਆਦਿ ਬਿਅੰਤ ਸ਼ੁਭ ਗੁਰਮੁਖਾਂ ਦੇ ਪ੍ਰਕਾਸ਼ਕ **(ਗੁਰੁ)** ਪ੍ਰਕਾਸ਼ ਸਰੂਪ ਸਤਿਗੁਰੂ **ਨਾਨਕੁ** ਦੇਵ ਸਾਹਿਬ ਜੀ, ਦਸ ਸਤਿਗੁਰੂ ਸਾਹਿਬਾਨ ਜੀ! **(ਜਿਨ੍)** ਜਿਨ੍ਹਾਂ ਨੇ ਆਪ ਜੀ ਦੇ ਅਬਿਨਾਸੀ ਮਿੱਠੇ ਸੁੰਦਰ ਚਰਨਕਮਲ **(ਪਰਸਿਓ)** ਪਰਸੇ ਹਨ ਜੀ ਰਾਮਜੀ। **(ਤੇ)** ਉਹ **(ਇਤ)** ਇਸ ਲੋਕ ਅਤੇ **(ਉਤ)** ਪਰਲੋਕ 'ਚ **ਸਦਾ** **(ਮੁਕਤੇ)** ਮੁਕਤ, ਨਿਰਗੁਨ ਪ੍ਰਕਾਸ਼ ਸਰੂਪ ਵਾਹਿਗੁਰੂ ਜੀ 'ਚ ਲੀਣ, ਜੀਵਨ ਮੁਕਤੀ ਦਾ ਅਨੰਦ ਮਾਣਦੇ ਹਨ ਜੀ ਵਾਹਿਗੁਰੂਜੀ॥੮॥

ਪਰ੍ਯਿਉ: ਪਰਿਅਉ- ਪ੍ਰਭ ਦਾਤਉ ਦਾਤਾਰ; ਪਰ੍ਯਿਉ ਜਾਚਕੁ. ਇਕੁ ਸਰਨਾ॥

ਗੁਰਤਾਗੱਦੀ ਬਿਰਾਜਮਾਨ ਵਾਹਿਗੁਰੂ ਸਤਿਗੁਰੂ ਗਿਰੰਥ ਸਾਹਿਬ ਜੀ ਘਣੀ ਹੀ ਨਿਮ੍ਰਤਾ ਨਾਲ, ਜਾਚਿਕ ਬਣ ਕੇ, ਸੱਚੇ ਅਬਿਨਾਸੀ ਵਾਹਿਗੁਰੂ ਜੀ ਤੋਂ ਸੰਤ ਰੇਣ ਮੰਗਦੇ ਹਨ ਜੀ। ਹੇ **(ਪ੍ਰਭ)** ਸਮਰੱਥ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀਉ! ਆਪ ਜੀ ਬਿਅੰਤ **(ਦਾਤਾਰ)** ਦਾਤਾਂ ਦੇਣ ਵਾਲੇ **(ਦਾਤਉ)** ਦਾਤੇ ਹੋਂ ਜੀ। ਯਥਾ:- **ਤੈਥੋ ਹੀ. ਬਲੁ ਰਾਮੁ ਲੈ; ਨਾਲ ਬਾਣਾ ਦਹਸਿਰੁ ਘਾਇਆ॥ ਤੈਥੋ ਹੀ. ਬਲੁ ਕ੍ਰਿਸਨ ਲੈ; ਕੰਸੁ ਕੇਸੀ ਪਕੜਿ ਗਿਰਾਇਆ॥** ਦਾਸਨਦਾਸ **(ਜਾਚਕੁ)** ਮੰਗਤਾ, ਸੰਗਤਾਂ ਸਮੇਤ **ਇਕੁ**

ਆਪ ਜੀ ਦੇ ਸੁੰਦਰ ਪਿਆਰੇ ਚਰਨਾਂ ਦੀ **ਸਰਨਾ (ਪਰ੍ਹਿਉ)** ਪਿਆ ਹੈ ਜੀ ਵਾਹਿਗੁਰੂਜੀ। ਯਥਾ:- **ਸਰਨਿ ਪਰੇ ਕੀ; ਰਾਖੁ ਦਇਆਲਾ॥ ਨਾਨਕ; ਤੁਮਰੇ ਬਾਲ ਗੁਪਾਲਾ॥੪੮॥) ਸਰਨਿ ਨਾਥ ਤੋਰੀਯੰ॥ ਉਬਾਰ ਲਾਜ ਮੋਰੀਯੰ॥੪੮॥) ਹਮ ਨਿਰਗੁਨੀਆਰ; ਨੀਚ ਅਜਾਨ॥ ਨਾਨਕ; ਤੁਮਰੀ ਸਰਨਿ ਪੁਰਖ ਭਗਵਾਨ॥੭॥) ਫਿਰਤ ਫਿਰਤ ਪ੍ਰਭ ਆਇਆ; ਪਰਿਆ ਤਉ ਸਰਨਾਇ॥ ਨਾਨਕ. ਕੀ ਪ੍ਰਭ ਬੇਨਤੀ; ਅਪਨੀ ਭਗਤੀ ਲਾਇ॥੧॥) ਸਰਣਿ ਪਰੇ ਕੀ ਰਾਖਤਾ; ਨਾਹੀ ਸਹਸਾਇਆ॥) ਸਰਨੀ ਆਇਓ. ਨਾਥ ਨਿਧਾਨ॥ ਨਾਮ ਪ੍ਰੀਤਿ ਲਾਗੀ. ਮਨ ਭੀਤਰਿ; ਮਾਗਨ ਕਉ ਹਰਿ ਦਾਨ॥੧॥ਰਹਾਉ॥) ਸਲੋਕੁ॥ ਦੀਨ ਦਰਦ ਦੁਖ ਭੰਜਨਾ; ਘਟਿ ਘਟਿ ਨਾਥ ਅਨਾਥ॥ ਸਰਣਿ ਤੁਮ੍ਾਰੀ ਆਇਓ; ਨਾਨਕ ਕੇ ਪ੍ਰਭ ਸਾਥ॥੧॥**

## ਮਿਲੈ ਦਾਨੁ ਸੰਤ ਰੇਨ; ਜੇਹ ਲਗਿ ਭਉਜਲੁ ਤਰਨਾ॥

ਹੇ **ਤੂ ਠਾਕੁਰੁ. ਤੂ ਸਾਹਿਬੋ; ਤੂਹੈ ਮੇਰਾ ਮੀਰਾ॥** ਸੱਚੇ ਨਾਮ ਗੁਰਬਾਣੀ ਦੇ ਦਾਤੇ, ਸੱਚੇ ਪੁਰਖੁ ਬਿਧਾਤੇ, ਸੱਚੇ ਨਿਰੰਕਾਰ, ਸੱਚੇ ਸਿਰਜਨਹਾਰ ਦਸ ਸਤਿਗੁਰੂ ਸਾਹਿਬਾਨ ਜੀ! ਦਾਸਨਦਾਸ 'ਤੇ ਮਹਾਂ ਵਿਸਮਾਦ ਕ੍ਰਿਪਾ ਕਰੋ ਜੀ, ਜੋ ਦਾਸਨਦਾਸ ਨੂੰ ਆਪ ਜੀ ਦੇ ਨਾਮ ਰਸੀਏ ਗੁਰਮੁਖਿ **(ਸੰਤ)** ਸੰਤਾਂ ਦੀ **(ਰੇਨ)** ਧੂੜੀ ਦਾ **ਦਾਨੁ (ਮਿਲੈ)** ਮਿਲੇ ਜੀ। **(ਜੇਹ)** ਜਿਸ ਪਰਮਪਵਿੱਤ੍ਰ ਧੂੜੀ ਦੇ ਮੱਥੇ **(ਲਗਿ)** ਲੱਗਣੇ ਕਰਕੇ ਸੰਸਾਰ **(ਭਉਜਲੁ)** ਸਮੁੰਦ੍ਰ ਤੋਂ **ਤਰਨਾ** ਹੋਵੇ ਜੀ ਵਾਹਿਗੁਰੂਜੀ।

## ਬਿਨਤਿ ਕਰਉ ਅਰਦਾਸਿ; ਸੁਨਹੁ. ਜੇ ਠਾਕੁਰ ਭਾਵੈ॥

ਹੇ **(ਠਾਕੁਰ) ਠਾਕੁਰੁ ਮੇਰਾ; ਸੁਘੜੁ ਸੁਜਾਨਾ॥** ਬਿਅੰਤ ਬ੍ਰਹਮੰਡਾਂ ਦੇ ਪ੍ਰੇਰਕ ਪ੍ਰਕਾਸ਼ਕ, ਪਾਪ ਬਿਨਾਸਕ, ਸਭ ਦੇ ਪ੍ਰਤਿਪਾਲਕ, ਸਭਨਾ ਦੇ ਮਾਲਕ, ਬਿਅੰਤ ਬ੍ਰਹਮੰਡਾਂ ਦੇ ਖਾਲਕ ਦਸ ਸਤਿਗੁਰੂ ਸਾਹਿਬਾਨ ਜੀ! **ਠਾਢ ਭਯੋ ਮੈ ਜੋਰਿ ਕਰਿ; ਬਚਨ ਕਹਾ ਸਿਰ ਨਿਜਾਇ॥** ਅਨੁਸਾਰ ਦਾਸਨਦਾਸ ਗਲ਼ 'ਚ ਪੱਲਾ ਪਾ ਸਿਰ ਝੁਕਾ ਕੇ, ਦੋਵੇਂ ਹੱਥ ਜੋੜ ਕੇ ਨਿਮ੍ਰਤਾ ਸਹਿਤ ਪ੍ਰੇਮ **(ਬਿਨਤਿ)** ਬੇਨਤੀ, ਅਰਦਾਸਿ **(ਕਰਉ)** ਕਰਦਾ ਹੈ ਜੀ। **ਸੁਨਹੁ ਜੇ** ਆਪ ਜੀ ਨੂੰ **(ਭਾਵੈ)** ਭੌਂਦਾ ਹੈ ਜੀ ਵਾਹਿਗੁਰੂਜੀ।

## ਦੇਹੁ ਦਰਸੁ. ਮਨਿ ਚਾਉ; ਭਗਤਿ ਇਹੁ ਮਨੁ ਠਹਰਾਵੈ॥

ਦਾਸਨਦਾਸ ਦੇ **ਮਨਿ** 'ਚ ਆਪ ਜੀ ਦੇ ਸੁੰਦਰ ਮਨਮੋਹਨ ਦਰਸ਼ਨ ਕਰਨ ਦਾ ਬਹੁਤ **(ਚਾਉ)** ਚਾਹ ਉਤਸ਼ਾਹ ਤਾਂਘ ਹੈ ਜੀ। ਦਾਸਨਦਾਸ ਨੂੰ ਕ੍ਰਿਪਾ ਕਰਕੇ ਆਪਨੇ **(ਦਰਸੁ)** ਦਰਸ਼ਨ **(ਦੇਹੁ)** ਬਖ਼ਸ਼ੋ ਜੀ। ਅਤੇ ਆਪ ਜੀ ਦੀ ਪ੍ਰੇਮਾ **(ਭਗਤਿ)** ਭਗਤੀ ਕਰਕੇ **ਇਹੁ** ਚੰਚਲ **ਮਨੁ** ਨਿਰਗੁਨ ਬ੍ਰਹਮ ਜੀ ਦੇ ਸਰੂਪ 'ਚ **(ਠਹਰਾਵੈ)** ਟਿਕਣਾ ਕਰੇ ਜੀ ਵਾਹਿਗੁਰੂਜੀ। ਯਥਾ:- **ਸਲੋਕ॥ ਦਰਸਨ ਪਿਆਸੀ. ਦਿਨਸੁ ਰਾਤਿ; ਚਿਤਵਉ ਅਨਦਿਨੁ ਨੀਤ॥ ਖੋਲ੍ਹਿ ਕਪਟ. ਗੁਰਿ ਮੇਲੀਆ; ਨਾਨਕ ਹਰਿ ਸੰਗਿ ਮੀਤ॥੧॥) ਕਰ ਕਾਸਾ; ਦਰਸਨ ਕੀ ਭੂਖ॥ ਮੈ ਦਰਿ ਮਾਗਉ; ਨੀਤਾ ਨੀਤ॥੧॥**

## ਬਲਿਓ ਚਰਾਗੁ ਅੰਧ੍ਯਾਰ ਮਹਿ; ਸਭ ਕਲਿ ਉਧਰੀ. ਇਕ ਨਾਮ ਧਰਮ॥

ਹੇ ਸੱਚੇ ਸੱਚੇ ਸੱਚੇ ਪ੍ਰਕਾਸ਼ ਸਰੂਪ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ! **ਕੂੜ ਅਮਾਵਸ. ਸਚੁ ਚੰਦ੍ਰਮਾ; ਦੀਸੈ ਨਾਹੀ. ਕਹ ਚੜਿਆ॥** ਅਨੁਸਾਰ ਕਲਿਜੁੱਗ ਦੇ ਘੋਰ ਜ਼ੁਲਮ ਅਗਿਆਨ ਦੇ **(ਅੰਧ੍ਹਾਰ)** ਅੰਧੇਰ **(ਮਹਿ)** ’ਚ ਆਪ ਜੀ ਸੱਚ ਦਾ ਸੂਰਜ ਹੋ ਕੇ ਚੜ੍ਹੇ ਹੋਂ ਜੀ, ਆਪ ਜੀ ਦਾ **(ਚਰਾਗੁ)** ਪ੍ਰਕਾਸ਼ ਬਿਅੰਤ ਬ੍ਰਹਮੰਡਾਂ ’ਚ **(ਬਲਿਓ)** ਬਲਿਆ, ਜਗਿਆ ਹੈ ਜੀ। **(ਸਭ)** ਸਾਰੇ **(ਕਲਿ)** ਕਲਿਜੁੱਗ ਦੇ ਜੀਆਂ ਨੂੰ ਇਕ ਸੱਚੇ ਅਕਾਲਪੁਰਖੁ ਵਾਹਿਗੁਰੂ ਜੀ ਦੇ ਸੱਚੇ ਸੁਖਦਾਇਕ **ਨਾਮ** ਧਰਮ ਨਾਲ ਜੋੜ ਕੇ **(ਉਧਰੀ)** ਉਧਾਰੇ ਹਨ, ਉਧਾਰ ਰਹੇ ਹਨ, ਅਤੇ ਉਧਾਰੋਂਗੇ ਜੀ ਵਾਹਿਗੁਰੂਜੀ। ਯਥਾ:- (ਮਿਟੀ: ਪੋਲਾ ਬੋਲੋ ਜੀ) **ਕਲਿ ਵਿਚਿ ਧੂ ਅੰਧਾਰੁ ਸਾ; ਚੜਿਆ ਰੈ ਭਾਣੁ॥) ਸਤਿਗੁਰ ਨਾਨਕ ਪ੍ਰਗਟਿਆ; ਮਿਟੀ ਧੁੰਧੁ ਜਗਿ ਚਾਨਣੁ ਹੋਆ॥ ਜਿਉ ਕਰਿ ਸੂਰਜੁ ਨਿਕਲਿਆ; ਤਾਰੇ ਛਪਿ ਅੰਧੇਰੁ ਪਲੋਆ॥** (ਵਾਰ ੧) ਤਥਾ:- **ਸਰਬ ਧਰਮ ਮਹਿ; ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ; ਨਿਰਮਲ ਕਰਮੁ॥**

## ਪ੍ਰਗਟੁ ਸਗਲ ਹਰਿ ਭਵਨ ਮਹਿ; ਜਨੁ ਨਾਨਕੁ. ਗੁਰੁ ਪਾਰਬ੍ਰਹਮ॥੯॥

**(ਨਾਨਕੁ)** ਵਾਹਿਗੁਰੂ **;ਧਰਮ ਧੁਜਾ ਅਰਜੁਨੁ ਹਰਿ ਭਗਤਾ॥੬॥** ਜੀ, ਪਮਰਪੂਜਨੀਕ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਸਤਿਗੁਰੂ ਗਿਰੰਥ ਸਾਹਿਬ ਜੀ ਫ਼ੁਰਮੌਂਦੇ ਹਨ ਜੀ:- ਹੇ **(ਜਨੁ)** ਦਾਸਨਦਾਸ ਦੇ **ਪਾਰਬ੍ਰਹਮ** ਕੇ **ਗੁਰੁ** ਅਵਤਾਰ, **(ਹਰਿ)** ਸਭਨਾ ਨੂੰ ਹਰਾ ਭਰਾ ਕਰਨ ਵਾਲੇ, ਸਾਚੇ ਸਿਰਜਨਹਾਰ, ਗੁਰੂ ਗੁਰ ਸਤਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ! ਆਪ ਜੀ **(ਸਗਲ)** ਸਾਰੇ **ਭਵਨ (ਮਹਿ)** ’ਚ **ਪ੍ਰਗਟੁ** ਹੋਂ ਜੀ ਵਾਹਿਗੁਰੂਜੀ॥੯॥ ਯਥਾ:- **ਘਰਿ ਘਰਿ ਬਾਬਾ ਗਾਵੀਐ; ਵਜਨਿ ਤਾਲ ਮ੍ਰਿਦੰਗੁ ਰਬਾਬਾ।) ਪ੍ਰਗਟੇ ਆਨੂਪ ਗੋੁਵਿੰਦ॥ ਪ੍ਰਭ ਪੂਰੇ ਨਾਨਕ. ਬਖਸਿੰਦ॥੪॥੩੮॥੪੯॥**

## ਸਵਯੇ ਸ੍ਰੀ ਮੁਖਬਾਕ੍ਹ ਮਹਲਾ ੫ ੴ ਸਤਿਗੁਰ ਪ੍ਰਸਾਦਿ॥

**ੴ** ਸੱਚੇ ਸਿਰਜਣਹਾਰ ਸੱਚੇ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਸਾਹਿਬ ਜੀ ਦੇ **(੫)** ਪੰਜਵੇਂ **(ਮਹਲਾ)** ਸਰੂਪ **ਗੁਰਦੇਵ ਮਾਤਾ. ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ॥** ਅਕਾਲਪੁਰਖੁ **;ਗੁਰੁ ਅਰਜੁਨੁ ਪਰਤਖ੍ਹ ਹਰਿ॥** ਜੀ, **ਗੁਰੂ ਗਰੰਥ ਜੀ ਮਾਨਿਓ; ਪਰਗਟ ਗੁਰਾਂ ਕੀ ਦੇਹ।** ਜਗਮਗ ਜਾਗਦੀ ਜੋਤਿ ਜੁੱਗੋ ਜੁੱਗ ਸੱਚੀ ਸੱਚੀ ਸੱਚੀ ਅਮਰ ਅਬਿਨਾਸੀ ਗੁਰਤਾਗੱਦੀ ਬਿਰਾਜਮਾਨ, ਚਰਵ ਛਤ੍ਰ ਤਖ਼ਤ ਦੇ ਮਾਲਕ, ਪਾਰਬ੍ਰਹਮ ਕੇ ਗੁਰ ਅਵਤਾਰ, ਸੱਚੇ ਸਤਿਗੁਰੂ ਸ੍ਰੀ ਗੁਰੂ ਗਿਰੰਥ ਸਾਹਿਬ ਜੀ ਆਪਨੇ ਪਰਮਪੂਜਨੀਕ **(ਸ੍ਰੀ)** ਸ੍ਰੋਮਣੀ **(ਮੁਖਬਾਕ੍ਹ)** ਮੁਖਾਰਬਿੰਦ ਤੋਂ ਦੇਹ ਅਭਿਆਸ ਦੇ ਤਿਆਗ, ਸੱਚੇ ਕੰਤ ਸੱਚੇ ਭਗਵੰਤ ਸੱਚੇ ਪਾਰਬ੍ਰਹਮ ਸੱਚੇ ਬਿਅੰਤ ਅਕਾਲਪੁਰਖੁ ਵਾਹਿਗੁਰੂ ਜੀ ਦੀ ਪ੍ਰਾਪਤੀ ਲਈ ਅੰਮ੍ਰਿਤ ਸੱਚੇ ਸੁੱਚੇ ਉੱਚੇ ਸਵਯੇ ਉਚਾਰਨ ਕਰ ਰਹੇ ਹਨ ਜੀ:-

**(ੴ)** ਦ੍ਵੈਤ ਰਹਿਤ ਇੱਕ ਵਾਹਿਗੁਰੂ ਜੀ, ਸਭ ਜੀਅ ਜੰਤ ਬਿਅੰਤ ਬ੍ਰਹਮੰਡਾਂ, ਸਤ ਸੰਤੋਖ ਦਇਆ ਧਰਮ ਵੀਚਾਰ, ਸਹਿਨਸ਼ੀਲਤਾ, ਹਉਮੈ ਦੇ ਤਿਆਗ, ਭਾਉ ਭਗਤੀ, ਪ੍ਰੇਮ, ਪਰਉਪਕਾਰ ਬਿਅੰਤ ਗੁਣਾਂ, ਸੱਚੇ ਨਾਮ ਗੁਰਸਬਦਾਂ ਜੀ ਦੇ ਸੱਚੇ ਪ੍ਰਕਾਸ਼ਕ ਹਨ ਭਾਵ ਅਪਣੇ ਦਾਸਨਦਾਸ ਪ੍ਰੇਮੀ ਗੁਰਸੇਵਕ ਲਾਲੇ ਗੋਲੇ ਦੇ ਅੰਦਰ ਇਹ ਸ਼ੁਭ ਸੱਚੇ ਗੁਰਮੁਖਿ ਗੁਣ ਪ੍ਰਕਾਸ਼ਦੇ, ਬਖ਼ਸ਼ਦੇ ਹਨ, ਰਿਦੇ ’ਚੋਂ ਮੂੰਹ ’ਚ ਨੈਕਟ੍ਰ (nector), ਦਿਲ ਦਿਮਾਗ਼ ਡ੍ਰੀਮ (dream) ’ਚ ਗੁਰਬਾਣੀ, (ਆਕਾਸਾਂ) **ਸਿਮਰੈ; ਧਰਤੀ ਅਰੁ ਆਕਾਸਾ॥ ਸਿਮਰਹਿ;**

**ਚੰਦ ਸੂਰਜ ਗੁਣਤਾਸਾ॥ ਪਉਣ ਪਾਣੀ ਬੈਸੰਤਰ ਸਿਮਰਹਿ; ਸਿਮਰੈ ਸਗਲ ਉਪਾਰਜਨਾ॥੧॥) ਸਭੈ ਘਟ ਰਾਮੁ ਬੋਲੈ; ਰਾਮਾ ਬੋਲੈ॥ ਰਾਮ ਬਿਨਾ; ਕੋ ਬੋਲੈ ਰੇ॥੧॥ਰਹਾਉ॥)** (ਹੈਂ। ਹੈ) **ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ; ਸੁ ਬਿਨੁ ਹਰਿ. ਜਾਪਤ ਹੈ ਨਹੀ ਹੋਰ॥੩॥** ਅਨੁਸਾਰ ਘਟਾਂ ਘਟਾਂ 'ਚੋਂ ਅਜਪਾ ਜਾਪ ਸੱਚੇ ਨਾਮ ਸੁਨਣ, **ਸਰਬ ਧਰਮ ਮਹਿ; ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ; ਨਿਰਮਲ ਕਰਮੁ॥** ਦਾ ਪ੍ਰਕਾਸ਼ ਬਖ਼ਸ਼ਿਸ਼ ਕਰਦੇ ਹਨ ਜੀ ਵਾਹਿਗੁਰੂਜੀ! ਬਿਅੰਤ ਬ੍ਰਹਮੰਡ ਰਚਨ ਵਾਲੇ, ਕਰਤਾਪੁਰਖੁ ਅਕਾਲ, ਸਦਾ ਦਇਆਲ, ਸੱਚੇ ਕ੍ਰਿਪਾਲ, ਸਰਬ ਪ੍ਰਤਿਪਾਲਕ, ਬਿਅੰਤ ਸ਼ੁਭ ਗੁਰਮੁਖਿ ਗੁਣਾਂ ਦੇ ਦਾਤੇ ਵਾਹਿਗੁਰੂ ਦਸ **ਸਤਿਗੁਰ** ਸਾਹਿਬਾਨ ਜੀ **(ਪ੍ਰਸਾਦਿ)** ਕ੍ਰਿਪਾ ਹੀ ਕ੍ਰਿਪਾ, **(ਪ੍ਰਸਾਦਿ)** ਅਨੰਦ ਹੀ ਅਨੰਦ ਸਰੂਪ, **(੧ੴ)** ਓਅੰਕਾਰ ਭਾਵ ਸਾਰਿਆਂ ਦੇ ਇੰਦ੍ਰਿਆਂ ਮਨਾਂ ਸ੍ਰੀਰਾਂ ਸੱਤ ਸੰਤੋਖ ਦਇਆ ਧਰਮ ਖਿਮਾ ਆਦਿ ਬਿਅੰਤ ਸ਼ੁਭ ਗੁਰਮੁਖਿ ਗੁਣਾਂ ਦੇ ਪ੍ਰਕਾਸ਼ਕ **(੧)** ਇੱਕ ਦ੍ਵੈਤ ਰਹਿਤ **੧ੴ** ਵਾਹਿਗੁਰੂ ਜੀ ਹਨ।

ਸਠ: ਪੋਲਾ ਬੋਲੋ। ਕੁ-ਚੀਲ। ਕੁ-ਗਿਆਨੀ-

## ਕਾਚੀ ਦੇਹ ਮੋਹ ਫੁਨਿ ਬਾਂਧੀ; ਸਠ ਕਠੋਰ. ਕੁਚੀਲ ਕੁਗਿਆਨੀ॥

ਹੇ ਗੁਰਸਿੱਖੋ! **ਮਾ ਕੀ ਰਕਤੁ; ਪਿਤਾ ਬਿਦੁ ਧਾਰਾ॥** ਅਨੁਸਾਰ ਇਹ **ਦੇਹ** ਮਾਂ ਦੀ ਰਕਤ, ਪਿਤਾ ਦੇ ਬਿੰਦ ਤੋਂ ਬਣੀ **(ਕਾਚੀ)** ਕੱਚੀ ਨਾਸਵੰਤ ਹੈ, ਜੋ ਬਿਅੰਤ ਰੋਗਾਂ ਔਗੁਣਾਂ ਵਿਕਾਰਾਂ ਪਾਪਾਂ ਨਾਲ ਭਰੀ ਹੈ ਜੀ ਰਾਮਜੀ। **(ਫੁਨਿ)** ਫਿਰ ਸਾਕ, ਸਬੰਧੀਆਂ, ਸੁਆਦਾਂ, ਨਸ਼ਿਆਂ, ਭੈੜੀਆਂ ਆਦਿਤਾਂ ਦੇ **(ਮੋਹ)** ਮਮਤਾ ਹੰਗਤਾ 'ਚ **(ਬਾਂਧੀ)** ਬੰਨ੍ਹੀ ਹੈ ਜੀ ਵਾਹਿਗੁਰੂਜੀ। ਯਥਾ:- **ਬਿਸਟਾ ਅਸਤ ਰਕਤੁ; ਪਰੇਟੇ ਚਾਮ॥ ਇਸੁ ਊਪਰਿ; ਲੇ ਰਾਖਿਓ ਗੁਮਾਨ॥੩॥) ਜਬ ਜਰੀਐ. ਤਬ ਹੋਇ ਭਸਮ ਤਨੁ; ਰਹੈ. ਕਿਰਮ ਦਲ ਖਾਈ॥ ਕਾਚੀ ਗਾਗਰਿ ਨੀਰੁ ਪਰਤੁ ਹੈ; ਇਆ ਤਨ ਕੀ ਇਹੈ ਬਡਾਈ॥੧॥) ਤੂ ਕਾਂਇ ਗਰਬਹਿ; ਬਾਵਲੀ॥ ਜੈਸੇ. ਭਾਦਉ ਖੂੰਬ ਰਾਜੁ; ਤੂ ਤਿਸ ਤੇ ਖਰੀ ਉਤਾਵਲੀ॥੧॥ਰਹਾਉ॥) ਮਿਰਤਕ ਦੇਹ; ਸਾਧਸੰਗ ਬਿਹੂਨਾ॥) ਕਾਚ ਗਗਰੀਆ; ਅੰਭ ਮਝਰੀਆ॥ਗਰਬਿ ਗਰਬਿ; ਉਆਹੂ ਮਹਿ ਪਰੀਆ॥੧॥ਰਹਾਉ॥) ਜਲ ਕੀ ਭੀਤਿ. ਪਵਨ ਕਾ ਥੰਭਾ; ਰਕਤ ਬੁੰਦ ਕਾ ਗਾਰਾ॥ ਹਾਡ ਮਾਸ ਨਾੜੀ ਕੋ ਪਿੰਜਰੁ; ਪੰਖੀ ਬਸੈ ਬਿਚਾਰਾ॥੧॥) ਹਮ ਆਦਮੀ ਹਾਂ ਇਕ ਦਮੀ; ਮੁਹਲਤਿ ਮੁਹਤੁ. ਨ ਜਾਣਾ॥) ਕਾਚੀ ਪਿੰਡੀ. ਸਬਦੁ, ਨ ਚੀਨੈ; ਉਦਰੁ ਭਰੈ ਜੈਸੇ ਢੋਰੈ॥੧॥) ਬਿਰਥਾ; ਨਾਮ ਬਿਨਾ ਤਨੁ ਅੰਧ॥ਮੁਖਿ ਆਵਤ; ਤਾ ਕੈ ਦੁਰਗੰਧ॥) ਗਰਬੁ ਕਰਤੁ ਹੈ ਦੇਹ ਕੋ; ਬਿਨਸੈ ਛਿਨ ਮੈ ਮੀਤਿ॥ ਜਿਹਿ ਪ੍ਰਾਨੀ. ਹਰਿ ਜਸੁ ਕਹਿਓ; ਨਾਨਕ. ਤਿਹਿ ਜਗੁ ਜੀਤਿ॥੪੨॥) ਅਮਰ ਜਾਨਿ ਸੰਚੀ ਇਹ ਕਾਇਆ; ਇਹ ਮਿਥਿਆ ਕਾਚੀ ਗਗਰੀ॥) ਕਾਚੀ ਦੇਹਾ ਵਿਣਸਣੀ; ਕੂੜੁ ਕਮਾਵੈ ਧੰਧੁ ਜੀਉ॥**

ਸੱਚੇ ਨਾਮ ਨੂੰ ਵਿਸਾਰ ਕੇ, **ਨੀਚਾ ਅੰਦਰਿ ਨੀਚ ਜਾਤਿ; ਨੀਚੀ ਹੂ ਅਤਿ ਨੀਚੁ॥ (ਕੁਚੀਲ)** ਅਪਵਿੱਤ੍ਰ **(ਕੁਗਿਆਨੀ)** ਖੋਟੇ ਗਿਆਨ ਵਾਲੀ **(ਸਠ)** ਮੂਰਖ, **(ਕਠੋਰ)** ਪੱਥਰ ਦਿਲ ਸਾਕਤ ਮਨਮੁਖ ਦੀ ਨਿਗੁਰੀ ਦੇਹੀ, ਮੁਖੋਂ ਕਠੋਰ ਬੋਲ ਬੋਲਦੀ, ਚੋਰੀ ਯਾਰੀ ਜੂਆ ਖੇਲਦੀ, ਵਿਸ਼ਿਆਂ 'ਚ ਲੱਗ ਕੇ, ਦੋ ਸਿਗਰਿਟਾਂ ਇਕੱਠੀਆਂ ਪੀਂਦੀ, ਭੈੜੀਆਂ ਵਿਕਾਰੀਆਂ ਮੂਵੀਆਂ ਦੇਖਦੀ, ਗੰਦੇ ਗੀਤ ਗੌਂਦੀ, ਗਾਲਾਂ ਕੱਢਦੀ, ਪਰ ਘਰ ਜਾਂਦੀ, ਨਿੰਦਾ ਕਰਦੀ, ਭੋਲੇ ਜੀਆਂ ਦੇ ਇਖ਼ਲਾਕ ਨੂੰ ਗਿਰੌਂਦੀ, ਧਾਗੇ ਤਵੀਤ ਕਰਦੀ ਕਰੌਂਦੀ, ਕਬਰਾਂ ਮੜ੍ਹੀਆਂ ਮੁਰਦਿਆਂ ਭੂਤਾਂ ਪ੍ਰੇਤਾਂ ਦੀ ਪੂਜਾ ਕਰਦੀ, ਅਪਣੀ ਪੂਜਾ ਕਰੌਂਦੀ, ਅਪਣੇ ਆਪ ਨੂੰ ਰੱਬ ਕਹੌਂਦੀ, ਸ੍ਰੀ ਗੁਰਦੁਆਰੇ ਸਾਹਿਬ

ਜੀ ਜਾਣੋ ਵਰਜਦੀ, ਸ੍ਰੀ ਹਰਿਮੰਦਰ ਸਾਹਿਬ ਜੀ 'ਚ ਬੈਠ ਕੇ ਹੁੱਕਾ ਸ਼ਰਾਬ ਪੀਂਦੀ, ਵੇਸਵਾ ਨੱਚੌਂਦੀ, ਗੁਰੂ ਖ਼ਾਲਸਾ ਜੀ ਨੂੰ ਚੈਲਿੰਜ ਦਿੰਦੀ, ਭੁੱਖੀਆਂ ਸਿੰਘਣੀਆਂ ਤੋਂ ਚੱਕੀਆਂ ਪਿਸੌਂਦੀ, ਉਨ੍ਹਾਂ ਦੇ ਬੱਚਿਆਂ ਦੇ ਟੋਟੇ ਟੋਟੇ ਕਰਕੇ ਬੱਚਿਆਂ ਦੇ ਹਾਰ ਗਲ਼ 'ਚ ਪੌਂਦੀ, ਬੱਚਿਆਂ ਨੂੰ ਉਤਾਂਹ ਚਲਾ ਕੇ ਮਾਰਦੀ ਥਲੇ ਨੇਜਾ ਕਰ ਦਿੰਦੀ, ਜੀਆਂ ਨੂੰ ਕਤਲ ਕਰਨੇ ਕਰਕੇ ਅਤਿਅੰਤ ਕਾਲ਼ੀ ਹੈ। ਯਥਾ:- **ਨਵੇ ਛਿਦ੍ਰ ਸ੍ਰਵਹਿ; ਅਪਵਿਤ੍ਰਾ॥) ਬਾਰਹ ਜੋਜਨ. ਛਤ੍ਰੁ ਚਲੈ ਥਾ; ਦੇਹੀ ਗਿਰਝ ਨ ਖਾਈ॥੨॥) ਜੈਸੇ ਜਲ ਤੇ ਬੁਦਬੁਦਾ; ਉਪਜੈ ਬਿਨਸੈ ਨੀਤ॥ ਜਗ ਰਚਨਾ ਤੈਸੇ ਰਚੀ; ਕਹੁ ਨਾਨਕ. ਸੁਨ ਮੀਤ॥੨੫॥**

## ਧਾਵਤ ਭ੍ਰਮਤ. ਰਹਨੁ, ਨਹੀ ਪਾਵਤ; ਪਾਰਬ੍ਰਹਮ ਕੀ ਗਤਿ. ਨਹੀ ਜਾਨੀ॥

ਜਿਸ ਕਰਕੇ ਚੌਰਾਸੀ ਲੱਖ ਜੂਨਾਂ 'ਚ **(ਧਾਵਤ)** ਦੌੜਦੀ **(ਭ੍ਰਮਤ)** ਭ੍ਰਮ ਰਹੀ, ਕਦੇ ਸਾਧਸੰਗਤ ਅਥਵਾ ਨਿਹਚੱਲ ਨਿਰਗੁਨ ਬ੍ਰਹਮ ਜੀ ਦੇ ਸਰੂਪ 'ਚ **(ਰਹਨੁ)** ਰਹਿਣਾ **ਨਹੀ (ਪਾਵਤ)** ਪੌਂਦੀ ਜੀ। **(ਪਾਰਬ੍ਰਹਮ) ਸਰਬ ਕਲਾ ਭਰਪੂਰ ਪ੍ਰਭ;** ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਅਕਾਲਪੁਰਖੁ ਜੀ **(ਕੀ)** ਦੀ **(ਗਤਿ)** ਪ੍ਰਾਪਤੀ **ਨਹੀ ਜਾਨੀ**।

ਬਿਕਲ: ਪੋਲਾ ਬੋਲੋ। ਮਾਤਾ: ਕੱਸਕੇ ਬੋਲੋ-

## ਜੋਬਨ ਰੂਪ. ਮਾਇਆ ਮਦ ਮਾਤਾ; ਬਿਚਰਤ ਬਿਕਲ, ਬਡੌ ਅਭਿਮਾਨੀ॥

**(ਜੋਬਨ)** ਜੁਆਨੀ ਦੇ ਸੁੰਦਰ **ਰੂਪ**, **ਮਾਇਆ**, **(ਮਦ)** ਨਸ਼ੇ ਅਥਵਾ ਹੰਕਾਰ 'ਚ **(ਮਾਤਾ)** ਮਸਤ ਹੋਈ, ਵਿਕਾਰਾਂ 'ਚ **(ਬਿਕਲ)** ਵਿਆਕੁਲ, **(ਬਡੌ)** ਵੱਡੀ **(ਅਭਿਮਾਨੀ)** ਅਹੰਕਾਰੀ ਮਨਮੁਖ ਦੇਹੀ ਚੌਰਾਸੀ ਲੱਖ ਜੂਨ 'ਚ ਜੁੱਗੋ ਜੁੱਗ **(ਬਿਚਰਤ)** ਵਿਚਰਦੀ, ਚੋਟਾਂ ਖਾਂਦੀ ਹੈ ਜੀ। ਯਥਾ:- **ਬਿਨੁ ਸਤਿਗੁਰ ਸੇਵੇ. ਬਹੁਤਾ ਦੁਖੁ ਲਾਗਾ; ਜੁਗ ਚਾਰੇ ਭਰਮਾਈ॥**

ਯਹ: ਯ ਤਾਲੂ ਤੋਂ ਬੋਲੋ- **ਪਰ ਧਨ. ਪਰ ਅਪਵਾਦ ਨਾਰਿ ਨਿੰਦਾ;**

## ਯਹ ਮੀਠੀ, ਜੀਅ ਮਾਹਿ ਹਿਤਾਨੀ॥

**(ਪਰ)** ਪਰਾਇਆ **ਧਨ** ਚੁਰੌਂਦੀ, **(ਪਰ)** ਪਰਾਇਆ ਨਾਲ **(ਅਪਵਾਦ)** ਖੋਟੇ ਝਗੜੇ ਕਰਦੀ, ਪਰਾਈ **(ਨਾਰਿ)** ਇਸਤ੍ਰੀ ਨੂੰ ਵਿਕਾਰ ਦ੍ਰਿਸ਼ਟੀ ਨਾਲ ਤੱਕਦੀ, ਚੁੱਕਦੀ ਅਤੇ ਪਰਾਈ **ਨਿੰਦਾ** ਕਰਦੀ। ਸਿਮਰਨ ਹੀਣ ਮਨਮੁਖ ਦੇਹੀ ਨੇ **(ਯਹ)** ਇਹ ਕੁਕਰਮਾਂ ਨੂੰ ਆਪਨੇ **(ਜੀਅ)** ਦਿਲ **(ਮਾਹਿ)** 'ਚ **ਮੀਠੀ (ਹਿਤਾਨੀ)** ਪਿਆਰੇ ਕੀਤੇ ਜੀ।

## ਬਲ ਬੰਚ ਛਪਿ ਕਰਤ ਉਪਾਵਾ; ਪੇਖਤ ਸੁਨਤ ਪ੍ਰਭ ਅੰਤਰਜਾਮੀ॥

ਦੁਨੀਆਂ ਤੋਂ **(ਛਪਿ)** ਲੁਕ ਛਿਪ ਕੇ ਸਾਕਤ ਦੇਹੀ ਅਪਨੇ **ਬਲ** ਨਾਲ **(ਬੰਚ)** ਠੱਗੀ ਮਾਰਨ ਲਈ ਬਿਅੰਤ **(ਉਪਾਵਾ)** ਜਤਨਾਂ ਨੂੰ **(ਕਰਤ)** ਕਰਦੀ ਹੈ। ਪਰ ਬਿਅੰਤ ਕਲਾਵਾਨ ਪੂਰਨ ਮਿਹਰਵਾਨ ਅਸੰਖ ਨੂਰ ਪ੍ਰਕਾਸ਼ ਸਰੂਪ, ਸੂਛਮ ਤੋਂ ਸੂਛਮ, ਵੱਡੇ ਤੋਂ ਵੱਡੇ ਜੀਆਂ ਦੇ ਅੰਦਰ ਬਾਹਰ, ਸਭਨੀ ਥਾਂਈ ਲੱਬਾ-ਲੱਬ

ਭਰਪੂਰ ਵਿਆਪਕ ਪ੍ਰਕਾਸ਼ਕ, ਸਭ ਦੇ **(ਅੰਤਰਜਾਮੀ)** ਅੰਦਰ ਦੀ ਜਾਨਣ ਵਾਲੇ **(ਪ੍ਰਭ)** ਸਮਰੱਥ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ ਸਭ ਕੁੱਝ **(ਪੇਖਤ)** ਦੇਖਦੇ ਅਤੇ **(ਸੁਨਤ)** ਸੁਣਦੇ ਹਨ ਜੀ ਰਾਮਜੀ। ਯਥਾ:- **ਸਭੁ ਕਿਛੁ ਸੁਣਦਾ ਵੇਖਦਾ; ਕਿਉ ਮੁਕਰਿ ਪਇਆ ਜਾਇ॥) ਏ ਮਨ. ਮਤ ਜਾਣਹਿ. ਹਰਿ ਦੂਰਿ ਹੈ; ਸਦਾ ਵੇਖੁ ਹਦੂਰਿ॥ ਸਦ ਸੁਣਦਾ. ਸਦ ਵੇਖਦਾ; ਸਬਦਿ ਰਹਿਆ ਭਰਪੂਰਿ॥੧॥ਰਹਾਉ॥) ਅੰਦਰਿ ਕਮਾਣਾ ਸਰਪਰ ਉਘੜੈ; ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ॥ ਜਨ ਨਾਨਕੁ. ਦੇਖਿ ਵਿਗਸਿਆ; ਹਰਿ ਕੀ ਵਡਿਆਈ॥੨॥) ਹਟ ਪਟਣ. ਬਿਜਮੰਦਰ ਭੰਨੈ; ਕਰਿ ਚੋਰੀ. ਘਰਿ ਆਵੈ॥ ਅਗਹੁ ਦੇਖੈ. ਪਿਛਹੁ ਦੇਖੈ; ਤੁਝ ਤੇ. ਕਹਾ ਛਪਾਵੈ॥੩॥) ਅਨਿਕ ਪੜਦੇ ਮਹਿ; ਕਮਾਵੈ ਵਿਕਾਰ॥ ਖਿਨ ਮਹਿ; ਪ੍ਰਗਟ ਹੋਹਿ ਸੰਸਾਰ॥੩॥**

ਦ-ਯਾ: ਦ ਮੁਕਤਾ ਯਾ ਸਵਾਰ ਕੇਤਾਲੂ ਤੋਂ ਬੋਲੋ। ਨਾਸ੍ਰਿ: ਅੱਧੇ ਤਤੇ ਨੂੰ ਸਿਹਾਰੀ ਲਾ ਕੇ ਪੋਲਾ ਬੋਲੋ-

## ਸੀਲ ਧਰਮ ਦਯਾ ਸੁਚ ਨਾਸ੍ਤਿ; ਆਇਓ ਸਰਨਿ ਜੀਅ ਕੇ ਦਾਨੀ॥

ਹੇ **(ਜੀਅ)** ਜਿੰਦ ਜਾਨ **(ਕੇ)** ਦੇ **(ਦਾਨੀ)** ਦਾਤੇ ਸੁੰਦਰ ਪੂਰਨ ਭਗਵਾਨ ਦੀਨ ਦਇਆਲ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ! **(ਸੀਲ)** ਨਰਮ ਕੋਮਲ ਸ਼ਹਿਣਸ਼ੀਲਤਾ ਵਾਲਾ ਸੁਭਾਅ, ਨਾਮ ਜਪਣ ਜਪੌਣ ਵਾਲੇ **ਧਰਮ**, **ਦਯਾ**, ਮਨ ਬਾਣੀ ਸ੍ਰੀਰ ਦੀ **(ਸੁਚ)** ਪਵਿੱਤ੍ਰਤਾ ਆਦਿ ਸੁਭ ਗੁਰਮੁਖਿ ਗੁਣਾਂ ਨੂੰ **(ਨਾਸ੍ਤਿ)** ਨਾਸ ਕਰਨ ਵਾਲਾ ਦਾਸਨਦਾਸ, ਕਲਿਜੁੱਗ ਦੀ ਹਵਾ, ਮਨਮੁਖਾਂ ਦੀ ਸੰਗਤ ਤੋਂ ਭੱਜ ਆਪ ਜੀ ਸੱਚੀ **ਸਰਨਿ** **(ਆਇਓ)** ਆਇਆ ਹੈ ਜੀ ਭਗਵਾਨਜੀ। ਯਥਾ:- **ਹਮ ਨਿਰਗੁਨੀਆਰ; ਨੀਚ ਅਜਾਨ॥ ਨਾਨਕ ਤੁਮਰੀ ਸਰਨਿ; ਪੁਰਖ ਭਗਵਾਨ॥੭॥) ਏਹੁ ਜਗੁ ਜਲਤਾ ਦੇਖਿ ਕੈ; ਭਜਿ ਪਏ ਹਰਿ ਸਰਣਾਈ ਰਾਮ॥ ਅਰਦਾਸਿ ਕਰੀ. ਗੁਰ ਪੂਰੇ ਆਗੈ; ਰਖਿ ਲੇਵਹੁ ਦੇਹੁ ਵਡਾਈ ਰਾਮ॥ ਰਖਿ ਲੇਵਹੁ ਸਰਣਾਈ, ਹਰਿ ਨਾਮੁ ਵਡਾਈ; ਤੁਧੁ ਜੇਵਡੁ. ਅਵਰੁ ਨ ਦਾਤਾ॥**

## ਸਮਰੱਥ- ਕਾਰਨ ਕਰਨ ਸਮਰਥ ਸਿਰੀਧਰ; ਰਾਖਿ ਲੇਹੁ. ਨਾਨਕ ਕੇ ਸੁਆਮੀ॥੧॥

**(ਨਾਨਕ) ਗੁਰੂ ਗਰੰਥ ਜੀ ਮਾਨਿਓ; ਪਰਗਟ ਗੁਰਾਂ ਕੀ ਦੇਹ।** ਜਗਮਗ ਜਾਗਦੀ ਜੋਤਿ ਪਰਮਪੂਜਨੀਕ ਜੁੱਗੋ ਜੁੱਗ ਅਟੱਲ ਗੁਰਤਾਗੱਦੀ ਬਿਰਾਜਮਾਨ ਸਦਾ ਸੱਚੇ ਮਿਹਰਵਾਨ ਸੱਚੇ ਸੁੰਦਰ ਸੱਚੇ ਭਗਵਾਨ ਸੱਚੇ ਸਤਿਗੁਰੂ ਗਿਰੰਥ ਸਾਹਿਬ ਜੀ, ਵਾਹਿਗੁਰੂ ਗੁਰੂ ਭਗਵਾਨ ਦਸ ਸਤਿਗੁਰੂ ਸਾਹਿਬਾਨ ਜੀ ਦਾ ਅਧਿਕ ਪ੍ਰਤਾਪ ਜਣੌਂਦਿਆਂ ਫ਼ੁਰਮਾ ਰਹੇ ਹਨ ਜੀ:- ਹੇ **(ਸਿਰੀ+ਧਰ)** ਖੰਡਾਂ ਬ੍ਰਹਮੰਡਾਂ ਦੇ **(ਧਰ)** ਆਸਰੇ ਸਰਬ **(ਸਿਰੀ)** ਸ਼੍ਰੋਮਣੀ ਦਸ ਸਤਿਗੁਰੂ ਸਾਹਿਬਾਨ ਜੀ! ਆਪ ਜੀ, ਅਪਣੇ ਸਰਬ ਕਲਾਂ ਸਮਰਥ ਸਦਾ ਦਇਆਲ ਕ੍ਰਿਪਾਲ ਨਿਰਗੁਨ ਸਰੂਪ ਜੀ ਦੁਆਰਾ, ਬਿਅੰਤ ਬ੍ਰਹਮੰਡ ਦੀ ਰਚਨਾ ਨੂੰ ਪੈਦਾ **ਕਰਣ** ਦੇ **(ਕਾਰਣ)** ਮੂਲ ਮੁੱਢ ਹੋਂ ਜੀ। ਹੇ ਦਾਸਨਦਾਸ **(ਕੇ)** ਦੇ **ਸੁਆਮੀ** ਸਤਿਗੁਰੂ ਸਾਹਿਬ ਜੀ! ਦਾਸਨਦਾਸ ਨੂੰ ਔਗੁਣਾਂ ਵਿਕਾਰਾਂ ਆਦਿ ਤੋਂ ਬਚਾ ਕੇ ਆਪਨੀ ਸੱਚੀ ਸੱਚੀ ਸੱਚੀ ਸਰਨ 'ਚ **(ਰਾਖਿ)** ਰੱਖ **(ਲੇਹੁ)** ਲਵੋ ਜੀ ਰਾਮਜੀ। ਯਥਾ:- **ਸਾਧਸੰਗੁ. ਕਬਹੂ ਨਹੀ ਕੀਨਾ; ਨਹ ਕੀਰਤਿ ਪ੍ਰਭ ਗਾਈ॥ ਜਨ ਨਾਨਕ. ਮੈ ਨਾਹਿ ਕੋਊ ਗੁਨੁ; ਰਾਖਿ ਲੇਹੁ ਸਰਨਾਈ॥੨॥੬॥**

## ਕੀਰਤਿ ਕਰਨ ਸਰਨ ਮਨਮੋਹਨ; ਜੋਹਨ ਪਾਪ ਬਿਦਾਰਨ ਕਉ॥

ਹੇ ਰਬਾਬ, ਮ੍ਰਿਦੰਗ, ਸਰਿੰਦਾ, ਤਾਊਸ ਆਦਿ ਸਾਜਾਂ ਨਾਲ ਅੰਮ੍ਰਿਤ ਨਿਰੰਕਾਰ ਗੁਰਬਾਣੀ ਜੀ ਦਾ **(ਕੀਰਤਿ)** ਕੀਰਤਨ **ਕਰਨ** ਵਾਲੇ ਵਾਹਿਗੁਰੂ **ਗੁਰ ਨਾਨਕਦੇਵ ਗੋਵਿੰਦ ਰੂਪ॥** ਦਸ ਸਤਿਗੁਰੂ ਸਾਹਿਬਾਨ ਜੀ! ਆਪ ਜੀ ਸੱਚੇ ਸੁੰਦਰ ਮਹਾਂ ਵਿਸਮਾਦ ਨਿਰਵਿਕਾਰ ਨਿਰਹੰਕਾਰ ਦਰਸਨ ਬਖ਼ਸ਼ ਕੇ, ਸੱਚੀ **ਸਰਨ** 'ਚ ਆਏ, ਅੰਮ੍ਰਿਤ ਨਿਰੰਕਾਰ ਗੁਰਬਾਣੀ ਜੀ ਦਾ **(ਕੀਰਤਿ)** ਕੀਰਤਨ ਕਰਨ ਵਾਲੇ ਪ੍ਰੇਮੀਆਂ ਦੇ **(ਮਨਮੋਹਨ)** ਮਨਾਂ ਨੂੰ ਮੋਹ ਲੈਂਦੇ ਹੋਂ ਜੀ। **ਨਾਨਕ ਨਦਰੀ ਨਦਰਿ ਨਿਹਾਲ॥** ਵਾਲੀ **(ਜੋਹਨ)** ਦ੍ਰਿਸ਼ਟੀ ਨਾਲ ਤਕ ਕੇ, ਉਨ੍ਹਾਂ ਦੇ ਸਾਰੇ **(ਪਾਪ)** ਪਾਪਾਂ **(ਕਉ)** ਨੂੰ **(ਬਿਦਾਰਨ)** ਨਾਸ ਕਰ ਦਿੰਦੇ ਹੋਂ ਜੀ। ਪਾਪਾਂ ਔਗੁਣਾਂ ਨੂੰ ਨਾਸ ਕਰਨ, ਬਨੌਟੀ ਸਹੁ ਸੁਹਾਗਣ ਨੂੰ ਸੱਚੀ ਗੁਰਮੁਖਿ ਸੁਹਾਗਣ ਬਨੌਣ, ਕਲਜੁੱਗੀ ਜੀਆਂ ਨੂੰ ਤਾਰਨ ਲਈ ਆਦਿ ਬਿਅੰਤ ਪਰਉਪਕਾਰ ਕਰਨ ਲਈ ਸ਼ੁਭ ਸੱਚਾ ਅਵਤਾਰ ਧਾਰਿਆ ਜੀ। ਯਥਾ:- **ਸਤਿਗੁਰ ਪਿਛੈ ਭਜਿ ਪਵਹਿ; ਏਹਾ ਕਰਣੀ ਸਾਰੁ॥ ਸਤਿਗੁਰ. ਖੋਟਿਅਹੁ ਖਰੇ ਕਰੇ; ਸਬਦਿ ਸਵਾਰਣਹਾਰੁ॥) ਖੰਡ ਬ੍ਰਹਮੰਡ ਬੇਅੰਤ; ਉਧਾਰਣਹਾਰਿਆ॥ ਤੇਰੀ ਸੋਭਾ ਤੁਧੁ; ਸਚੇ ਮੇਰੇ ਪਿਆਰਿਆ॥੧੨॥) ਪਸੁ ਪ੍ਰੇਤ ਮੁਗਦ; ਪਾਥਰ ਕਉ ਤਾਰੈ॥) ਜਿਥੇ ਬਾਬਾ ਪੈਰ ਧਰਿ; ਪੂਜਾ ਆਸਣੁ ਥਾਪਣਿ ਸੋਆ॥)** ਤਥਾ:- **ਘਰਿ ਘਰਿ ਬਾਬਾ ਗਾਵੀਐ; ਵਜਨਿ ਤਾਲ ਮ੍ਰਿਦੰਗੁ ਰਬਾਬਾ॥**

**ਅਮੋਲਕ ਬਚਨ ਸੰਤ ਬਾਬਾ ਅਤਰ ਸਿੰਘ ਜੀ ਖ਼ਾਲਸਾ ਜੀ:-** ਪੂਰੇ ਚਾਅ ਉਤਸ਼ਾਹ ਨਾਲ ਹਜ਼ੂਰੀ 'ਚ ਨਾਮ ਅਭਿਆਸ ਕਰਨ ਨਾਲ ਇੱਕ ਅਚਰਜ ਅਖੰਡ ਜੋਤਿ ਪ੍ਰਗਟ ਹੁੰਦੀ ਹੈ, ਜਿਨ੍ਹਾਂ ਦੇ ਆਸਰੇ ਕੋਟਾਨ ਕੋਟਿ ਸੂਰਜ ਚੰਦ ਖੰਡ ਬ੍ਰਹਮੰਡ ਸਾਰੀ ਰਚਨਾ ਚੱਲ ਰਹੀ ਹੈ।

## ਹਰਿ ਤਾਰਨ ਤਰਨ ਸਮਰਥ ਸਭੈ ਬਿਧਿ; ਕੁਲਹ ਸਮੂਹ ਉਧਾਰਨ ਸਉ॥

ਹੇ **ਸਮਰਥ (ਹਰਿ)** ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ! ਆਪ ਜੀ **ਤਾਰਨ** ਲਈ **(ਤਰਨ)** ਜਹਾਜ਼ ਸਰੂਪ ਹੋ, ਇਸ ਸੰਸਾਰ ਸਮੁੰਦ੍ਰ ਦੇ ਵਿਸ਼ੇ ਰੂਪੀ ਜਲ 'ਚ ਡੁੱਬ ਰਹੇ ਆਪਣੇ ਗਰੀਬ ਬੱਚਿਆਂ ਨੂੰ ਆਪਣਾ ਹਸਤਕਮਲ ਦੇ ਕੇ ਭਾਵ ਆਪਣੇ ਹਸਤਕਮਲ ਨਾਲ ਬਾਹੋਂ ਫੜ ਕੇ ਕੱਢਣ ਦੀਆਂ **(ਸਭੈ)** ਸਾਰੀਆਂ **(ਬਿਧਿ)** ਬਿਧੀਆਂ ਜਾਣਦੇ ਹੋਂ ਜੀ। ਆਪ ਜੀ **(ਸਉ)** ਭਲੀ ਪ੍ਰਕਾਰ ਆਪਣੇ ਗਰੀਬ ਬੱਚਿਆਂ ਦੀਆਂ **(ਸਮੂਹ)** ਸਾਰੀਆਂ **(ਕੁਲਹ)** ਕੁਲਾਂ ਨੂੰ ਉਧਾਰਨ ਵਾਲੇ ਹੋਂ ਜੀ।

## ਚਿਤ ਚੇਤਿ ਅਚੇਤ, ਜਾਨਿ ਸਤਸੰਗਤਿ; ਭਰਮ ਅੰਧੇਰ ਮੋਹਿਓ, ਕਤ ਧੰਉ॥

ਮਾਇਆ ਦੇ **ਭਰਮ**, ਅਗਿਆਨ ਦੇ **(ਅੰਧੇਰ)** ਅੰਧੇਰੇ 'ਚ, ਵਿਕਾਰਾਂ ਮਾਇਆ ਦਾ **(ਮੋਹਿਓ)** ਮੋਹਿਆ ਹੇ **(ਅਚੇਤ)** ਮੂੜ੍ਹੇ! ਤੂੰ ਚੌਰਾਸੀ ਲੱਖ ਜੂੰਨਾਂ **(ਕਤ)** ਕਿਉਂ **(ਧੰਉ)** ਦੌੜਦਾ? **ਸਤਸੰਗਤਿ** ਨੂੰ ਸਰਬ ਸ੍ਰੋਮਣੀ ਅਕਾਲਪੁਰਖੁ ਵਾਹਿਗੁਰੂ ਜੀ ਦਾ ਸਰੂਪ **ਜਾਨਿ** ਕੇ, ਗੁਰਮੁਖਿ ਪ੍ਰੇਮੀਆਂ ਨਾਲ ਆਪਨੇ **ਚਿਤ** 'ਚ ਸਰਬ ਵਿਆਪੀ ਵਾਹਿਗੁਰੂ ਜੀ ਨੂੰ **(ਚੇਤਿ)** ਚੇਤੇ ਕਰਨਾ ਕਰ। ਯਥਾ:- **ਰੇ ਚਿਤ ਚੇਤਿ; ਚੇਤ ਅਚੇਤ॥ ਕਾਹੇ; ਨ ਬਾਲਮੀਕਹਿ ਦੇਖ॥ ਕਿਸੁ ਜਾਤਿ ਤੇ, ਕਿਹ ਪਦਹਿ ਅਮਰਿਓ; ਰਾਮ ਭਗਤਿ ਬਿਸੇਖ॥੧॥ਰਹਾਉ॥) ਬਾਲਮੀਕੈ; ਹੋਆ ਸਾਧਸੰਗੁ॥**

## ਮੂਰਤ ਘਰੀ ਚਸਾ ਪਲੁ ਸਿਮਰਨ; ਰਾਮ ਨਾਮੁ ਰਸਨਾ ਸੰਗਿ ਲਉ॥

**(ਮੂਰਤ)** ਦੋ ਘੜੀਆਂ, **(ਘਰੀ)** ਸੱਠ ਪਲ, **(ਚਸਾ)** ਪੰਦ੍ਹਾਂ ਵਿਸੁਏ, ਇਕ **ਪਲੁ** ਲਈ ਮਨ ਨੂੰ

ਇਕਾਗਰ ਕਰਕੇ **ਸਿਮਰਨ** ਕਰ। **(ਰਾਮ)** ਸਰਬ ਵਿਆਪੀ ਅਕਾਲਪੁਰਖੁ ਜੀ ਦਾ ਸੱਚਾ **ਨਾਮੁ** ਵਾਹਿਗੁਰੂ ਵਾਹਿਗੁਰੂ ਪ੍ਰੇਮ ਰੂਪੀ **ਰਸਨਾ (ਸੰਗਿ)** ਨਾਲ **(ਲਉ)** ਲੈਣਾ ਕਰ। ਯਥਾ:- **ਏਕ ਨਿਮਖ; ਜੋ ਸਿਮਰਨ ਮਹਿ ਜੀਆ॥ ਕੋਟਿ ਦਿਨਸ ਲਾਖ; ਸਦਾ ਥਿਰੁ ਥੀਆ॥੧॥ਰਹਾਉ॥**

## ਹੋਛਉ ਕਾਜੁ ਅਲਪ ਸੁਖ ਬੰਧਨ; ਕੋਟਿ ਜਨੰਮ. ਕਹਾ ਦੁਖ ਭੰਉ॥

ਹੇ ਮੂੜ੍ਹੇ! **(ਹੋਛਉ)** ਤੁੱਛ ਮਾਇਕੀ **(ਕਾਜੁ)** ਕਾਰਜਾਂ, ਵਿਸ਼ਿਆਂ ਦੇ **(ਅਲਪ)** ਰੱਤੀ ਮਾਤ੍ਰ **ਸੁਖ** ਭੋਗਣ ਲਈ **(ਬੰਧਨ)** ਬੰਧਨਾਂ 'ਚ ਗ੍ਰਸਿਆ **(ਕੋਟਿ)** ਕ੍ਰੋੜਾਂ **(ਜਨੰਮ)** ਜਨਮ **(ਕਹਾ)** ਕਿਸ ਲਈ **ਦੁਖ (ਭੰਉ)** ਭੋਗਦਾ ਹੈ। ਯਥਾ:- **ਈਤ ਊਤ. ਨਹੀ ਬੀਛੁੜੈ; ਸੋ ਸੰਗੀ ਗਨੀਐ॥ ਬਿਨਸਿ ਜਾਇ ਜੋ ਨਿਮਖ ਮਹਿ; ਸੋ ਅਲਪ ਸੁਖੁ ਭਨੀਐ॥ਰਹਾਉ॥**

## ਸਿਖੵਾ ਸੰਤ. ਨਾਮੁ ਭਜੁ ਨਾਨਕ; ਰਾਮ ਰੰਗਿ ਆਤਮ ਸਿਉ ਰੰਉ॥੨॥

**(ਨਾਨਕ)** ਪਰਮਪੂਜਨੀਕ ਸੱਚੇ ਕੰਤ ਸੱਚੇ ਭਗਵੰਤ ਸੱਚੇ ਪਾਰਬ੍ਰਹਮ ਬਿਅੰਤ ਸੱਚੇ ਖਸਮ, ਸੱਚੇ ਨਾਮ ਗੁਰਬਾਣੀ ਅਨੰਦ ਦੇ ਸੱਚੇ ਵੱਡੇ ਦਾਤੇ, ਨਿਰਵਿਕਾਰੀ, ਨਿਰਹੰਕਾਰੀ, ਧੀਰਜਧਾਰੀ, ਨਿਰੰਕਾਰੀ, ਪੀਰਨ ਕੇ ਪੀਰ, ਪੁਰਖ ਬਿਧਾਤੇ, ਸਮਰੱਥ ਸੁਆਮੀ, ਪਰਮਪੂਜਨੀਕ **ਪ੍ਰੀਤਮ ਪ੍ਰੇਮ ਭਗਤਿ ਕੇ ਦਾਤੇ॥** ਸਤਿਗੁਰੂ ਗਿਰੰਥ ਸਾਹਿਬ ਜੀ ਫ਼ੁਰਮੌਂਦੇ ਹਨ ਜੀ:- ਹੇ ਮੂੜ੍ਹੇ! **ਸੰਤਨ ਕੀ ਸੁਣਿ ਸਾਚੀ ਸਾਖੀ॥ (ਸੰਤ)** ਪਰਮਪੂਜਨੀਕ ਦਸ ਸਤਿਗੁਰੂ ਸਾਹਿਬਾਨ ਜੀ ਦੀ ਨਿਰਮਲ **ਅਮੁਲੀਕ ਲਾਲ; ਏਹਿ ਰਤਨ॥ (ਸਿਖੵਾ)** ਸਿੱਖਿਆ ਨੂੰ ਸੁਣ ਮੰਨ ਕੇ ਦਿਨ ਰਾਤ **ਨਾਮੁ** ਗੁਰਬਾਣੀ ਜੀ ਨੂੰ **(ਭਜੁ)** ਜਪਣਾ ਸਿਮਰਨਾ ਧਿਔਣਾ ਕਰ। ਰੋਮਿ ਰੋਮਿ ਦੇ **(ਰੰਗਿ)** ਪ੍ਰੇਮ **(ਸਿਉ)** ਨਾਲ **(ਆਤਮ)** ਮਨ ਦੇ ਨਾਲ **(ਰਾਮ)** ਸੱਚੇ ਵਾਹਿਗੁਰੂ ਜੀ ਸੱਚੇ, ਸੱਚੇ ਵਾਹਿਗੁਰੂ ਜੀ ਸੱਚੇ **(ਰੰਉ)** ਉਚਾਰਨਾ ਕਰ।ਯਥਾ:- **ਹਲਤਿ ਸੁਖੁ. ਪਲਤਿ ਸੁਖੁ, ਨਿਤ ਸੁਖੁ ਸਿਮਰਨੋ; ਨਾਮੁ ਗੋਬਿੰਦ ਕਾ ਸਦਾ ਲੀਜੈ॥**

## ਰੰਚਕ ਰੇਤ ਖੇਤ ਤਨਿ ਨਿਰਮਿਤ; ਦੁਰਲਭ ਦੇਹ ਸਵਾਰਿ ਧਰੀ॥

**(ਰੰਚਕ)** ਥੋੜ੍ਹੇ ਜਿਹੀ ਪਿਤਾ ਦੀ **(ਰੇਤ)** ਬਿੰਦ ਨੂੰ ਮਾਤਾ ਦੇ **(ਤਨਿ)** ਸ੍ਰੀਰ ਰੂਪੀ **ਖੇਤ** 'ਚ **(ਨਿਰਮਿਤ)** ਇਸਥਿੱਤ ਕਰਨੇ ਨਾਲ, ਅਕਾਲਪੁਰਖੁ ਵਾਹਿਗੁਰੂ ਜੀ ਨੇ ਆਪਨੇ ਚੇਤਨ ਸੱਤਾ ਪਾ ਕੇ, ਉਦਰ 'ਚ ਸਿਮਰਨ ਕਰਵਾ ਕੇ **(ਦੁਰਲਭ)** ਕਠਨ ਪ੍ਰਾਪਤ ਹੋਣ ਵਾਲੀ ਅਮੋਲਕ **ਦੇਹ (ਸਵਾਰਿ)** ਬਣਾ ਕੇ **(ਧਰੀ)** ਰੱਖ ਦਿਤੀ। ਯਥਾ:- **ਰਮਈਆ ਕੇ ਗੁਨ; ਚੇਤਿ ਪਰਾਨੀ॥ ਜਿਨਿ ਤੂੰ; ਸਾਜਿ ਸਵਾਰਿ ਸੀਗਾਰਿਆ॥) ਬਿੰਦੁ ਤੇ ਜਿਨਿ ਪਿੰਡੁ ਕੀਆ; ਅਗਨਿ ਕੁੰਡ ਰਹਾਇਆ॥ ਦਸ ਮਾਸ. ਮਾਤਾ ਉਦਰਿ ਰਾਖਿਆ; ਬਹੁਰਿ ਲਾਗੀ ਮਾਇਆ॥੧॥**

## ਖਾਨ ਪਾਨ ਸੋਂਧੇ ਸੁਖ ਭੁੰਚਤ; ਸੰਕਟ ਕਾਟਿ ਬਿਪਤਿ ਹਰੀ॥

**ਦੀਨ ਦਇਆਲ ਕ੍ਰਿਪਾਲ ਪ੍ਰਭ ਸੁਆਮੀ;** ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ ਨੇ ਛੱਤੀ ਪ੍ਰਕਾਰ ਦੇ ਭੋਜਨ **ਖਾਨ** ਲਈ, ਅਨੇਕ ਤਰ੍ਹਾਂ ਦੇ ਬਸਤ੍ਰ **(ਪਾਨ)** ਪਹਿਨ੍ਹਣ ਲਈ, ਰਹਿਣ ਲਈ ਸੁੰਦਰ **(ਸੋਂਧੇ)** ਘਰ ਆਦਿਕ ਬਿਅੰਤ ਪ੍ਰਕਾਰ ਦੇ **ਸੁਖ (ਭੁੰਚਤ)** ਭੋਗਣ ਲਈ ਬਖ਼ਸ਼ੇ ਹਨ। **(ਸੰਕਟ)** ਦੁੱਖਾਂ ਨੂੰ **(ਕਾਟਿ)** ਕੱਟ ਕੇ, **(ਬਿਪਤਿ)** ਬਿਪਤਾ ਨੂੰ **(ਹਰੀ)** ਨਾਸ ਕਰ ਦਿਤੀ ਹੈ।

## ਮਾਤ ਪਿਤਾ ਭਾਈ ਅਰੁ ਬੰਧਪ; ਬੂਝਨ ਕੀ ਸਭ ਸੂਝ ਪਰੀ॥

ਇਹ ਮੇਰੇ **(ਮਾਤ)** ਮਾਤਾ **ਪਿਤਾ**, **ਭਾਈ** **(ਅਰੁ)** ਅਤੇ **(ਬੰਧਪ)** ਸਬੰਧੀ ਹਨ। ਇਹ **(ਸਭ)** ਸਾਰੇ ਰਿਸ਼ਤਿਆਂ **(ਕੀ)** ਦੀ **(ਬੂਝਨ)** ਪਛਾਣ, **(ਸੂਝ)** ਸਮਝ ਤੈਨੂੰ **(ਪਰੀ)** ਪਈ ਹੈ।

## ਬਰਧਮਾਨ ਹੋਵਤ. ਦਿਨ ਪ੍ਰਤਿ ਨਿਤ; ਆਵਤ ਨਿਕਟਿ ਬਿਖੰਮ ਜਰੀ॥

**ਦਿਨ** ਰਾਤ **(ਨਿਤ)** ਨਿਤਾ **(ਪ੍ਰਤਿ)** ਪ੍ਰਤੀ ਸ੍ਰੀਰ **(ਬਰਧਮਾਨ)** ਵੱਧ ਫ਼ੁਲ **(ਹੋਵਤ)** ਰਹਿਆ ਹੈ। **(ਬਿਖੰਮ)** ਕਠਨ **(ਜਰੀ)** ਬਢੇਪਾ **(ਨਿਕਟਿ)** ਨੇੜੇ **(ਆਵਤ)** ਆ ਰਿਹਾ ਹੈ।

## ਰੇ ਗੁਨ ਹੀਨ, ਦੀਨ ਮਾਇਆ ਕ੍ਰਿਮ; ਸਿਮਰਿ ਸੁਆਮੀ ਏਕ ਘਰੀ॥

**(ਰੇ)** ਹੇ ਸ਼ੁਭ **(ਗੁਨ)** ਗੁਣਾਂ ਤੋਂ **(ਹੀਨ)** ਰਹਿਤ ਮਨਮੁਖ **(ਦੀਨ)** ਗ੍ਰੀਬ ਨਿਰਬਲ, ਮਾਇਆ ਦੇ **(ਕ੍ਰਿਮ)** ਕੀੜੇ! ਸੁੰਦਰ **(ਸੁਆਮੀ)** ਮਾਲਕ ਵਾਹਿਗੁਰੂ ਜੀ ਨੂੰ ਮਨ ਨੂੰ ਇਕਾਗਰ ਕਰਕੇ ਪੂਰਨ ਪ੍ਰੇਮ ਪ੍ਰਤੀਤ ਨਾਲ **(ਏਕ)** ਇੱਕ **(ਘਰੀ)** ਘੜੀ **(ਸਿਮਰਿ)** ਯਾਦ ਕਰਨਾ ਕਰ। ਤਾਂ ਤੇਰੇ ਸਾਰੇ ਔਗੁਣ, ਦੁੱਖ ਰੋਗ ਕਸ਼ਟਾਂ ਦੀ ਨਿਵਿਰਤੀ ਹੋ ਜਾਵੇਗੀ, ਮਾਇਆ ਦੇ ਜੰਜਾਲ ਤੋਂ ਮੁਕਤ, ਜੀਵਨ ਮੁਕਤੀ ਦਾ ਸਦਾ ਅਨੰਦ ਪ੍ਰਾਪਤ ਹੋ ਜਾਵੇਗਾ। ਯਥਾ:- **ਏਕ ਚਿਤ; ਜਿਹ ਇਕ ਛਿਨ ਧਿਆਇਓ॥ ਕਾਲ ਫਾਸ ਕੇ; ਬੀਚ ਨ ਆਇਓ॥) ਏਕ ਬਾਰ; ਜਿਨ ਤੁਮੈਂ ਸੰਭਾਰਾ॥ ਕਾਲ ਫਾਂਸ ਤੇ; ਤਾਹਿ ਉਬਾਰਾ॥**

## ਕਰੁ ਗਹਿ ਲੇਹੁ ਕ੍ਰਿਪਾਲ ਕ੍ਰਿਪਾਨਿਧਿ; ਨਾਨਕ. ਕਾਟਿ ਭਰੰਮ ਭਰੀ॥੩॥

**(ਨਾਨਕ)** ਵਾਹਿਗੁਰੂ ਅਜਪਾ ਜਾਪ ਵਾਹਿਗੁਰੂ ਸਤਿਗੁਰੂ ਗਿਰੰਥ ਸਾਹਿਬ ਜੀ ਫ਼ੁਰਮੌਂਦੇ ਹਨ ਜੀ:- ਹੇ **(ਕ੍ਰਿਪਾਲ)** ਕ੍ਰਿਪਾ ਦੇ ਘਰ, **(ਕ੍ਰਿਪਾ+ਨਿਧਿ)** ਕ੍ਰਿਪਾ ਦੇ ਖ਼ਜ਼ਾਨੇ ਪਰਮਪੂਜਨੀਕ ਦਸ ਸਤਿਗੁਰੂ ਸਾਹਿਬਾਨ ਜੀ! ਮਹਾਂ ਵਿਸਮਾਦ ਕ੍ਰਿਪਾ ਕਰਕੇ ਆਪਣੇ ਬਲਵਾਨ ਸੁੰਦਰ ਹਸਤਕਮਲਾਂ ਨਾਲ ਦਾਸਨਦਾਸ ਦਾ **(ਕਰੁ)** ਹੱਥ **(ਗਹਿ)** ਫ਼ੜ **(ਲੇਹੁ)** ਲਵੋ ਜੀ, ਸਿਰ ਤੋਂ **(ਭਰੰਮ)** ਭਰਮ ਦੀ **(ਭਰੀ)** ਪੰਡ ਨੂੰ **(ਕਾਟਿ)** ਕੱਟ ਦੇਵੋ ਜੀ॥**੩**॥

## ਰੇ ਮਨ ਮੂਸ, ਬਿਲਾ ਮਹਿ ਗਰਬਤ; ਕਰਤਬ ਕਰਤ ਮਹਾਂ ਮੁਘਨਾਂ॥

**(ਰੇ)** ਹੇ **(ਮੂਸ)** ਚੂਹੇ ਰੂਪੀ **ਮਨ**! **(ਗਰਬਤ)** ਹੰਕਾਰ ਰੂਪੀ **(ਬਿਲਾ)** ਖੱਡ **(ਮਹਿ)** 'ਚ ਫਸ ਰਹਿਆ ਹੈ। ਅਥਵਾ ਤੂੰ ਸ੍ਰੀਰ ਰੂਪੀ **(ਬਿਲਾ)** ਖੱਡ **(ਮਹਿ)** 'ਚ **(ਗਰਬਤ)** ਹੰਕਾਰ ਕਰਦਾ ਹੈ। **ਮਹਾਂ** **(ਮੁਘਨਾਂ)** ਮੂਰਖਾਂ ਵਾਲੇ **(ਕਰਤਬ)** ਕਰਮ **(ਕਰਤ)** ਕਰਦਾ ਹੈ।

## ਸੰਪਤ ਦੋਲ ਝੋਲ ਸੰਗਿ ਝੂਲਤ; ਮਾਇਆ ਮਗਨ ਭ੍ਰਮਤ ਘੁਘਨਾ॥

**(ਸੰਪਤ)** ਬਿਭੂਤੀ **ਮਾਇਆ** ਦੇ **(ਦੋਲ)** ਪੰਘੂੜੇ **(ਸੰਗਿ)** ਨਾਲ **(ਝੋਲ)** ਝੰਡੇ **(ਝੂਲਤ)** ਝੁਲਦੇ ਹਨ। ਜਿਵੇਂ ਕਾਰੂ ਪਾਤਸਾਹ ਦੇ ਰਾਜ 'ਚ ਜਿੱਥੇ ਜਿੱਥੇ ਮਾਇਆ ਧਰਤੀ 'ਚ ਦੱਬੀ ਸੀ ਉੱਥੇ ਉੱਥੇ ਝੰਡੇ ਝੁਲਦੇ ਸਨ। ਮਾਇਆਧਾਰੀ ਮਨਮੁਖ **(ਘੁਘਨਾ)** ਉਲੂ ਵਾਂਗ ਮਾਇਆ 'ਚ **(ਮਗਨ)** ਮਸਤ ਦੇਸ਼ਾਂ ਪ੍ਰਦੇਸ਼ਾਂ 'ਚ **(ਭ੍ਰਮਤ)** ਭਰਮਦਾ ਹੈ।

## ਸੁਤ ਬਨਿਤਾ, ਸਾਜਨ ਸੁਖ ਬੰਧਪ; ਤਾ ਸਿਉ ਮੋਹੁ ਬਢਿਓ ਸੁ ਘਨਾ॥

**(ਸੁਤ)** ਪੁੱਤ੍ਰਾਂ, **(ਬਨਿਤਾ)** ਪਤਨੀ, **(ਸਾਜਨ)** ਸੱਜਣ ਮਿੱਤ੍ਰ, **(ਬੰਧਪ)** ਭਾਈਆਂ ਦੇ **ਸੁਖ** ਝੂਠੇ ਹਨ। **ਤਾ** ਭੀ ਤੂੰ ਉਨ੍ਹਾਂ **(ਸਿਉ)** ਨਾਲ **ਮੋਹੁ** **(ਸੁ)** ਭਲੀ ਪ੍ਰਕਾਰ **(ਘਨਾ)** ਬਹੁਤਾ **(ਬਢਿਓ)** ਵਧਾਇਆ ਹੈ। ਯਥਾ:- **ਮਾਤ ਪਿਤਾ ਸੁਤ ਨੇਹੁ ਘਨੇਰਾ; ਮਾਇਆ ਮੋਹੁ ਸਬਾਈ॥**

## ਬੋਇਓ ਬੀਜੁ ਅਹੰ. ਮਮ ਅੰਕੁਰੁ; ਬੀਤਤ ਅਉਧ, ਕਰਤ ਅਘਨਾਂ॥

**(ਅਹੰ)** ਹੰਕਾਰ ਦਾ **ਬੀਜੁ** **(ਬੋਇਓ)** ਬੀਜਿਆ ਹੈ, ਤਾਂ **(ਮਮ)** ਮੋਹ ਮਮਤਾ **(ਅੰਕੁਰੁ)** ਉੱਗ ਰਿਹਾ ਹੈ। **(ਅਘਨਾਂ)** ਪਾਪ ਕਰਦਿਆਂ ਦਿਨ ਪ੍ਰਤੀ ਦਿਨ **(ਅਉਧ)** ਉਮਰ **(ਬੀਤਤ)** ਬਤੀਤ **(ਕਰਤ)** ਕਰਦਾ ਹੈ।

## ਮਿਰਤੁ ਮੰਜਾਰ ਪਸਾਰਿ ਮੁਖੁ ਨਿਰਖਤ; ਭੁੰਚਤ ਭੁਗਤਿ ਭੂਖ ਭੁਖਨਾ॥

ਹੇ ਅਗਿਆਨੀ ਮਨ! ਤੈਨੂੰ ਖਾਣ ਦਾ ਭੁੱਖਾ, **(ਮਿਰਤੁ)** ਮੌਤ ਰੂਪੀ **(ਮੰਜਾਰ)** ਬਿੱਲਾ ਆਪਣਾ **(ਮੁਖੁ)** ਮੂੰਹ **(ਪਸਾਰਿ)** ਖੋਲ੍ਹ ਕੇ **(ਨਿਰਖਤ)** ਵੇਖ ਰਿਹਾ ਹੈ। ਪਰ ਤੂੰ ਵੇਪਰਵਾਹੀ 'ਚ ਪ੍ਰਭੂ ਸਿਮਰਨ, ਪਰਉਪਕਾਰ ਕਰਨ ਵਿਸਾਰ ਕੇ, ਮਾਇਆ ਦੇ **(ਭੁੰਚਤ)** ਭੋਗਾਂ ਨੂੰ **(ਭੁਗਤਿ)** ਭੋਗ ਰਿਹਾ ਹੈਂ। ਇਨ੍ਹਾਂ ਪਦਾਰਥਾਂ ਨੂੰ ਭੋਗ ਕੇ ਤੂੰ **(ਭੂਖ)** ਭੁੱਖਾ ਦਾ **(ਭੁਖਨਾ)** ਭੁੱਖਾ ਕਦੇ ਰੱਜਦਾ ਨਹੀਂ।

## ਸਿਮਰਿ ਗੁਪਾਲ ਦਇਆਲ ਸਤਸੰਗਤਿ; ਨਾਨਕ ਜਗੁ ਜਾਨਤ ਸੁਪਨਾ॥੪॥

**(ਨਾਨਕ)** ਅਜਪਾ ਜਾਪ ਵਾਹਿਗੁਰੂ ਸਤਿਗੁਰੂ ਗਿਰੰਥ ਸਾਹਿਬ ਜੀ ਫ਼ਰਮੌਂਦੇ ਹਨ ਜੀ:- ਹੇ ਮਨਾ! **(ਦਇਆਲ)** ਦਇਆ ਦੇ ਘਰ, ਸੁੰਦਰ, ਮਨਮੋਹਨ **(ਗੁਪਾਲ)** ਸ੍ਰੀਰੰਗੋ ਵਾਹਿਗੁਰੂ ਜੀ ਨੂੰ ਸੱਚੀ **ਸਤਸੰਗਤਿ** 'ਚ **(ਸਿਮਰਿ)** ਯਾਦ ਕਰ। ਇਹ **ਜਗੁ ਸੁਪਨਾ** ਭਾਵ ਝੂਠ ਅਣਹੋਇਆ **(ਜਾਨਤ)** ਜਾਨਣਾ ਕਰ॥੪॥ ਯਥਾ:- **ਨਾਨਕ ਜਨ. ਕਹਿ ਪੁਕਾਰਿ; ਸੁਪਨੈ ਜਿਉ ਜਗੁ ਪਸਾਰਿ॥ ਸਿਮਰਤ ਨਹ ਕਿਉ. ਮੁਰਾਰਿ; ਮਾਇਆ ਜਾ ਕੀ ਚੇਰੀ॥੨॥੩॥) ਜਗਿ ਜੀਵਨੁ ਐਸਾ ਸੁਪਨੇ ਜੈਸਾ; ਜੀਵਨੁ ਸੁਪਨ ਸਮਾਨੰ॥**

## ਦੇਹਨ ਗੇਹਨ, ਨੇਹ ਨ ਨੀਤਾ; ਮਾਇਆ ਮਤ. ਕਹਾ ਲਉ ਗਾਰਹੁ॥

ਹੇ ਹੰਕਾਰੀ! **(ਦੇਹਨ)** ਸ੍ਰੀਰਾਂ, **(ਗੇਹਨ)** ਘਰਾਂ ਦਾ **(ਨੇਹ)** ਪ੍ਰੇਮ **(ਨੀਤਾ)** ਨਿਤ **(ਨ)** ਨਹੀਂ ਰਹਿਣ ਵਾਲਾ। ਮਾਇਆ 'ਚ **(ਮਤ)** ਮਸਤ ਹੋ ਕੇ **(ਕਹਾ)** ਕਿੱਥੋਂ **(ਲਉ)** ਤੱਕ ਅਪਣੇ ਆਪ ਤੇ ਦੂਜਿਆਂ ਨੂੰ **(ਗਾਰਹੁ)** ਗਾਲ਼ੇਂਗਾ।

## ਛਤ੍ਰਨ ਪਤ੍ਰਨ ਚਉਰ ਨ ਚਾਵਰ; ਬਹਤੀ ਜਾਤ. ਰਿਦੈ, ਨ ਬਿਚਾਰਹੁ॥

ਸਿਰ 'ਤੇ **(ਛਤ੍ਰਨ)** ਛਤ੍ਰ, ਹੁਕਮਾਂ ਦੇ **(ਪਤ੍ਰਨ)** ਪਰਵਾਨੇ, **ਚਉਰ** ਕਰਨ ਵਾਲੇ **(ਚਾਵਰ)** ਚੌਰਬਰਦਾਰ ਭੀ **(ਨ)** ਨਹੀਂ ਰਹਿਣੇ। ਉਮਰ **(ਬਹਤੀ)** ਚਲਦੀ **(ਜਾਤ)** ਜਾ ਰਹੀ ਹੈ, ਪਰ ਮਾਇਆ 'ਚ ਗ੍ਰਸਿਆ **(ਰਿਦੈ)**

ਹਿਰਦੇ 'ਚ ਸ਼ੁਭ **(ਬਿਚਾਰਹੁ)** ਵੀਚਾਰ **(ਨ)** ਨਹੀਂ ਕਰਦਾ। ਯਥਾ:- **ਫਰੀਦਾ. ਚਾਰਿ ਗਵਾਇਆ ਹੰਢਿ ਕੈ; ਚਾਰਿ ਗਵਾਇਆ ਸੰਮਿ॥ ਲੇਖਾ ਰਬੁ ਮੰਗੇਸੀਆ; ਤੂ ਆਂਹੋ ਕੇਰ੍ਹੇ ਕੰਮਿ॥੩੮॥) ਰੈਣਿ ਗਵਾਈ ਸੋਇ ਕੈ; ਦਿਵਸੁ ਗਵਾਇਆ ਖਾਇ॥ ਹੀਰੇ ਜੈਸਾ ਜਨਮੁ ਹੈ; ਕਉਡੀ ਬਦਲੇ ਜਾਇ॥੧॥) ਦਿਨ ਤੇ ਪਹਰ. ਪਹਰ ਤੇ ਘਰੀਆਂ; ਆਵ ਘਟੈ ਤਨੁ ਛੀਜੈ॥ ਕਾਲੁ ਅਹੇਰੀ ਫਿਰੈ ਬਧਿਕ ਜਿਉ; ਕਹਹੁ ਕਵਨ ਬਿਧਿ ਕੀਜੈ॥੧॥) ਅਉਧ ਘਟੈ; ਦਿਨਸੁ ਰੈਣਾਰੇ॥ ਮਨ ਗੁਰ ਮਿਲਿ; ਕਾਜ ਸਵਾਰੇ॥੧॥ਰਹਾਉ॥) ਬਿਨੁ ਸਿਮਰਨ; ਦਿਨੁ ਰੈਨਿ ਬ੍ਰਿਥਾ ਬਿਹਾਇ॥ ਮੇਘ ਬਿਨਾ; ਜਿਉ ਖੇਤੀ ਜਾਇ॥**

## ਰਥਨ ਅਸ੍ਵਨ, ਗਜ ਸਿੰਘਾਸਨ; ਛਿਨ ਮਹਿ ਤਿਆਗਤ, ਨਾਂਗ ਸਿਧਾਰਹੁ॥

ਜੰਗੀ **(ਰਥਨ)** ਰਥਾਂ, ਸੁੰਦਰ **(ਅਸ੍ਵਨ)** ਘੋੜੇ, **(ਗਜ)** ਹਾਥੀ, ਰਾਜ **ਸਿੰਘਾਸਨ** ਆਦਿ ਸਭ **(ਛਿਨ)** ਖਿਨ **(ਮਹਿ)** 'ਚ **(ਤਿਆਗਤ)** ਤਿਆਗ ਕੇ **(ਨਾਂਗ)** ਨੰਗੇ ਪ੍ਰਲੋਕ ਨੂੰ **(ਸਿਧਾਰਹੁ)** ਚਲਿਆ ਜਾਵੇਂਗਾ। ਯਥਾ:-**ਮਾਤੇ ਮਤੰਗ ਜਰੇ ਜਰ ਸੰਗਿ; ਅਨੂਪ ਉਤੰਗ ਸੁਰੰਗ ਸਵਾਰੇ॥ ਕੋਟ ਤੁਰੰਗ ਕੁਰੰਗ ਸੇ ਕੂਦਤ; ਪੌਨ ਕੇ ਗਉਨ ਕਉ ਜਾਤ ਨਿਵਾਰੇ॥ ਭਾਰੀ ਭੁਜਾਨ ਕੇ ਭੂਪ ਭਲੀ ਬਿਧਿ; ਨਿਆਵਤ ਸੀਸ ਨ ਜਾਤ ਬਿਚਾਰੇ॥ ਏਤੇ ਭਏ ਤੋ ਕਹਾ ਭਏ ਭੂਪਤ; ਅੰਤ ਕੌ ਨਾਗੇ ਹੀ ਪਾਇ ਪਧਾਰੇ॥੨॥੨੨॥**

## ਸੂਰਨ ਬੀਰਨ ਮੀਰ ਨ ਖਾਨਮ; ਸੰਗਿ. ਨ ਕੋਊ, ਦ੍ਰਿਸਟਿ ਨਿਹਾਰਹੁ॥

**(ਸੂਰਨ)** ਸੂਰਮਿਆਂ, **(ਬੀਰਨ)** ਬਹਾਦਰਾਂ, **(ਮੀਰ)** ਪਾਤਿਸ਼ਾਹਾਂ, **(ਖਾਨਮ)** ਪਠਾਣ ਆਦਿ **(ਨ)** ਨਹੀਂ ਰਹਿਣੇ। ਪੂਰੇ ਸਤਿਗੁਰੂ ਸਾਹਿਬ ਜੀ ਤੋਂ ਬਿਨਾਂ **(ਕੋਊ)** ਕੋਈ ਲੋਕ ਪ੍ਰਲੋਕ 'ਚ **(ਸੰਗਿ)** ਸੰਗੀ **(ਨ)** ਨਹੀਂ ਹੈ, **(ਦ੍ਰਿਸਟਿ)** ਨਿਗ੍ਹਾ ਮਾਰ ਕੇ **(ਨਿਹਾਰਹੁ)** ਦੇਖ ਲੈ।

## ਕੋਟਨ ਓਟਨ ਕੋਸ. ਨ ਛੋਟਾ; ਕਰਤ ਬਿਕਾਰ, ਦੋਊ ਕਰ ਝਾਰਹੁ॥

ਵੱਡੇ ਵੱਡੇ **(ਕੋਟਨ)** ਕਿਲ੍ਹਿਆਂ ਦੀ **(ਓਟਨ)** ਓਟ ਨਾਲ ਜਾਂ **(ਕੋਸ)** ਖ਼ਜ਼ਨੇ ਕਰਕੇ ਭੀ ਕਾਲ ਤੋਂ **(ਛੋਟਾ)** ਛੁਟਕਾਰਾ **(ਨ)** ਨਹੀਂ ਹੁੰਦਾ। ਦਿਨ ਰਾਤ **(ਬਿਕਾਰ)** ਪਾਪ **(ਕਰਤ)** ਕਰਦਿਆਂ ਅੰਤ ਨੂੰ **(ਦੋਊ)** ਦੋਵੇਂ **(ਕਰ)** ਹੱਥ **(ਝਾਰਹੁ)** ਝਾੜ ਕੇ, ਜਮਪੁਰੀ ਨੂੰ ਚਲਿਆ ਜਾਵੇਂਗਾ।

## ਮਿਤ੍ਰ ਨ ਪੁਤ੍ਰ ਕਲਤ੍ਰ ਸਾਜਨ ਸਖ; ਉਲਟਤ ਜਾਤ, ਬਿਰਖ ਕੀ ਛਾਂਰਹੁ॥

ਜਿਵੇਂ **(ਬਿਰਖ)** ਬ੍ਰਿਛ **(ਕੀ)** ਦੀ **(ਛਾਂਰਹੁ)** ਛਾਂ **(ਉਲਟਤ)** ਬਦਲਦੀ **(ਜਾਤ)** ਜਾਂਦੀ, ਸਦਾ ਅਚੱਲ ਨਹੀਂ ਰਹਿੰਦੀ। ਤਿਵੇਂ ਮਿਤ ਪੁਤ੍ਰ **(ਕਲਤ੍ਰ)** ਇਸਤ੍ਰੀ, **(ਸਾਜਨ)** ਸੱਜਨ, **(ਸਖ)** ਸਾਕ ਸਬੰਧੀਆਂ ਸਦਾ ਨਾਲ **(ਨ)** ਨਹੀਂ ਰਹਿਣੇ ਜੀ।

## ਦੀਨ ਦਯਾਲ ਪੁਰਖ ਪ੍ਰਭ ਪੂਰਨ; ਛਿਨ ਛਿਨ ਸਿਮਰਹੁ ਅਗਮ ਅਪਾਰਹੁ॥

**(ਦੀਨ)** ਗ਼ੀਬਾਂ 'ਤੇ **(ਦਯਾਲ)** ਦਇਆ ਕਰਨ ਵਾਲੇ **ਪੂਰਨ ਪੁਰਖ (ਪ੍ਰਭ)** ਸਮਰੱਥ **(ਅਗਮ)** ਸੋਗ

ਰਹਿਤ **(ਅਪਾਰਹੁ)** ਪਾਰਾਵਾਰ ਰਹਿਤ ਸੱਚੇ ਸੱਚੇ ਸੱਚੇ ਵਾਹਿਗੁਰੂ ਜੀ ਨੂੰ **(ਛਿਨ ਛਿਨ)** ਖਿਨ ਖਿਨ ਸੁਆਸ ਸੁਆਸ **(ਸਿਮਰਹੁ)** ਯਾਦ ਕਰ।

## ਸ੍ਰੀਪਤਿ ਨਾਥ ਸਰਣਿ ਨਾਨਕ ਜਨ; ਹੇ ਭਗਵੰਤ ਕ੍ਰਿਪਾ ਕਰਿ ਤਾਰਹੁ॥੫॥

**(ਨਾਨਕ)** ਪਰਉਪਕਾਰੀ ਨਿਰਵਿਕਾਰੀ ਨਿਰਹੰਕਾਰੀ ਵਾਹਿਗੁਰੂ ਸਤਿਗੁਰੂ ਗਿਰੰਥ ਸਾਹਿਬ ਜੀ ਮਹਾਰਾਜ, ਹੰਕਾਰੀ ਵਿਕਾਰੀ ਨੂੰ ਬਖ਼ਸ਼ੌਣ ਲਈ, ਹਉਮੈ ਦੀਰਘ ਨੂੰ ਨਾਸ ਕਰਨ ਲਈ, ਔਗੁਣਾਂ ਵਿਕਾਰਾਂ ਦੀ ਨਿਵਿਰਤੀ ਕਰਨ ਲਈ, ਸਨਮੁਖ ਅਰਦਾਸ ਬੇਨਤੀ, ਅਤਿਅੰਤ ਨਿਮ੍ਰਤਾ ਨਾਲ ਕਰਦੇ ਹਨ ਜੀ:- ਹੇ **(ਸ੍ਰੀਪਤਿ)** ਸ੍ਰੋਮਣੀ ਸੱਚੇ ਕੰਤ ਸੱਚੇ **ਭਗਵੰਤ** ਸੱਚੇ ਪਾਰਬ੍ਰਹਮ ਸੱਚੇ ਬਿਅੰਤ, ਬਿਅੰਤ ਬ੍ਰਹਮੰਡਾਂ ਦੇ **(ਨਾਥ)** ਮਾਲਕ ਦਸ ਸਤਿਗੁਰੂ ਸਾਹਿਬਾਨ ਜੀ! **(ਜਨ)** ਦਾਸਨਦਾਸ ਆਪ ਜੀ ਦੀ ਸੱਚੀ ਸੱਚੀ ਸੱਚੀ **ਸਰਣਿ** 'ਚ ਆਇਆ। ਸਰਬ ਵਿਆਪੀ ਮਹਾਂ ਵਿਸਮਾਦ ਕ੍ਰਿਪਾ **(ਕਰਿ)** ਕਰਕੇ ਭਵ ਸਾਗਰ ਤੋਂ **(ਤਾਰਹੁ)** ਤਾਰ ਲਵੋ ਜੀ॥੫॥ ਯਥਾ:- **ਹਮ ਬਾਰਿਕ; ਹਰਿ ਪਿਤਾ ਪ੍ਰਤਿਪਾਲੀ॥ ਜਨ ਨਾਨਕ ਤਾਰਹੁ; ਨਦਰਿ ਨਿਹਾਲੀ॥੪॥੩॥) ਮੋਕਉ ਤਾਰਿ ਲੇ ਰਾਮਾ; ਤਾਰਿ ਲੇ॥ ਮੈ ਅਜਾਨੁ ਜਨੁ ਤਰਿਬੇ. ਨ ਜਾਨਉ; ਬਾਪ ਬੀਠੁਲਾ ਬਾਹ ਦੇ॥੧॥ਰਹਾਉ॥**

## ਪ੍ਰਾਨ ਮਾਨ ਦਾਨ ਮਗ ਜੋਹਨ; ਹੀਤੁ ਚੀਤੁ ਦੇ, ਲੇ ਲੇ ਪਾਰੀ॥

ਮਨਮੁਖ **(ਮਾਨ)** ਹੰਕਾਰ ਸਹਿਤ ਮਾਇਆ ਨੂੰ ਆਪਨੇ ਪ੍ਰਾਨ ਸਮਝਦਿਆਂ **ਦਾਨ** ਮੰਗਦਾ ਤੇ **(ਮਗ)** ਰਸਤੇ ਵੱਲ (ਜੋਹਨ) ਤੱਕਦਾ, ਕਿ ਜਿਹੜਾ ਲੰਘੇ, ਉਸ ਨੂੰ ਲੁੱਟਾਂ। **(ਹੀਤੁ)** ਹਿਤ ਪ੍ਰੇਮ **(ਚੀਤੁ)** ਚਿੱਤ ਦੇ ਕੇ ਮਾਇਆ **(ਲੇ ਲੇ)** ਲੈ ਲੈ ਕੇ **(ਪਾਰੀ)** ਸੰਭਾਲੀ ਹੈ।

## ਸਾਜਨ ਸੈਨ ਮੀਤ ਸੁਤ ਭਾਈ; ਤਾਹੂ ਤੇ ਲੇ. ਰਖੀ ਨਿਰਾਰੀ॥

**(ਸਾਜਨ)** ਸੱਜਣ, **(ਸੈਨ)** ਸਾਥੀ, **(ਮੀਤ)** ਮਿੱਤ੍ਰ, **(ਸੁਤ)** ਪੁੱਤ੍ਰ, **ਭਾਈ** ਆਦਿ ਸਬੰਧੀਆਂ, **(ਤਾਹੂ)** ਤਿਨ੍ਹਾਂ **(ਤੇ)** ਤੋਂ ਮਾਇਆ ਪਦਾਰਥ **(ਲੇ)** ਲੈ ਕੇ, **(ਨਿਰਾਰੀ)** ਲੁਕੋ ਲੁਕੋ ਕੇ **ਰਖੀ** ਹੈ। ਭਾਵ ਮਾਇਆ ਭਲੇ ਕੰਮਾ, ਪਰਉਪਕਾਰ ਦੇ ਕਾਰਜਾਂ, ਸਾਧੂ ਸੰਤਾਂ ਗੁਰੂਘਰ 'ਤੇ ਨਹੀਂ ਲਾਈ, ਭੁੱਖੇ ਨੂੰ ਭੋਜਨ, ਨੰਗੇ ਨੂੰ ਬਸਤ੍ਰ ਨਹੀਂ ਦਿਤਾ। ਸਗੋਂ ਸਾਰਿਆਂ ਤੋਂ ਮਾਇਆ ਲੁਕੋ ਕੇ ਰੱਖ ਲਈ ਜੀ। ਯਥਾ:- **ਸਲੋਕ ਮਃ ੫॥ ਮਾਇਆ ਮਨਹੁ. ਨ ਵੀਸਰੈ; ਮਾਂਗੈ ਦੰਮਾ ਦੰਮ॥ ਸੋ ਪ੍ਰਭੁ ਚਿਤਿ. ਨ ਆਵਈ; ਨਾਨਕ. ਨਹੀ ਕਰੰਮ॥੧॥**

## ਧਾਵਨ ਪਾਵਨ ਕੂਰ ਕਮਾਵਨ; ਇਹ ਬਿਧਿ ਕਰਤ, ਅਉਧ ਤਨ ਜਾਰੀ॥

ਮਾਇਆ ਨੂੰ **(ਪਾਵਨ)** ਪ੍ਰਾਪਤ ਕਰਨ ਲਈ ਅਨੇਕ ਤਰ੍ਹਾਂ ਦੇ **(ਧਾਵਨ)** ਧਾਵੇ ਮਾਰਦਿਆਂ, **(ਕੂਰ)** ਝੂਠੀ ਕਾਰ **(ਕਮਾਵਨ)** ਕਮੌਂਦਾ ਹੈ। ਮਨਮੁਖ ਨੇ **(ਇਹ)** ਇਸ **(ਬਿਧਿ)** ਤਰ੍ਹਾਂ **(ਕਰਤ)** ਕਰਦਿਆਂ **(ਤਨ)** ਸ੍ਰੀਰ ਦੀ **(ਅਉਧ)** ਉਮਰ ਤ੍ਰਿਸਨਾ 'ਚ **(ਜਾਰੀ)** ਸਾੜ ਲਈ।

## ਕਰਮ ਧਰਮ ਸੰਜਮ ਸੁਚ ਨੇਮਾ; ਚੰਚਲ ਸੰਗਿ. ਸਗਲ ਬਿਧਿ ਹਾਰੀ॥

ਮਨਮੁਖ **ਚੰਚਲ** ਮਾਇਆ **(ਸੰਗਿ)** ਨਾਲ ਲੱਗ ਕੇ, ਲੋਕ ਦਿਖਾਵੇ ਦੇ **ਕਰਮ**, ਫੋਕਟ **ਧਰਮ**, ਕਹਿਣ ਮਾਤ੍ਰ ਇੰਦ੍ਰੀਆਂ ਦਾ **ਸੰਜਮ**, ਦਿਖਾਵੇ ਦਾ **(ਸੁਚ)** ਸੋਚ ਪਵਿੱਤ੍ਰਤਾ, ਪਖੰਡ ਦੇ **(ਨੇਮਾ)** ਨਿਯਮ ਕਮੌਂਦਾ ਹੈ ਜੀ। ਪਰ ਇਹ **(ਸਗਲ)** ਸਾਰੇ **(ਬਿਧਿ)** ਤਰੀਕਿਆਂ ਨਾਲ ਮਨਮੁਖ ਨਿਰਮੋਲਕ ਜੀਵਨ ਬਾਜੀ **(ਹਾਰੀ)** ਹਾਰ ਜਾਂਦਾ ਹੈ ਜੀ ਰਾਮਜੀ।

## ਪਸੁ ਪੰਖੀ ਬਿਰਖ ਅਸਥਾਵਰ; ਬਹੁ ਬਿਧਿ ਜੋਨਿ ਭ੍ਰਮਿਓ, ਅਤਿ ਭਾਰੀ॥

**(ਬਹੁ)** ਬਹੁਤੇ **(ਬਿਧਿ)** ਬਿਧੀਆਂ ਨਾਲ ਸਿਮਰਨ ਪਰਉਪਕਾਰ ਨਾਮ ਹੀਣ ਮਨਮੁਖ **(ਪਸੁ)** ਪਸ਼ੂ**(ਪੰਖੀ)** ਪੰਛੀਆਂ **(ਬਿਰਖ)** ਦਰੱਖਤ **(ਅਸਥਾਵਰ)** ਜੜ੍ਹ ਪਥਰ ਆਦਿ **(ਜੋਨਿ)** ਜੂਨਾਂ 'ਚ **(ਭ੍ਰਮਿਓ)** ਭਰਮਦਾ **(ਅਤਿ)** ਅਤਿਅੰਤ ਭਾਰੀ ਦੁੱਖ ਭੋਗਦਾ ਹੈ ਜੀ। ਯਥਾ:- **ਕਬਹੂ; ਕੀਟ ਹਸਤਿ ਪਤੰਗ ਹੋਇ ਜੀਆ॥ ਅਨਿਕ ਜੋਨਿ; ਭਰਮੈ ਭਰਮੀਆ॥) ਕਈ ਜਨਮ; ਭਏ ਕੀਟ ਪਤੰਗਾ॥ ਕਈ ਜਨਮ; ਗਜ ਮੀਨ ਕੁਰੰਗਾ॥ ਕਈ ਜਨਮ; ਪੰਖੀ ਸਰਪ ਹੋਇਓ॥ ਕਈ ਜਨਮ; ਹੈਵਰ ਬ੍ਰਿਖ ਜੋਇਓ॥੧॥**

## ਖਿਨੁ ਪਲੁ ਚਸਾ ਨਾਮੁ. ਨਹੀ ਸਿਮਰਿਓ; ਦੀਨਾ ਨਾਥ ਪ੍ਰਾਨਪਤਿ ਸਾਰੀ॥

**(ਦੀਨਾ)** ਗ੍ਰੀਬਾਂ ਦੇ **(ਨਾਥ)** ਮਾਲਕ, **(ਪ੍ਰਾਨਪਤਿ)** ਪ੍ਰਾਣਾ ਦੇ ਪਤੀ, **(ਸਾਰੀ)** ਸਾਰਿਆਂ ਦੀ ਪ੍ਰਤਿਪਾਲਨਾ ਕਰਨ ਵਾਲੇ ਸਰਬ ਸ੍ਰੋਮਣੀ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ ਦੇ ਸੱਚੇ ਸੱਚੇ ਸੱਚੇ **ਨਾਮੁ** ਨੂੰ ਮਨਮੁਖ ਨੇ **ਖਿਨੁ**, **ਪਲੁ**, **ਚਸਾ** ਭਾਵ ਤਿਲ ਮਾਤ੍ਰ ਦੇ ਸਮੇਂ ਲਈ ਭੀ **(ਸਿਮਰਿਓ)** ਸਿਮਰਿਆ ਨਹੀ।

## ਖਾਨ ਪਾਨ ਮੀਠ ਰਸ ਭੋਜਨ; ਅੰਤ ਕੀ ਬਾਰ. ਹੋਤ ਕਤ ਖਾਰੀ॥

ਮਨਮੁਖ **(ਮੀਠ)** ਮਿੱਠੇ **(ਰਸ)** ਰਸਦਾਇਕ ਭਾਂਤ ਭਾਂਤ ਤਰ੍ਹਾਂ ਦੇ ਭੋਜਨ ਨੂੰ **ਖਾਨ (ਪਾਨ)** ਪੀਣ 'ਚ ਲੱਗਾ। ਪਰ **ਅੰਤ (ਕੀ)** ਦੀ **ਬਾਰ** ਇਹ **(ਕਤ)** ਕਿੱਥੇ ਤੱਕ **(ਖਾਰੀ)** ਖਰੇ (ਹੋਤ) ਹੋਣਗੇ ਭਾਵ ਅੰਤ ਨੂੰ ਅਤਿਅੰਤ ਕੌੜੇ ਦੁਖਦਾਇਕ ਹੋ ਕੇ ਰੋਗ ਰੂਪ ਧਾਰਨ ਕਰ ਲੈਣਗੇ। ਯਥਾ:- **ਮਿਠਾ ਕਰਿ ਕੈ ਖਾਇਆ ਪਿਆਰੇ; ਤਿਨਿ ਤਨਿ ਕੀਤਾ ਰੋਗੁ॥** (ਪ-ਤਿਸਟਿਆ) **ਕਉੜਾ ਹੋਇ ਪਤਿਸਟਿਆ ਪਿਆਰੇ; ਤਿਸ ਤੇ ਉਪਜਿਆ ਸੋਗੁ॥ ਭੋਗ ਭੁੰਚਾਇ ਭੁਲਾਇਅਨੁ ਪਿਆਰੇ; ਉਤਰੈ ਨਹੀ. ਵਿਜੋਗੁ॥ ਜੋ ਗੁਰ ਮੇਲਿ ਉਧਾਰਿਆ ਪਿਆਰੇ; ਤਿਨ ਧੁਰੇ ਪਇਆ ਸੰਜੋਗੁ॥੩॥**

## ਨਾਨਕ. ਸੰਤ ਚਰਨ ਸੰਗਿ ਉਧਰੇ; ਹੋਰਿ ਮਾਇਆ ਮਗਨ, ਚਲੇ ਸਭਿ ਡਾਰੀ॥੬॥

**(ਨਾਨਕ)** ਪਰਮਪੂਜਨੀਕ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਸਤਿਗੁਰੂ ਗਿਰੰਥ ਸਾਹਿਬ ਜੀ ਸੱਚ ਸੱਚ ਸੱਚ ਫ਼ੁਰਮੌਂਦੇ ਹਨ ਜੀ:- ਜਿਹੜੇ **(ਸੰਤ)** ਦਸ ਸਤਿਗੁਰੂ ਸਾਹਿਬਾਨ ਜੀ ਦੇ ਸੱਚੇ ਸੱਚੇ ਸੱਚੇ **(ਚਰਨ)** ਚਰਨਕਮਲਾਂ ਦੇ **(ਸੰਗਿ)** ਨਾਲ ਲੱਗਦੇ, ਉਹ ਭਵ ਸਾਗਰ ਤੋਂ **(ਉਧਰੇ)** ਤਰੇ ਹਨ, ਤਰ ਰਹੇ ਹਨ ਅਤੇ ਤਰਨਗੇ। **ਹੋਰਿ** ਜਿਤਨੇ ਕੁਸੰਗ ਕਰਦਿਆਂ **ਮਾਇਆ** 'ਚ **(ਮਗਨ)** ਮਸਤ ਹਨ, ਉਹ **(ਸਭਿ)** ਸਾਰੇ ਵਿਕਾਰਾਂ 'ਚ **(ਡਾਰੀ)** ਡਿੱਗ ਕੇ ਨਰਕ ਨੂੰ **ਚਲੇ** ਗਏ॥੬॥

## ਬ੍ਰਹਮਾਦਿਕ ਸਿਵ ਛੰਦ ਮੁਨੀਸੁਰ; ਰਸਕਿ ਰਸਕਿ ਠਾਕੁਰ ਗੁਨ ਗਾਵਤ॥

**(ਬ੍ਰਹਮਾਦਿਕ)** ਬ੍ਰਹਮਾ ਆਦਿ ਦੇਵਤੇ, **ਸਿਵ** ਜੀ, **(ਮੁਨੀਸੁਰ)** ਮੁਨੀਆਂ ਦੇ ਸ਼੍ਰੋਮਣੀ ਮੁਨੀ ਸਾਰੇ **(ਰਸਕਿ ਰਸਕਿ)** ਰਸ ਰਸ ਕੇ, ਆਪਨੋ ਆਪਨੇ **(ਛੰਦ)** ਛੰਦਾਂ ਕਵਿਤਾਵਾਂ 'ਚ ਦੀਨ ਦੁਨੀਆਂ ਦੇ ਸਰਬ ਸ਼੍ਰੋਮਣੀ **(ਠਾਕੁਰ)** ਮਾਲਕ ਅਕਾਲਪੁਰਖੁ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਜੀ ਦੇ ਸ੍ਰੇਸਟ, ਅੰਤ ਨ ਪਾਰਾਵਾਰ ਗੁਰਮੁਖਿ **ਗੁਨ (ਗਾਵਤ)** ਗੌਂਦੇ ਹਨ ਜੀ ਰਾਮਜੀ। ਯਥਾ:- **ਗਾਵਹਿ ਗੁਣ. ਬਰਨ ਚਾਰਿ, ਖਟ ਦਰਸਨ; ਬ੍ਰਹਮਾਦਿਕ ਸਿਮਰੰਥਿ ਗੁਨਾ॥ ਗਾਵੈ ਗੁਣ. ਸੇਸੁ ਸਹਸ ਜਿਹਬਾ ਰਸ; ਆਦਿ ਅੰਤਿ ਲਿਵ ਲਾਗਿ ਧੁਨਾ॥ ਗਾਵੈ ਗੁਣ. ਮਹਾਦੇਉ ਬੈਰਾਗੀ; ਜਿਨਿ ਧਿਆਨ ਨਿਰੰਤਰਿ ਜਾਣਿਓ॥ ਕਬਿ ਕਲ. ਸੁਜਸੁ ਗਾਵਉ ਗੁਰ ਨਾਨਕ; ਰਾਜੁ ਜੋਗੁ ਜਿਨਿ ਮਾਣਿਓ॥੫॥**

## ਇੰਦ੍ਰ ਮੁਨਿੰਦ੍ਰ ਖੋਜਤੇ ਗੋਰਖ; ਧਰਣਿ ਗਗਨ ਆਵਤ ਫੁਨਿ ਧਾਵਤ॥

**ਇੰਦ੍ਰ**, **(ਮੁਨਿੰਦ੍ਰ)** ਮੁਨੀਆਂ ਦੇ ਰਾਜੇ, **ਗੋਰਖ** ਨਾਥ ਆਦਿ ਸਭ **(ਧਰਣਿ)** ਧਰਤੀ **(ਫੁਨਿ)** ਫਿਰ **(ਗਗਨ)** ਅਕਾਸ਼ 'ਚ **(ਆਵਤ)** ਔਂਦੇ ਜਾਂਦੇ, **(ਧਾਵਤ)** ਦੌੜ ਦੇ ਪਰੀਪੂਰਨ ਸਰਬ ਵਿਆਪੀ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਜੀ ਨੂੰ **(ਖੋਜਤੇ)** ਖੋਜਦੇ ਹਨ ਜੀ ਰਾਮਜੀ।

## ਸਿਧ ਮਨੁਖੵ ਦੇਵ ਅਰੁ ਦਾਨਵ; ਇਕੁ ਤਿਲੁ. ਤਾ ਕੋ ਮਰਮੁ, ਨ ਪਾਵਤ॥

ਚੌਰਾਸੀ **ਸਿਧ**, **ਮਨੁਖੵ**, **(ਦੇਵ)** ਦੇਵਤੇ **(ਅਰੁ)** ਅਤੇ **(ਦਾਨਵ)** ਦੈਂਤ **(ਤਾ)** ਤਿਨ੍ਹਾਂ ਗਹਿਰ ਗੰਭੀਰ ਸਰਬ ਵਿਆਪੀ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਜੀ **(ਕੋ)** ਦਾ **ਇਕੁ ਤਿਲੁ** ਮਾਤ੍ਰ ਭੀ **(ਮਰਮੁ)** ਭੇਦ **(ਨ)** ਨਹੀਂ **(ਪਾਵਤ)** ਪਾ ਸਕਦੇ। ਯਥਾ:- **ਅਕੁਲ ਨਿਰੰਜਨ ਪੁਰਖੁ; ਅਗਮੁ ਅਪਾਰੀਐ॥ ਸਚੋ ਸਚਾ ਸਚੁ; ਸਚੁ ਨਿਹਾਰੀਐ॥**

## ਪ੍ਰਿਅ ਪ੍ਰਭ ਪ੍ਰੀਤਿ ਪ੍ਰੇਮ ਰਸ ਭਗਤੀ; ਹਰਿ ਜਨ ਤਾ ਕੈ ਦਰਸਿ ਸਮਾਵਤ॥

**ਹੀਏ ਕੋ ਪ੍ਰੀਤਮੁ; (ਪ੍ਰਿਅ)** ਪਿਆਰੇ **(ਪ੍ਰਭ)** ਪੂਰਨ ਮਿਹਰਵਾਨ ਸਰਬ ਵਿਆਪੀ ਨਿਰਾ ਨੂਰ, ਨੂਰੋ ਨੂਰ, **ਕਾਰਣ ਕਰਣ ਕਰੀਮ॥ ਕਿਰਪਾ ਧਾਰਿ ਰਹੀਮ॥** ਅਕਾਲਪੁਰਖੁ ਦਸ ਸਤਿਗੁਰੂ ਸਾਹਿਬਾਨ ਜੀ ਦੀ **(ਪ੍ਰੀਤਿ)** ਪ੍ਰੀਤੀ 'ਚ ਲੀਣ, ਬ੍ਰਹਮਾਨੰਦ ਰਸ ਸਹਿਤ **(ਪ੍ਰੇਮ)** ਪ੍ਰੇਮਾ **ਭਗਤੀ** ਕਰਦੇ ਹਨ। **(ਤਾ)** ਉਹ **(ਜਨ)** ਪਿਆਰੇ ਭਗਤ ਗੁਰਸੇਵਕ, ਗੁਰਮੁਖਿ ਬ੍ਰਹਮ ਭਗਤ ਸ੍ਰੀ ਰਵਿਦਾਸ ਸਾਹਿਬ ਜੀ ਖ਼ਾਲਸਾ, ਗੁਰਮੁਖਿ ਬ੍ਰਹਮ ਭਗਤ ਸ੍ਰੀ ਪੀਪਾ ਸਾਹਿਬ ਜੀ ਖ਼ਾਲਸਾ ਵਾਂਗ **(ਹਰਿ)** ਪਰੀਪੂਰਨ ਵਾਹਿਗੁਰੂ ਜੀ **(ਕੈ)** ਦੇ ਸੁੰਦਰ **(ਦਰਸਿ)** ਦਰਸ਼ਨਾ 'ਚ **(ਸਮਾਵਤ)** ਸਮਾਅ ਜਾਂਦੇ ਹਨ। ਯਥਾ:- **ਪੀਪਾ ਪ੍ਰਣਵੈ. ਪਰਮ ਤਤੁ ਹੈ; ਸਤਿਗੁਰੁ ਹੋਇ ਲਖਾਵੈ॥੨॥੩॥**

## ਤਿਸਹਿ ਤਿਆਗਿ, ਆਨ ਕਉ ਜਾਚਹਿ; ਮੁਖ ਦੰਤ ਰਸਨ, ਸਗਲ ਘਸਿ ਜਾਵਤ॥

**ਰਾਜਾਨ ਰਾਜ॥** ਬਿਅੰਤ ਕਲਾਵਾਨ ਬਿਅੰਤ ਗੁਰਮੁਖਿ ਗੁਣਾਂ ਦੇ ਮਾਲਕ ਦਸ ਸਤਿਗੁਰੂ ਸਾਹਿਬਾਨ

ਜੀ ਨੇ ਆਪਣੇ ਨਿਰਗੁਨ ਸਰੂਪ 'ਚੋਂ, **ਹੁਕਮੀ; ਸਹਜੇ ਸ੍ਰਿਸਟਿ ਉਪਾਈ॥** ਅਨੁਸਾਰ ਸਹਿਜੇ ਨਿਰਯਤਨ ਹੀ ਬਿਅੰਤ ਬ੍ਰਹਮੰਡ ਦੀ ਰਚਨਾ ਰਚੀ ਹੈ। ਯਥਾ:- **ਖਿਨ ਮਹਿ ਥਾਪਿ. ਉਥਾਪਨਹਾਰੇ; ਕੁਦਰਤਿ. ਕੀਮ ਨ ਪਹੀ॥੨॥੭॥** ਪਰ ਮਨਮੁਖ **(ਤਿਸਹਿ)** ਤਿਸ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ ਨੂੰ **ਤਿਆਗਿ** ਕੇ, **(ਆਨ)** ਹੋਰ ਦੰਭੀ ਪਖੰਡੀ ਫਕੀਰਾਂ ਗੁਰਾਂ **(ਕਉ)** ਤੋਂ **(ਜਾਚਹਿ)** ਮੰਗਦਾ ਫਿਰਦਾ ਹੈ। ਉਸ ਦਾ **ਮੁਖ**, **(ਸਗਲ)** ਸਾਰੇ **(ਦੰਤ)** ਦੰਦ ਤੇ **(ਰਸਨ)** ਰਸਨਾ ਝੂਠੇ ਮੰਤ੍ਰ ਜਪ ਜਪ ਕੇ, ਮਾਇਕੀ ਬੋਲ ਬੋਲਦਿਆਂ **ਘਸਿ (ਜਾਵਤ)** ਜਾਂਦੇ ਹਨ ਜੀ ਰਾਮਜੀ।

## ਰੇ ਮਨ ਮੂੜ. ਸਿਮਰਿ ਸੁਖਦਾਤਾ; ਨਾਨਕ ਦਾਸ. ਤੁਝਹਿ ਸਮਝਾਵਤ॥੭॥

**(ਨਾਨਕ)** ਪਰਮਪੂਜਨੀਕ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਸਤਿਗੁਰੂ ਗਿਰੰਥ ਸਾਹਿਬ ਜੀ ਸੱਚ ਸੱਚ ਸੱਚ ਫੁਰਮੌਂਦੇ ਹਨ ਜੀ:- **(ਰੇ)** ਹੇ **(ਮੂੜ)** ਮੂਰਖ **ਮਨ**! **(ਸੁਖਦਾਤਾ)** ਸੁਖਾਂ ਦੇ ਦਾਤੇ ਪਰਮਪੂਜਨੀਕ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ ਨੂੰ ਦਿਨ ਰਾਤ **(ਸਿਮਰਿ)** ਯਾਦ ਕਰਨਾ ਕਰ। ਦਾਸਨ **ਦਾਸ (ਤੁਝਹਿ)** ਆਪ ਜੀ ਨੂੰ **(ਸਮਝਾਵਤ)** ਸਮਝੌਂਦਾ ਹੈ ਜੀ ਰਾਮਜੀ॥੭॥ ਯਥਾ:- **ਮਨ ਪਿਆਰਿਆ ਮਿਤ੍ਰਾ; ਹਰਿ ਹਰਿ ਨਾਮ ਰਸੁ ਚਾਖੁ॥ ਗੁਰਿ ਪੂਰੈ. ਹਰਿ ਪਾਇਆ; ਹਲਤਿ ਪਲਤਿ ਪਤਿ ਰਾਖੁ॥੧॥ਰਹਾਉ॥) ਮਨ ਪਿਆਰਿਆ ਜੀਉ ਮਿਤ੍ਰਾ; ਗੋਬਿੰਦ ਨਾਮੁ ਸਮਾਲੇ॥**

## ਮਾਇਆ ਰੰਗ, ਬਿਰੰਗ ਕਰਤ ਭ੍ਰਮ; ਮੋਹ ਕੈ ਕੂਪਿ, ਗੁਬਾਰਿ ਪਰਿਓ ਹੈ॥

**ਮਾਇਆ** ਦੇ ਸਾਰੇ **ਰੰਗ** ਤਮਾਸ਼ੇ **(ਬਿਰੰਗ)** ਖੋਟੇ ਰੰਗ ਵਾਲੇ ਹਨ, ਪਰ ਮਨਮੁਖ ਦਿਨ ਰਾਤ ਮਾਇਕੀ ਰੰਗਾਂ 'ਚ ਲੱਗਾ, ਕੁਸੰਗਤ, ਮਹਾਂ ਪਾਪਾਂ, ਔਗੁਣਾਂ, ਵਿਕਾਰਾਂ, ਜੂਨਾਂ 'ਚ ਮਨ ਬਾਣੀ ਸ੍ਰੀਰ ਕਰਕੇ **ਭ੍ਰਮ (ਕਰਤ)** ਕਰਦਿਆਂ, **ਮੋਹ (ਕੈ)** ਦੇ **(ਗੁਬਾਰਿ)** ਅੰਧੇਰੇ **(ਕੂਪਿ)** ਖ਼ੂਹ 'ਚ **(ਪਰਿਓ)** ਡਿੱਗਿਆ ਹੈ। ਯਥਾ:- **ਅੰਧ ਕੂਪ ਮਹਿ; ਪਤਿਤ ਬਿਕਰਾਲ॥ ਨਾਨਕ. ਕਾਢਿ ਲੇਹੁ; ਪ੍ਰਭ ਦਇਆਲ॥੪॥**

## ਏਤਾ ਗਬੁ. ਅਕਾਸਿ, ਨ ਮਾਵਤ; ਬਿਸਟਾ ਅਸ੍ਤ ਕ੍ਰਿਮਿ, ਉਦਰੁ ਭਰਿਓ ਹੈ॥

ਰਕਤ ਬਿੰਦ ਤੋਂ ਬਣਿਆ ਸ੍ਰੀਰ ਜੋ **(ਅਸ੍ਤ)** ਹਡੀਆਂ, **(ਕ੍ਰਿਮਿ)** ਕੀੜੇ ਅਥਵਾ ਵਿਕਾਰਾਂ ਦੇ **ਕ੍ਰਿਮ** (germs), **ਬਿਸਟਾ** ਦੇ ਨਾਲ **(ਉਦਰੁ)** ਪੇਟ **(ਭਰਿਓ)** ਭਰਿਆ ਹੋਇਆ ਹੈ। ਇਸ ਦਾ ਅਗਿਆਨੀ ਮਨਮੁਖ **(ਏਤਾ)** ਇਤਨਾ **(ਗਬੁ)** ਅਹੰਕਾਰ ਕਰਦਾ, ਕਿ **ਅਕਾਸਿ** 'ਚ **(ਮਾਵਤ)** ਮਿਉਂਦਾ **(ਨ)** ਨਹੀਂ ਜੀ।

## ਦਹਦਿਸ ਧਾਇ ਮਹਾ ਬਿਖਿਆ ਕਉ; ਪਰ ਧਨ ਛੀਨਿ, ਅਗਿਆਨ ਹਰਿਓ ਹੈ॥

**ਮਹਾ (ਬਿਖਿਆ)** ਜ਼ਹਿਰ ਰੂਪ ਵਿਕਾਰਾਂ **(ਕਉ)** ਨੂੰ ਭੋਗਣ ਲਈ, ਮਨਮੁਖ **(ਦਹਦਿਸ)** ਦਸੋ ਦਿਸਾਂ 'ਚ ਦਿਨ ਰਾਤ **(ਧਾਇ)** ਦੌੜਦਾ ਫਿਰਦਾ ਹੈ ਜੀ। **(ਪਰ)** ਪਰਾਏ **ਧਨ** ਨੂੰ **(ਛੀਨਿ)** ਚਰੌਂਦਾ, **(ਅਗਿਆਨ)** ਅਬਿਬੇਕ ਬੁੱਧੀ ਨੇ ਇਸ ਦੀ ਬਿਬੇਕ ਬੁੱਧੀ **(ਹਰਿਓ)** ਨਾਸ਼ ਕਰ ਦਿਤੀ **ਹੈ**।

## ਜੋਬਨ ਬੀਤਿ. ਜਰਾ ਰੋਗਿ ਗ੍ਰਸਿਓ; ਜਮਦੂਤਨ ਡੰਨੁ ਮਿਰਤੁ ਮਰਿਓ ਹੈ॥

**(ਜੋਬਨ)** ਜਵਾਨੀ **(ਬੀਤਿ)** ਬਤੀਤ ਹੋ ਕੇ, **(ਜਰਾ)** ਬੁਡੇਪੇ ਦੇ **ਰੋਗਿ** ਨੇ ਸ੍ਰੀਰ ਨੂੰ **(ਗ੍ਰਸਿਓ)** ਗ੍ਰਸ ਲਿਆ ਹੈ। ਸੇਵਾ ਸਿਮਰਨ ਹੀਣ ਸਾਕਤ **(ਮਿਰਤੁ)** ਮੌਤ ਦਾ **(ਮਰਿਓ)** ਮਾਰਿਆ ਪਰਲੋਕ 'ਚ **(ਜਮਦੂਤਨ)** ਜਮਦੂਤਾਂ ਤੋਂ ਸਕਤ **(ਡੰਨੁ)** ਡੰਡ ਸਹਾਰਦਾ ਹੈ ਜੀ ਰਾਮਜੀ।

## ਅਨਿਕ ਜੋਨਿ ਸੰਕਟ, ਨਰਕ ਭੁੰਚਤ; ਸਾਸਨ ਦੂਖ ਗਰਤਿ ਗਰਿਓ ਹੈ॥

**(ਅਨਿਕ)** ਅਨੇਕ **(ਜੋਨਿ)** ਜੂਨਾਂ ਭਾਵ ਚੌਰਾਸੀ ਲੱਖ ਜੂਨਾਂ ਦਾ **(ਸੰਕਟ)** ਦੁੱਖ ਸਹਾਰਦਿਆਂ ਅੰਤ ਨੂੰ **ਨਰਕ** ਦੇ ਦੁੱਖ ਕਸ਼ਟ **(ਭੁੰਚਤ)** ਭੋਗਦਾ ਹੈ ਜੀ। ਧਰਮਰਾਜੇ ਦੀ **(ਸਾਸਨ)** ਤਾੜਨਾ ਸਜ਼ਾ ਦੇਣ ਤੋਂ **(ਦੂਖ)** ਦੁੱਖਾਂ ਦੇ **(ਗਰਤਿ)** ਟੋਏ 'ਚ ਡਿੱਗਾ **(ਗਰਿਓ)** ਗਲ਼ ਰਹਿਆ ਹੈ। ਯਥਾ:- **ਅੰਧ ਕੂਪ ਮਹਿ ਪਰਿਓ ਪਰਾਨੀ; ਭਰਮ ਗੁਬਾਰ ਮੋਹ ਬੰਧਿ ਪਰੇ॥) ਅੰਧ ਕੂਪ ਮਹਿ; ਪਤਿਤ ਬਿਕਰਾਲ॥**

## ਪ੍ਰੇਮ ਭਗਤਿ. ਉਧਰਹਿ ਸੇ ਨਾਨਕ; ਕਰਿ ਕਿਰਪਾ ਸੰਤੁ ਆਪਿ ਕਰਿਓ ਹੈ॥੯॥

**(ਨਾਨਕ)** ਸੱਚੇ ਸੁੰਦਰ ਸੱਚੇ ਮਨਮੋਹਨ ਸੱਚੇ ਦਇਆਲ ਸੱਚੇ ਕ੍ਰਿਪਾਲ ਸਤਿਗੁਰੂ ਗਿਰੰਥ ਸਾਹਿਬ ਜੀ, ਪ੍ਰੇਮਾ ਭਗਤੀ ਦੇ ਦਾਤੇ, ਪ੍ਰੇਮਾ ਭਗਤੀ 'ਚ ਲੀਣ **ਸਦਾ ਸਦਾ; ਨਾਨਕ ਹਰਿ ਜਾਪਿ॥** ਅਨੁਸਾਰ ਵਾਹਿਗੁਰੂ ਜੀ ਨੂੰ ਆਪਣੇ ਅੰਦਰ ਬਾਹਰ ਜਾਪ ਕਰਦਿਆਂ ਤੱਕ ਕੇ ਫ਼ੁਰਮਾ ਰਹੇ ਹਨ ਜੀ:- ਜਿਹੜੇ ਗੁਰਮੁਖਿ ਪਿਆਰੇ **(ਪ੍ਰੇਮ)** ਪ੍ਰੇਮਾ **(ਭਗਤਿ)** ਭਗਤੀ ਕਰਦੇ ਹਨ, **(ਸੇ)** ਉਹ ਮਹਾਂ ਪਾਪਾਂ ਰੂਪੀ ਸਮੁੰਦ੍ਰ ਤੋਂ **(ਉਧਰਹਿ)** ਤਰੇ ਹਨ। **(ਸੰਤੁ)** ਸਤ ਚਿੱਤ ਅਨੰਦ ਸੁੰਦਰ ਸਰੂਪ ਵਾਹਿਗੁਰੂ ਸਤਿਗੁਰੂ ਸਾਹਿਬ ਜੀ **ਆਪਿ** ਮਹਾਂ ਵਿਸਮਾਦ ਸਰਬ ਵਿਆਪੀ **ਕਿਰਪਾ (ਕਰਿ)** ਕਰਕੇ ਉਨ੍ਹਾਂ ਨੂੰ ਆਪਣਾ ਦਾਸਨਦਾਸ ਅਥਵਾ ਅਪਣੇ ਸਰੂਪ 'ਚ ਲੀਣ ਅਥਵਾ ਪੂਰਨ ਨਾਮ ਰਸੀਏ ਪਰਉਪਕਾਰੀ **ਸੰਤੁ (ਕਰਿਓ)** ਕਰ ਲਿਆ ਹੈ ਜੀ ਰਾਮਜੀ॥੯॥

## ਗੁਣ ਸਮੂਹ ਫਲ ਸਗਲ ਮਨੋਰਥ; ਪੂਰਨ ਹੋਈ ਆਸ ਹਮਾਰੀ॥

**(ਸਮੂਹ)** ਸਾਰੇ **ਗੁਣ** ਸਾਰੇ **ਫਲ** ਵਾਹਿਗੁਰੂ **ਸਦਾ ਅਨੰਦ. ਅਨੰਦੀ ਸਾਹਿਬੁ;** ਦਸ ਸਤਿਗੁਰੂ ਸਾਹਿਬਾਨ ਜੀ ਨੇ ਬਖ਼ਸ਼ ਕੇ **(ਹਮਾਰੀ)** ਦਾਸਨਦਾਸ ਦੇ **(ਸਗਲ)** ਸਾਰੇ ਪਰਉਪਕਾਰਾਂ ਦੇ ਸੁਭ **(ਮਨੋਰਥ)** ਸੰਕਲਪ ਪੂਰੇ ਕਰ ਦਿਤੇ ਹਨ ਜੀ। ਸੱਚੇ **ਸਦਾ ਅਨੰਦ. ਅਨੰਦੀ ਸਾਹਿਬੁ;** ਵਾਹਿਗੁਰੂ ਜੀ ਦੀ ਪ੍ਰਾਪਤੀ ਦੀ **ਆਸ** ਪੂਰਨ **(ਹੋਈ)** ਹੋ **ਗਈ** ਜੀ ਰਾਮਜੀ। ਯਥਾ:- **ਹੋਹੁ ਸਾਵਧਾਨ; ਅਪੁਨੇ ਗੁਰ ਸਿਉ॥ ਆਸਾ ਮਨਸਾ ਪੂਰਨ ਹੋਵੈ; ਪਾਵਹਿ ਸਗਲ ਨਿਧਾਨ ਗੁਰ ਸਿਉ॥੧॥ਰਹਾਉ॥**

## ਅਉਖਧ ਮੰਤ੍ਰ ਤੰਤ੍ਰ. ਪਰ ਦੁਖ ਹਰ; ਸਰਬ ਰੋਗ ਖੰਡਣ, ਗੁਣਕਾਰੀ॥

ਸਤਿਗੁਰੂ ਅਕਾਲਪੁਰਖੁ ਵਾਹਿਗੁਰੂ ਜੀ ਦੇ ਪਰਮਪਵਿੱਤ੍ਰ ਅਜਪਾ ਜਾਪ ਨਾਮ ਗੁਰਬਾਣੀ ਜੀ **(ਅਉਖਧ)** ਦਵਾਈ, **ਮੰਤ੍ਰ**, **ਤੰਤ੍ਰ** ਹਨ ਜੋ **(ਪਰ)** ਵਿਸ਼ੇਸ਼ ਕਰਕੇ ਸਾਰੇ **ਦੁਖ (ਹਰ)** ਨਾਸ ਕਰਨ ਵਾਲੇ ਹਨ। **(ਸਰਬ)** ਸਾਰੇ ਪ੍ਰਕਾਰ ਦੇ **ਰੋਗ (ਖੰਡਣ)** ਨਾਸ ਕਰਨ ਲਈ **(ਗੁਣਕਾਰੀ)** ਲਾਭਦਾਇਕ ਹਨ ਜੀ ਰਾਮਜੀ।

ਯਥਾ:- **ਅਉਖਧੁ ਨਾਮੁ ਨਿਰਮਲ ਜਲੁ ਅੰਮ੍ਰਿਤੁ; ਪਾਈਐ ਗੁਰੂ ਦੁਆਰੀ॥੪॥) ਪਉੜੀ॥ ਲਲਾ; ਲਾਵਉ ਅਉਖਧ ਜਾਹੂ॥ ਦੂਖ ਦਰਦ; ਤਿਹ ਮਿਟਹਿ ਖਿਨਾਹੂ॥ ਨਾਮ ਅਉਖਧੁ; ਜਿਹ ਰਿਦੈ ਹਿਤਾਵੈ॥ ਤਾਹਿ; ਰੋਗੁ ਸੁਪਨੈ ਨਹੀ ਆਵੈ॥ ਹਰਿ ਅਉਖਧੁ; ਸਭ ਘਟ ਹੈ ਭਾਈ॥ ਗੁਰ ਪੂਰੇ ਬਿਨੁ; ਬਿਧਿ ਨ ਬਨਾਈ॥ ਗੁਰਿ ਪੂਰੈ; ਸੰਜਮੁ ਕਰਿ ਦੀਆ॥ ਨਾਨਕ. ਤਉ ਫਿਰਿ; ਦੂਖ ਨ ਥੀਆ॥੪੫॥**

## ਕਾਮ ਕ੍ਰੋਧ ਮਦ ਮਤਸਰ ਤ੍ਰਿਸਨਾ; ਬਿਨਸਿ ਜਾਹਿ. ਹਰਿ ਨਾਮੁ ਉਚਾਰੀ॥

**(ਹਰਿ)** ਸੱਚੇ ਵਾਹਿਗੁਰੂ ਜੀ ਸੱਚੇ ਦੇ ਸੱਚੇ ਸੱਚੇ ਸੱਚੇ ਅੰਮ੍ਰਿਤ **ਨਾਮੁ** ਨੂੰ **(ਉਚਾਰੀ)** ਉਚਾਰਨ ਨਾਲ **ਕਾਮ ਕ੍ਰੋਧ (ਮਦ)** ਹੰਕਾਰ **(ਮਤਸਰ)** ਈਰਖਾ ਤ੍ਰਿਸਨਾ ਆਦਿ ਸਾਰੇ ਵਿਕਾਰ **(ਬਿਨਸਿ)** ਨਾਸ ਹੋ **(ਜਾਹਿ)** ਜਾਂਦੇ ਹਨ ਜੀ ਰਾਮਜੀ। ਸਾਰੇ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ! ਯਥਾ:- **ਮਨ ਕੇ ਬਿਕਾਰ ਮਿਟਹਿ. ਪ੍ਰਭ ਸਿਮਰਤ; ਜਨਮ ਜਨਮ ਕੀ ਮੈਲੁ ਹਰੀ॥੧॥ਰਹਾਉ॥**

## ਇਸਨਾਨ ਦਾਨ ਤਾਪਨ ਸੁਚਿ ਕਿਰਿਆ; ਚਰਣਕਮਲ ਹਿਰਦੈ ਪ੍ਰਭ ਧਾਰੀ॥

ਅੱਠਸੱਠ ਤੀਰਥਾਂ 'ਤੇ ਜਾ ਕੇ **ਇਸਨਾਨ**, ਪੁਨ, **ਦਾਨ**, **(ਤਾਪਨ)** ਤਪ ਕਰਨਾ, ਆਪਨੇ ਸ੍ਰੀਰਕ **ਕਿਰਿਆ** ਦੀ **(ਸੁਚਿ)** ਸੋਚ ਪਵਿੱਤ੍ਰਤਾ ਰੱਖਣੀ। ਇਨ੍ਹਾਂ ਸਾਰੇ ਸਾਧਨਾ ਦਾ ਫਲ, ਮਹਾਤਮ, **(ਪ੍ਰਭ)** ਸਮਰੱਥ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ ਦੇ ਅਥਵਾ ਗੁਰਸਬਦ ਰੂਪੀ ਨਿਰਮਲ **ਚਰਣਕਮਲ** ਹਿਰਦੈ 'ਚ **(ਧਾਰੀ)** ਧਾਰਨੇ ਕਰਕੇ ਪ੍ਰਾਪਤ ਹੋ ਜਾਂਦੇ ਹਨ ਜੀ ਰਾਮਜੀ।

## ਸਾਜਨ ਮੀਤ. ਸਖਾ ਹਰਿ ਬੰਧਪ; ਜੀਅ ਧਾਨ ਪ੍ਰਭ ਪ੍ਰਾਨ ਅਧਾਰੀ॥

**(ਹਰਿ)** ਵਾਹਿਗੁਰੂ **ਸਰਬ ਕਲਾ ਪ੍ਰਭ ਪੂਰਣੋ;** ਦਸ ਸਤਿਗੁਰੂ ਸਾਹਿਬਾਨ ਜੀ ਦਾਸਨਦਾਸ ਦੇ **ਸਾਜਨ (ਮੀਤ)** ਮਿੱਤ੍ਰ **(ਸਖਾ)** ਪਿਆਰੇ **(ਬੰਧਪ)** ਸਬੰਧੀ ਹਨ ਜੀ। ਯਥਾ:- **ਹਰਿ ਪ੍ਰਭੁ ਸਖਾ ਮੀਤੁ ਪ੍ਰਭੁ ਮੇਰਾ; ਅੰਤੇ ਹੋਇ ਸਖਾਈ॥੩॥** ਦਾਸਨਦਾਸ ਦੇ **(ਜੀਅ)** ਦਿਲ ਰੋਮਿ ਰੋਮਿ 'ਚ **(ਪ੍ਰਾਨ)** ਪ੍ਰਾਨਾ ਦੇ **(ਅਧਾਰੀ)** ਆਸਰੇ **(ਪ੍ਰਭ) ਸਰਬ ਕਲਾ ਪ੍ਰਭ ਪੂਰਣੋ;** ਦਸ ਸਤਿਗੁਰੂ ਸਾਹਿਬਾਨ ਜੀ ਦੇ ਚਰਨਕਮਲਾਂ ਦਾ **(ਧਾਨ)** ਧਿਆਨ ਹੈ। ਯਥਾ:- **ਪ੍ਰਭ ਜੀ; ਤੂ ਮੇਰੇ ਪ੍ਰਾਨ ਅਧਾਰੈ॥) ਗੁਰ ਕੀ ਮੂਰਤਿ; ਮਨ ਮਹਿ ਧਿਆਨੁ॥ ਗੁਰ ਕੈ ਸਬਦਿ; ਮੰਤ੍ਰੁ ਮਨੁ ਮਾਨ॥ ਗੁਰ ਕੇ ਚਰਨ; ਰਿਦੈ ਲੈ ਧਾਰਉ॥ ਗੁਰੁ ਪਾਰਬ੍ਰਹਮੁ; ਸਦਾ ਨਮਸਕਾਰਉ॥੧॥**

## ਓਟ ਗਹੀ ਸੁਆਮੀ ਸਮਰਥਹ; ਨਾਨਕ ਦਾਸ. ਸਦਾ ਬਲਿਹਾਰੀ॥੯॥

**(ਨਾਨਕ)** ਪਰਮਪੂਜਨੀਕ **ਪ੍ਰੀਤਮ ਪ੍ਰੇਮ ਭਗਤਿ ਕੇ ਦਾਤੇ॥** ਵਾਹਿਗੁਰੂ ਸਤਿਗੁਰੂ ਗਿਰੰਥ ਸਾਹਿਬ ਜੀ ਫ਼ੁਰਮੌਂਦੇ ਹਨ ਜੀ:- ਦਾਸਨ **ਦਾਸ** ਨੇ **(ਸਮਰਥਹ)** ਸਮਰੱਥ **ਸੁਆਮੀ** ਦਸ ਸਤਿਗੁਰੂ ਸਾਹਿਬਾਨ ਜੀ ਦੀ ਸੱਚੀ ਅਚੱਲ ਅਟਲ **ਓਟ (ਗਹੀ)** ਗ੍ਰਹਿਣ ਕੀਤੀ ਹੈ ਜੀ। ਐਸੇ ਵਾਹਿਗੁਰੂ ਸਤਿਗੁਰੂ ਜੀ ਤੋਂ ਦਾਸਨਦਾਸ **ਸਦਾ** ਬਿਅੰਤ ਬਾਰ ਰੋਮਿ ਰੋਮਿ ਕਰਕੇ **(ਬਲਿਹਾਰੀ)** ਬਲਿਹਾਰ ਕੁਰਬਾਨ ਜਾਂਦਾ ਹੈ ਜੀ ਰਾਮਜੀ॥੯॥ ਯਥਾ:- **ਤੂ ਮੇਰੀ ਓਟ. ਬਲ ਬੁਧਿ ਧਨੁ ਤੁਮ ਹੀ; ਤੁਮਹਿ ਮੇਰੈ ਪਰਵਾਰੈ॥) ਜਨ ਨਾਨਕ. ਸਦ ਬਲਿਹਾਰੈ; ਬਲਿ ਬਲਿ ਜਾਵਣਾ॥੨੫॥**

## ਆਵਧ ਕਟਿਓ. ਨ ਜਾਤ; ਪ੍ਰੇਮ ਰਸ, ਚਰਨਕਮਲ ਸੰਗਿ॥

ਪਰਮਪੂਜਨੀਕ ਸੱਚੇ ਕੰਤ ਸੱਚੇ ਭਗਵੰਤ ਸੱਚੇ ਪਾਰਬ੍ਰਹਮ ਬਿਅੰਤ ਸੱਚੇ ਖਸਮ, ਸੱਚੇ ਨਾਮ ਗੁਰਬਾਣੀ ਅਨੰਦ ਦੇ ਸੱਚੇ ਵੱਡੇ ਦਾਤੇ, ਨਿਰਵਿਕਾਰੀ, ਨਿਰਹੰਕਾਰੀ, ਧੀਰਜਧਾਰੀ, ਨਿਰੰਕਾਰੀ, ਪੀਰਨ ਕੇ ਪੀਰ, ਪੁਰਖ ਬਿਧਾਤੇ, ਸਮਰੱਥ ਸੁਆਮੀ, ਪਰਮਪੂਜਨੀਕ **ਪ੍ਰੀਤਮ ਪ੍ਰੇਮ ਭਗਤਿ ਕੇ ਦਾਤੇ॥** ਦਸ ਸਤਿਗੁਰੂ ਸਾਹਿਬਾਨ ਜੀ ਦੇ ਮਿੱਠੇ ਸੁੰਦਰ **ਚਰਨਕਮਲ (ਸੰਗਿ)** ਨਾਲ ਪ੍ਰੇਮ ਦੇ ਮਹਾਂ ਵਿਮਸਾਦ ਸੱਚੇ ਰਸ ਨੂੰ ਕੋਈ **(ਆਵਧ)** ਸ਼ਸ਼ਤ੍ਰ ਅਥਵਾ ਵਿਕਾਰਾਂ ਰੂਪੀ ਸ਼ਸ਼ਤ੍ਰ ਨਾਲ **(ਕਟਿਓ)** ਕੱਟਿਆ **(ਨ)** ਨਹੀਂ **(ਜਾਤ)** ਜਾ ਸਕਦਾ। ਭਾਵੇ ਆਰੇ ਨਾਲ ਸ੍ਰੀਰ ਚੀਰਿਆ ਜਾਵੇ ਤਾਂ ਭੀ ਪ੍ਰੇਮ 'ਚ ਰੱਤੀ ਮਾਤ੍ਰ ਫਰਕ ਨਹੀ ਪੈਂਦਾ, ਸਗੋਂ ਪ੍ਰੇਮ ਦਾ ਮਹਾ ਵਿਸਮਾਦ ਅਨੰਦਮਈ ਰਸ ਹੋਰ ਵੱਧਦਾ ਹੈ ਜੀ। ਧੰਨ ਹਨ ਧੰਨ ਹਨ ਧੰਨ ਸੂਰਬੀਰ ਬਹਾਦਰ ਅਮਰ ਸ਼ਹੀਦ ਗੁਰਮੁਖਿ ਬ੍ਰਹਮ ਭਾਈ ਸਾਹਿਬ ਭਾਈ ਮਤੀਦਾਸ ਸਾਹਿਬ ਜੀ ਖ਼ਾਲਸਾ ਧੰਨ ਹਨ। ਧੰਨ ਹਨ ਧੰਨ ਹਨ ਧੰਨ ਸੂਰਬੀਰ ਬਹਾਦਰ ਅਮਰ ਸ਼ਹੀਦ ਗੁਰਮੁਖਿ ਬ੍ਰਹਮ ਭਾਈ ਸਾਹਿਬ ਭਾਈ ਭਾਈ ਮਨੀ ਸਿੰਘ ਸਾਹਿਬ ਜੀ ਖ਼ਾਲਸਾ ਧੰਨ ਹਨ। ਯਥਾ:- **ਮੂ; ਲਾਲਨ ਸਿਉ ਪ੍ਰੀਤਿ ਬਨੀ॥ਰਹਾਉ॥ ਤੋਰੀ. ਨ ਤੂਟੈ, ਛੋਰੀ. ਨ ਛੂਟੈ; ਐਸੀ ਮਾਧੋ ਖਿੰਚ ਤਨੀ॥੧॥**

**ਵਾਹਿਗੁਰੂ॥** ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਪਰਮਵੀਰ ਗੁਰੂ ਕੇ ਮਹਾਨ ਨਿਰਭੈ ਸੂਰਬੀਰ ਬਹਾਦਰ ਯੋਧੇ ਗੁਰਮੁਖਿ ਗੰਭੀਰ ਪਰਮ ਸਨਮੁਖ ਅਮਰ ਸ਼ਹੀਦ ਧੰਨ ਭਾਈ ਮਤੀਦਾਸ ਸਾਹਿਬ ਜੀ ਖ਼ਾਲਸਾ! ਚਾਂਦਨੀ ਚੌਂਕ ਦਿੱਲੀ ਵਿਖੇ, ਸੰਤ ਦੋਖੀ ਮਹਾਂ ਪਾਪੀ ਜ਼ਾਲਮ ਸੱਪ ਘੋਰ ਭਿਆਨਕ ਜ਼ੁਲਮ ਕਰਕੇ, ਆਪ ਜੀ ਨੂੰ ਹੁਣ ਤਿੱਖੇ ਆਰੇ ਨਾਲ ਚੀਰ ਰਹੇ ਹਨ। ਪਿਆਰੀ ਸਿੱਖੀ ਅਤੇ ਸੱਚੇ ਸਤਿਗੁਰਾਂ ਲਈ, ਆਪਣਾ ਤਨ ਹੁਣ ਚਿਰਵਾ ਰਹੇ ਹਨ। ਗੁਰਮੁਖਿ ਨਿਰਲੇਪ ਅਵਸਥਾ 'ਚ ਹੁਣ ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥ ਅਨੁਸਾਰ ਰੋਮਿ ਰੋਮਿ ਕਰਕੇ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜਪ ਰਹੇ ਹਨ। ਅੰਮ੍ਰਿਤ ਨਿਰੰਕਾਰੀ ਸ੍ਰੀ ਜਪੁ ਸਾਹਿਬ ਜੀ ਪੜ੍ਹ ਰਹੇ ਹਨ। ਵਾਹਿਗੁਰੂ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਦੇ ਸਨਮੁਖ ਹੁਣ ਸ਼ਹੀਦੀ ਪਾ ਰਹੇ ਹਨ।

## ਦਾਵਨਿ ਬੰਧਿਓ. ਨ ਜਾਤ; ਬਿਧੇ ਮਨ, ਦਰਸ ਮਗਿ॥

ਜਿਹੜੇ ਗੁਰਮੁਖਾਂ ਦਾ **ਮਨ** ਪਰਮਪੂਜਨੀਕ ਵਾਹਿਗੁਰੂ ਸਤਿਗੁਰੂ ਜੀ ਦੇ ਪਰਮਪਵਿੱਤ੍ਰ ਮੂਰਤ ਨਾਲ **(ਬਿਧੇ)** ਵਿੰਨ੍ਹਿਆ ਗਿਆ, ਉਹ **(ਦਰਸ)** ਦਰਸ਼ਨ ਕਰਕੇ **(ਮਗਿ)** ਮਸਤ ਹੋ ਜਾਂਦੇ ਅਥਵਾ ਉਹ ਸੁਰਤੀ ਦੇ **(ਮਗਿ)** ਰਸਤੇ 'ਤੇ ਸਤਿਗੁਰੂ ਸਾਹਿਬ ਜੀ **(ਦਰਸ)** ਦਰਸ਼ਨਾ ਲਈ ਚੱਲਦਾ ਹੈ। ਤਾਂ ਉਸ ਨੂੰ ਪ੍ਰਤਖ ਅਥਵਾ ਮੋਹ ਮਮਤਾ ਦੀ **(ਦਾਵਨਿ)** ਰੱਸੀ ਨਾਲ **(ਬੰਧਿਓ)** ਬੰਨ੍ਹ ਕੇ ਗਿਆਨ ਸਹਿਤ ਭਗਤੀ ਦੇ ਰਸਤੇ 'ਤੇ ਚਲਣ ਤੋਂ ਰੋਕਿਆ **(ਨ)** ਨਹੀਂ **(ਜਾਤ)** ਜਾ ਸਕਦਾ।

## ਪਾਵਕ ਜਰਿਓ. ਨ ਜਾਤ; ਰਹਿਓ ਜਨ. ਧੂਰਿ ਲਗਿ॥

ਜਿਹੜੇ ਗੁਰਮੁਖਿ **(ਜਨ)** ਪਿਆਰੇ ਅਕਾਲਪੁਰਖੁ ਵਾਹਿਗੁਰੂ ਸਤਿਗੁਰੂ ਸਾਹਿਬਾਨ ਜੀ ਦੇ ਚਰਨਕਮਲਾਂ ਦੀ ਪਰਮਪਵਿੱਤ੍ਰ **(ਧੂਰਿ)** ਧੂੜੀ ਨਾਲ **ਲਗਿ** ਕੇ, ਸਦਾ **(ਰਹਿਓ)** ਰਹਿੰਦੇ ਹਨ ਜੀ। ਉਨ੍ਹਾਂ ਨੂੰ **(ਪਾਵਕ)** ਅੱਗ ਅਥਵਾ ਕ੍ਰੋਧ ਰੂਪੀ ਅੱਗ ਨਾਲ **(ਜਰਿਓ)** ਸਾੜਿਆ **(ਨ)** ਨਹੀਂ **(ਜਾਤ)** ਜਾ ਸਕਦਾ। ਜਿਵੇਂ ਦੁਸ਼ਟ

ਹਰਨਾਖਸ਼ ਨੇ ਸਰਬ ਸ੍ਰੋਮਣੀ ਗੁਰਮੁਖਿ ਬ੍ਰਹਮ ਭਗਤ ਸ੍ਰੀ ਪ੍ਰਹਲਾਦ ਸਾਹਿਬ ਖ਼ਾਲਸਾ ਜੀ ਨੂੰ ਅਗਨੀ ਵਿੱਚ ਸੁੱਟ ਕੇ ਸਾੜਨਾ ਚਾਹਿਆ ਪਰ ਅਕਾਲਪੁਰਖੁ ਵਾਹਿਗੁਰੂ ਜੀ ਦੇ ਚਰਨਕਮਲਾਂ 'ਚ ਲੀਨ, ਨਿਰਲੇਪ ਰਹੇ ਜੀ ਰਾਮਜੀ। ਯਥਾ:- **ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰਪਰਸਾਦਿ॥**

**ਵਾਹਿਗੁਰੂ॥** ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਪਰਮਵੀਰ ਗੁਰੂ ਕੇ ਮਹਾਨ ਨਿਰਭੈ ਸੂਰਬੀਰ ਬਹਾਦਰ ਯੋਧੇ ਗੁਰਮੁਖਿ ਗੰਭੀਰ ਪਰਮ ਸਨਮੁਖ ਅਮਰ ਸ਼ਹੀਦ ਧੰਨ ਭਾਈ ਸਤੀਰਾਮ ਸਾਹਿਬ ਖ਼ਾਲਸਾ ਜੀ! ਚਾਂਦਨੀ ਚੌਂਕ ਦਿੱਲੀ ਵਿਖੇ, ਸੰਤ ਦੋਖੀ ਮਹਾਂ ਪਾਪੀ ਜ਼ਾਲਮ ਸੱਪ ਘੋਰ ਭਿਆਨਕ ਜ਼ੁਲਮ ਕਰਕੇ, ਆਪ ਜੀ ਨੂੰ ਹੁਣ ਰੂੰ 'ਚ ਲਪੇਟ ਕੇ ਸਾੜ ਰਹੇ ਹਨ। ਗੁਰਮੁਖਿ ਨਿਰਲੇਪ ਅਵਸਥਾ 'ਚ ਹੁਣ **ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥** ਅਨੁਸਾਰ ਰੋਮਿ ਰੋਮਿ ਕਰਕੇ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਅਤੇ ਸ੍ਰੀ ਮੂਲਮੰਤ੍ਰ ਸਾਹਿਬ ਜੀ ਜਪ ਰਹੇ ਹਨ। ਵਾਹਿਗੁਰੂ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਦੇ ਸਨਮੁਖ ਹੁਣ ਸ਼ਹੀਦੀ ਪਾ ਰਹੇ ਹਨ।

**ਵਾਹਿਗੁਰੂ॥** ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਪਰਮਵੀਰ ਗੁਰੂ ਕੇ ਮਹਾਨ ਨਿਰਭੈ ਸੂਰਬੀਰ ਬਹਾਦਰ ਯੋਧੇ ਗੁਰਮੁਖਿ ਗੰਭੀਰ ਪਰਮ ਸਨਮੁਖ ਅਮਰ ਸ਼ਹੀਦ ਧੰਨ ਦਿਆਲਦਾਸ ਸਾਹਿਬ ਖ਼ਾਲਸਾ ਜੀ! ਚਾਂਦਨੀ ਚੌਂਕ ਦਿੱਲੀ ਵਿਖੇ, ਸੰਤ ਦੋਖੀ ਮਹਾਂ ਪਾਪੀ ਜ਼ਾਲਮ ਸੱਪ ਘੋਰ ਭਿਆਨਕ ਜ਼ੁਲਮ ਕਰਕੇ, ਆਪ ਜੀ ਨੂੰ ਹੁਣ ਦੇਗ਼ 'ਚ ਉਬਾਲ ਰਹੇ ਹਨ। ਗੁਰਮੁਖਿ ਨਿਰਲੇਪ ਅਵਸਥਾ 'ਚ ਹੁਣ **ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥** ਅਨੁਸਾਰ ਰੋਮਿ ਰੋਮਿ ਕਰਕੇ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜਪ ਰਹੇ ਹਨ। ਹੁਣ ਸਤਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ ਦੀ ਵੈਰਾਗਮਈ ਸ਼ਹੀਦੀ ਨੂੰ ਧਿਔਂਦਿਆਂ, ਅੰਮ੍ਰਿਤ ਸ੍ਰੀ ਸੁਖਮਨੀ ਸਾਹਿਬ ਜੀ ਪੜ੍ਹ ਰਹੇ ਹਨ। ਵਾਹਿਗੁਰੂ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਦੇ ਸਨਮੁਖ ਹੁਣ ਸ਼ਹੀਦੀ ਪਾ ਰਹੇ ਹਨ।

## ਨੀਰੁ. ਨ ਸਾਕਸਿ ਬੋਰਿ; ਚਲਹਿ ਹਰਿ ਪੰਥਿ ਪਗਿ॥

ਜਿਹੜੇ ਭੈ ਰੂਪੀ **(ਪਗਿ)** ਪੈਰਾਂ ਨਾਲ **(ਹਰਿ)** ਸੱਤ ਸੰਤੋਖ ਦਇਆ ਧਰਮ ਖਿਮਾ ਆਦਿ ਬਿਅੰਤ ਸ਼ੁਭ ਗੁਰਮੁਖਿ ਗੁਣਾਂ ਦੇ ਪ੍ਰਕਾਸ਼ਕ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ ਦੇ ਪ੍ਰੇਮਾ ਭਗਤੀ **(ਪੰਥਿ)** ਰਸਤੇ 'ਤੇ **(ਚਲਹਿ)** ਚੱਲਦੇ ਹਨ ਜੀ। ਉਨ੍ਹਾਂ ਨੂੰ **(ਨੀਰੁ)** ਪਾਣੀ ਅਥਵਾ ਪਦਾਰਥਾਂ ਰੂਪੀ ਪਾਣੀ **(ਬੋਰਿ)** ਡੁਬੋ **(ਨ)** ਨਹੀਂ **(ਸਾਕਸਿ)** ਸਕਦਾ ਜੀ। ਜਿਵੇਂ ਹੰਕਾਰੀ ਸਿਕੰਦਰ ਲੋਧੀ ਅਤੇ ਹੋਰ ਵਿਰੋਧੀਆਂ ਨੇ ਗੁਰਮੁਖਿ ਪਾਰਬ੍ਰਹਮ ਭਗਤ ਸ੍ਰੀ ਕਬੀਰ ਸਾਹਿਬ ਜੀ ਖ਼ਾਲਸਾ ਨੂੰ ਗੰਗਾ 'ਚ ਡਬੋਣਾ ਚਾਹਿਆ ਸੀ, ਪਰ ਜਿਤਨੇ ਵਾਰੀ ਗੁਰਮੁਖਿ ਪਾਰਬ੍ਰਹਮ ਭਗਤ ਜੀ ਨੂੰ ਪਾਣੀ ਵਿੱਚ ਸੁੱਟਿਆ, ਉਤਨੀ ਵਾਰੀ ਗੁਰਮੁਖਿ ਪਾਰਬ੍ਰਹਮ ਭਗਤ ਜੀ ਪਾਣੀ ਦੇ ਉੱਤੇ ਆ ਜਾਂਦੇ ਜੀ ਰਾਮਜੀ। ਯਥਾ:- **ਗੰਗ ਗੁਸਾਇਨਿ ਗਹਿਰ ਗੰਭੀਰ॥ ਜੰਜੀਰ ਬਾਂਧਿ ਕਰਿ; ਖਰੇ ਕਬੀਰ॥੧॥ ਮਨੁ. ਨ ਡਿਗੈ; ਤਨੁ ਕਾਹੇ ਕਉ ਡਰਾਇ॥ ਚਰਨਕਮਲ; ਚਿਤੁ ਰਹਿਓ ਸਮਾਇ॥ਰਹਾਉ॥ ਗੰਗਾ ਕੀ ਲਹਰਿ; ਮੇਰੀ ਟੁਟੀ ਜੰਜੀਰ॥ ਮ੍ਰਿਗਛਾਲਾ ਪਰ ਬੈਠੇ ਕਬੀਰ॥੨॥ ਕਹਿ ਕੰਬੀਰ; ਕੋਊ. ਸੰਗ ਨ ਸਾਥ॥ ਜਲ ਥਲ ਰਾਖਨ ਹੈ; ਰਘੁਨਾਥ॥੩॥੧੦॥੧੮॥**

## ਨਾਨਕ. ਰੋਗ ਦੋਖ ਅਘ ਮੋਹ; ਛਿਦੇ. ਹਰਿ ਨਾਮ ਖਗਿ॥੧॥੧੦॥

**(ਨਾਨਕ)** ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਗਿਰੰਥ ਸਾਹਿਬ ਜੀ ਫ਼ੁਰਮੌਂਦੇ ਹਨ ਜੀ:- **(ਹਰਿ)** ਸੱਤ ਸੰਤੋਖ ਦਇਆ ਧਰਮ ਖਿਮਾ ਆਦਿ ਬਿਅੰਤ ਸ਼ੁਭ ਗੁਰਮੁਖਿ ਗੁਣਾਂ ਦੇ ਪ੍ਰਕਾਸ਼ਕ ਅਕਾਲਪੁਰਖੁ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ ਦੇ ਨਾਮ ਗੁਰਬਾਣੀ ਰੂਪੀ **(ਖਗਿ)** ਖੜਗ ਬਿਅੰਤ ਪ੍ਰਕਾਰ ਦੇ **ਰੋਗ**, **(ਦੋਖ)** ਦੁੱਖ, **ਘੋਰ (ਅਘ)** ਪਾਪ ਅਤੇ **ਮੋਹ** ਆਦਿਕਾਂ ਨੂੰ **(ਛਿਦੇ)** ਨਾਸ ਕਰਨ ਵਾਲੇ ਹਨ॥੧॥੧੦॥

## ਉਦਮੁ ਕਰਿ. ਲਾਗੇ ਬਹੁ ਭਾਤੀ; ਬਿਚਰਹਿ ਅਨਿਕ ਸਾਸਤ੍ਰ ਬਹੁ ਖਟੂਆ॥

ਸੱਚੇ ਨਾਮ ਸੱਚੇ ਗੁਰਸਬਦਾਂ ਦੇ ਸੱਚੇ ਦਾਤੇ, ਪਾਰਬ੍ਰਹਮ ਗ੍ਰੀਬ ਨਿਵਾਜ, **ਰਾਜਨ ਕੇ ਰਾਜਾ. ਮਹਾਰਾਜਨ ਕੇ ਮਹਾਰਾਜਾ;** ਦਸ ਸਤਿਗੁਰੂ ਸਾਹਿਬਾਨ ਜੀ ਦੀ ਪ੍ਰਾਪਤੀ ਤੋਂ ਬਿਨਾ ਸਾਕਤ **(ਬਹੁ)** ਬਹੁਤ **(ਭਾਤੀ)** ਤਰ੍ਹਾਂ ਦਾ **ਉਦਮੁ (ਕਰਿ)** ਕਰਕੇ ਖੋਟੇ ਕੰਮਾਂ 'ਚ **(ਲਾਗੇ)** ਲੱਗੇ ਹਨ ਜੀ। **(ਬਹੁ)** ਬਹੁਤੇ ਦੰਭੀ ਪਖੰਡੀ ਠੱਗੀ ਮਾਰਣ ਲਈ, ਅਨਿਕ ਤਰ੍ਹਾਂ ਦੀ ਵਿੱਦਿਆ ਦੁਆਰਾ **(ਖਟੂਆ)** ਛੇ **(ਸਾਸਤ੍ਰ)** ਸਾਸਤ੍ਰਾਂ ਨੂੰ **(ਬਿਚਰਹਿ)** ਬਿਚਾਰਦੇ ਹਨ ਜੀ।

## ਜਟੂਆਂ- ਭਸਮ ਲਗਾਇ, ਤੀਰਥ ਬਹੁ ਭ੍ਰਮਤੇ; ਸੂਖਮ ਦੇਹ, ਬੰਧਹਿ ਬਹੁ ਜਟੂਆ॥

ਸ੍ਰੀਰ 'ਤੇ **(ਭਸਮ)** ਸੁਆਹ **(ਲਗਾਇ)** ਲਗਾ ਕੇ **(ਬਹੁ)** ਅਨੇਕ **(ਤੀਰਥ)** ਤੀਰਥਾਂ 'ਤੇ **(ਭ੍ਰਮਤੇ)** ਭ੍ਰਮਦੇ ਹਨ। ਕਈ ਜੋਗੀ ਛੋਟੀ **(ਸੂਖਮ)** ਪਤਲੀ **(ਦੇਹ)** ਸ੍ਰੀਰ 'ਤੇ **(ਬਹੁ)** ਬਹੁਤੀਆਂ ਲੰਮੀਆਂ **(ਜਟੂਆ)** ਜਟਾਂ ਬਣਾ ਕੇ **(ਬੰਧਹਿ)** ਬੰਨ੍ਹਦੇ ਹਨ, ਫਿਰ ਘਰ ਘਰ ਭੀਖਿਆ ਮੰਗਦੇ ਹਨ। ਯਥਾ:- **ਜੋਗੀ ਹੋਵਾ ਜਗਿ ਭਵਾ; ਘਰਿ ਘਰਿ ਭੀਖਿਆ ਲੇਉ॥ ਦਰਗਹ ਲੇਖਾ ਮੰਗੀਐ; ਕਿਸੁ ਕਿਸੁ ਉਤਰੁ ਦੇਉ॥) ਰੋਵਹਿ ਰਾਜੇ; ਕੰਨ ਪੜਾਇ॥ ਘਰਿ ਘਰਿ ਮਾਗਹਿ; ਭੀਖਿਆ ਜਾਇ॥) ਨਵੈ ਖੰਡ ਕੀ ਪ੍ਰਿਥਮੀ ਮਾਗੈ; ਸੋ ਜੋਗੀ ਜਗਿ ਸਾਰਾ॥੧॥) ਮਾਈ ਮਾਗਤ; ਤ੍ਰੈ ਲੋਭਾਵਹਿ॥) ਜੋਗੀ ਜੋਗੁ ਜਟਨ ਮੋ ਨਾਹੀ॥ ਭ੍ਰਮ ਭ੍ਰਮ ਮਰਤ ਕਹਾ ਪਚਿ ਪਚਿ ਕਰ, ਦੇਖਿ ਸਮਝ ਮਨ ਮਾਹੀ॥**

## ਬਿਨੁ ਹਰਿ ਭਜਨ, ਸਗਲ ਦੁਖ ਪਾਵਤ; ਜਿਉ ਪ੍ਰੇਮ ਬਢਾਇ, ਸੂਤ ਕੇ ਹਟੂਆ॥

ਪਰ ਉਹ **(ਹਰਿ)** ਸੱਚੇ ਵਾਹਿਗੁਰੂ ਜੀ ਦੇ ਨਿਰਮਲ ਸੱਚੇ ਪ੍ਰੇਮ ਪ੍ਰਤੀਤ ਸਹਿਤ **ਭਜਨ** ਕਰਨ ਤੋਂ **(ਬਿਨੁ)** ਬਿਨਾਂ **(ਸਗਲ)** ਸਾਰੇ **ਦੁਖ (ਪਾਵਤ)** ਪੌਂਦੇ ਹਨ ਜੀ। **(ਜਿਉ)** ਜਿਵੇਂ **(ਹਟੂਆ)** ਬਾਣੀਆ ਖੰਡ **(ਕੇ)** ਦੇ ਬਣੇ **(ਸੂਤ)** ਲੱਡੂਆਂ ਨਾਲ **ਪ੍ਰੇਮ (ਬਢਾਇ)** ਵਧੌਂਦਾ ਹੈ। ਮਾਇਆ ਦੇ ਲੱਚ 'ਚ ਉਹ ਲੱਡੂ ਨਹੀਂ ਖਾਂਦਾ, ਸਾਰੇ ਗਾਹਕ ਖਰੀਦ ਲੈਂਦੇ, ਮਾਇਆ ਪਰਵਾਰ ਲੈ ਜਾਂਦੀ, ਅੰਤ ਨੂੰ ਬਾਣੀਆ ਖਾਲੀ ਦਾ ਖਾਲੀ ਦੁੱਖ ਹੀ ਪੌਂਦਾ। **ਅੰਦਰੁ ਖਾਲੀ ਪ੍ਰੇਮ ਬਿਨੁ; ਢਹਿ ਢੇਰੀ ਤਨੁ ਛਾਰੁ॥੧॥** ਅਨੁਸਾਰ ਇਉਂ ਸੱਚੇ ਵਾਹਿਗੁਰੂ ਜੀ ਦੇ ਪ੍ਰੇਮ, ਨਾਮ ਜਪਣ ਜਪੌਣ ਬਿਨਾ ਸਾਰੀ ਜ਼ਿੰਦਗੀ ਕਿਰੇਮਾਨ ਮਾਇਕੀ ਕਰਮ ਕਰਦਿਆਂ, ਪਾਪ ਪੁੰਨ ਇਕੱਠੇ ਕਰਦਾ ਹੈ। ਅੰਤ ਨੂੰ ਨੰਗਾ ਦੋਜਕ ਨਰਕ ਨੂੰ ਚਲਿਆ ਜਾਂਦਾ, ਜਮ ਕੁੱਟ ਕੁੱਟ ਕੇ ਪੁੰਨ ਲੈ ਜਾਂਦੇ ਤੇ ਪੱਲੇ ਦੁੱਖ ਰੂਪ ਪਾਪ ਹੀ ਰਹਿ ਜਾਂਦੇ ਹਨ। ਯਥਾ:- **ਨੰਗਾ. ਦੋਜਕਿ ਚਾਲਿਆ; ਤਾ. ਦਿਸੈ ਖਰਾ ਡਰਾਵਣਾ॥ ਕਰਿ ਅਉਗਣ; ਪਛੋਤਾਵਣਾ॥੧੪॥**

## ਪੂਜਾ ਚਕ੍ਰ ਕਰਤ ਸੋਮਪਾਕਾ; ਅਨਿਕ ਭਾਂਤਿ ਥਾਟਹਿ ਕਰਿ ਥਟੂਆ॥੨॥੧੧॥੨੦॥

**ਸਰਬ ਧਰਮ ਮਹਿ; ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ; ਨਿਰਮਲ ਕਰਮੁ॥** ਤੋਂ ਹੀਣਾ ਨਿਗੁਰਾ ਮੂਰਤੀਆਂ ਨੂੰ **(ਚਕ੍ਰ)** ਗੋਲਦਾਇਰੇ 'ਚ ਰੱਖ ਕੇ **ਪੂਜਾ (ਕਰਤ)** ਕਰਦਾ ਹੈ। **(ਸੋਮਪਾਕਾ)** ਸੋਚ ਪਵਿੱਤ੍ਰਾ ਨਾਲ ਅਪਨੇ ਹੱਥੀਂ ਭੋਜਨ ਤਿਆਰ ਕਰਦਾ ਹੈ, **(ਅਨਿਕ)** ਬਿਅੰਤ **(ਭਾਂਤਿ)** ਪ੍ਰਕਾਰ ਦੀਆਂ **(ਥਟੂਆ)** ਬਣਾਵਟਾਂ **(ਕਰਿ)** ਕਰਕੇ **(ਥਾਟਹਿ)** ਬਣੌਂਦਾ ਹੈ॥੨॥੧੧॥੨੦॥

ਵਾਹਿਗੁਰੂ **ਗੁਰ ਨਾਨਕਦੇਵ ਗੋਵਿੰਦ ਰੂਪ॥** ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰਮਤਿ ਮਤਿ ਬਖ਼ਸ਼ ਕੇ, ਪਖੰਡ ਕਰਨ ਤੋਂ ਮਨ੍ਹਾ ਕਰਕੇ ਖੰਡੇ ਬਾਟੇ ਦਾ ਅੰਮ੍ਰਿਤ ਛੱਕਣ ਦਾ ਹੁਕਮ ਕੀਤਾ। ਯਥਾ:- **ਪ੍ਰਥਮ ਰਹਿਤ ਯਹ ਜਾਨ ਖੰਡੇ ਕੀ ਪਾਹੁਲ ਛਕੇ॥ ਸੋਈ ਸਿੰਘ ਪ੍ਰਧਾਨ ਅਵਰ ਨ ਪਾਹੁਲ ਜੋ ਲਏ॥੬॥ ਪਾਂਚ ਸਿੰਘ ਅੰਮ੍ਰਿਤ ਜੋ ਦੇਵੈਂ॥ ਤਾਂ ਕੋ ਸਿਰ ਧਰ ਛਕ ਪੁਨ ਲੇਵੈ॥ ਪੁਨ ਮਿਲ ਪਾਂਚਹੁ ਰਹਿਤ ਜੋ ਭਾਖਹਿਂ॥ ਤਾਂ ਕੋ ਮਨ ਮੈਂ ਦ੍ਰਿੜ ਕਰ ਰਾਖਹਿ॥੭॥** ਧਰਮ ਕ੍ਰਿਤ ਕਰਦਿਆਂ ਨਾਮ ਜਪਣ, ਵੰਡ ਕੇ ਛੱਕਣ ਛੱਕੌਣ, ਨਾਮ ਜਪਣ ਜਪੌਣ, ਪਾਰਬ੍ਰਹਮ ਦਸ ਸਤਿਗੁਰੂ ਸਾਹਿਬਾਨ ਜੀ ਦੀ ਗੁਰਮੁਖਿ ਆਗਿਆਕਾਰੀ ਵਾਈਫ ਬਨਣ ਦਾ ਹੁਕਮ ਹੈ। ਪੱਥਰ ਮੂਰਤੀ, ਦੇਵਤਿਆਂ, ਮੜ੍ਹੀਆਂ, ਮਸਾਣਾ, ਭੂਤ, ਪ੍ਰੇਤ ਆਦਿ ਦੀ ਪੂਜਾ ਤੋਂ ਮਨ੍ਹਾ ਕੀਤਾ। ਯਥਾ:- **ਕਬੀਰ. ਠਾਕੁਰੁ ਪੂਜਹਿ ਮੋਲਿ ਲੇ; ਮਨ ਹਠ ਤੀਰਥ ਜਾਹਿ॥ ਦੇਖਾ ਦੇਖੀ ਸ੍ਵਾਂਗੁ ਧਰਿ; ਭੂਲੇ ਭਟਕਾ ਖਾਹਿ॥੧੩੫॥) ਪਾਨ ਸੁਪਾਰੀ ਖਾਤੀਆ; ਮੁਖਿ ਬੀੜੀਆ ਲਾਈਆ॥ ਹਰਿ ਹਰਿ. ਕਦੇ ਨ ਚੇਤਿਓ; ਜਮਿ ਪਕੜਿ ਚਲਾਈਆ॥੧੩॥) ਕਬੀਰ. ਭਾਂਗ ਮਾਛੁਲੀ, ਸੁਰਾ ਪਾਨਿ; ਜੋ ਜੋ ਪ੍ਰਾਨੀ ਖਾਂਹਿ॥ ਤੀਰਥ ਬਰਤ ਨੇਮ ਕੀਏ; ਤੇ ਸਭੈ ਰਸਾਤਲ ਜਾਂਹਿ॥੨੩੩॥) ਚੌਪਈ॥ ਜਗ ਆਪਨ ਆਪਨ ਉਰਝਾਨਾ॥ ਪਾਰਬ੍ਰਹਮ; ਕਾਹੂ ਨ ਪਛਾਨਾ॥ ਇਕ ਮੜੀਅਨ ਕਬਰਨ ਵੇ ਜਾਂਹੀ॥ ਦੁਹੂੰਅਨ ਮੈ; ਪਰਮੇਸ੍ਵਰ ਨਾਹੀ॥੧੮॥** ਇੱਕ ਅਕਾਲਪੁਰਖੁ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ ਦੀ ਇੱਕ ਜਗਮਗ ਜਾਗਦੀ ਜੋਤਿ ਸਤਿਗੁਰੂ ਗਿਰੰਥ ਸਾਹਿਬ ਜੀ, ਨਾਮ ਗੁਰਬਾਣੀ ਦੀ ਪੂਜਾ ਕਰਨ ਦਾ ਸੱਚਾ ਹੁਕਮ ਹੈ ਜੀ। ਯਥਾ:- **ਸਰਬ ਧਰਮ ਮਹਿ; ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ; ਨਿਰਮਲ ਕਰਮੁ॥) ਪੂਜਾ ਕੀਚੈ. ਨਾਮੁ ਧਿਆਈਐ; ਬਿਨੁ ਨਾਵੈ ਪੂਜ ਨ ਹੋਇ॥੧॥ ਰਹਾਉ॥) ਸਤਿਗੁਰ ਸਚਾ ਪਾਤਿਸਾਹੁ; ਗੁਰਮੁਖਿ ਗਾਡੀ ਰਾਹੁ ਚਲਾਇਆ॥ ਪੰਜਿ ਦੂਤਿ ਕਰਿ ਭੂਤ ਵਸਿ; ਦੁਰਮਤਿ ਦੂਜਾ ਭਾਉ ਮਿਟਾਇਆ॥ ਸਬਦ ਸੁਰਤਿ ਲਿਵ ਚਲਣਾ; ਜਮੁ ਜਾਗਾਤੀ ਨੇੜਿ ਨ ਆਇਆ॥ ਬੇਮੁਖ ਬਾਰਹ ਵਾਟ ਕਰਿ; ਸਾਧਸੰਗਤਿ ਸਚੁ ਖੰਡੁ ਵਸਾਇਆ॥ ਭਾਉ ਭਗਤਿ ਭਉ ਮੰਤ੍ਰ ਦੇ; ਨਾਮੁ ਦਾਨੁ ਇਸਨਾਨੁ ਦ੍ਰਿੜਾਇਆ॥ ਜਿਉ ਜਲ ਅੰਦਰਿ ਕਮਲ ਹੈ; ਮਾਇਆ ਵਿਚਿ ਉਦਾਸੁ ਰਹਾਇਆ॥ ਆਪੁ ਗਵਾਇ; ਨ ਆਪੁ ਗਣਾਇਆ॥੧੩॥**

## ੧ ਨ ਬੋਲੋ- **ਸਵਈਏ ਮਹਲੇ ਪਹਿਲੇ ਕੇ ੧**

ਪਰਮਪੂਜਨੀਕ ਸੱਚੇ ਕੰਤ ਸੱਚੇ ਭਗਵੰਤ ਸੱਚੇ ਪਾਰਬ੍ਰਹਮ ਸੱਚੇ ਬਿਅੰਤ ਸਤਿਕਰਤਾਰ ਵਾਹਿਗੁਰੂ **(ਮਹਲੇ ਪਹਿਲੇ) ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਜੀ, ਦਸ ਸਤਿਗੁਰੂ ਸਾਹਿਬਾਨ ਜੀ **(ਕੇ)** ਦੇ ਅੰਮ੍ਰਿਤ ਜਸ ਦੇ **ਸਵਈਏ**, **ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥** ਸੱਚੇ ਗੁਰਮੁਖਿ ਸੱਚੇ ਬ੍ਰਹਮ ਸੱਚੇ ਨਾਮ ਰਸੀਏ ਭੱਟ ਸਾਹਿਬਾਨ ਜੀ, ਜੁੱਗ ਜੁੱਗ ਸੱਚੀ ਸੱਚੀ ਸੱਚੀ ਅਮਰ ਅਬਿਨਾਸੀ ਗੁਰਤਾਗੱਦੀ ਬਿਰਾਜਮਾਨ, ਚਰਵ ਛਤ੍ਰ ਤਖ਼ਤ ਦੇ ਮਾਲਕ, ਪਾਰਬ੍ਰਹਮ ਕੇ ਗੁਰ ਅਵਤਾਰ, **ੴ** ਸੱਚੇ ਸਿਰਜਣਹਾਰ ਸੱਚੇ ਸਤਿਗੁਰੂ ਸ੍ਰੀ ਗੁਰੂ ਗਿਰੰਥ ਸਾਹਿਬ ਜੀ ਫ਼ੁਰਮਾ ਰਹੇ ਹਨ ਜੀ:-

## ੴ ਸਤਿਗੁਰ ਪ੍ਰਸਾਦਿ॥

ਪਰਮਪੂਜਨੀਕ **(ੴ)** ਇੱਕ ਅਦ੍ਵੈਤ ਸਰੂਪ ਓਅੰਕਾਰ ਸ਼ੁਭ ਗੁਰਮੁਖਿ ਗੁਣਾਂ ਦੇ ਪ੍ਰਕਾਸ਼ਕ, ਪਾਰਬ੍ਰਹਮ ਅਬਿਨਾਸ, ਪਿਆਰੇ ਗੁਰਸੇਵਕਾਂ ਗੁਰਸਿੱਖਾਂ ਦੇ ਔਗੁਣ ਪਾਪ ਕਰਦੇ ਨਾਸ, ਸਰਬ ਪ੍ਰਕਾਸ਼ਕ, ਵਾਹਿਗੁਰੂ ਬ੍ਰਹਮ ਨਿਰਗੁਨ ਨਿਰੰਕਾਰ ਜੀ ਦੇ ਸਰਗੁਨ ਸਰੂਪ ਦਸ ਸਤਿਗੁਰ ਸਾਹਿਬਾਨ ਜੀ, **(ਪ੍ਰਸਾਦਿ)** **(ਪ੍ਰ+ਸਾਦਿ)** **(ਪ੍ਰ)** ਪਰੇ ਹਨ **(ਸਾਦਿ)** ਸੁਆਦ ਤੋਂ, ਭਾਵ ਇੰਦ੍ਰਿਆਂ ਦੇ ਸੁਆਦ ਰਹਿਤ, ਨਿਰੇ **(ਪ੍ਰਸਾਦਿ)** ਅਨੰਦ ਹੀ ਅਨੰਦ ਸਰੂਪ, **(ਪ੍ਰਸਾਦਿ)** ਕ੍ਰਿਪਾ ਸਰੂਪ ਭਾਵ ਗੁਰੂ ਪਰਮੇਸਰ ਜੀ ਅਗਮ ਅਪਾਰ ਨਿਰੇ ਕ੍ਰਿਪਾ ਹੀ ਕ੍ਰਿਪਾ ਪ੍ਰਕਾਸ਼ ਸਰੂਪ ਹਨ ਜੀ। ਜੋ ਹਰ ਵੇਲੇ ਅੱਗ ਦੇ ਸਮੁੰਦ੍ਰ ਸੰਸਾਰ 'ਤੇ ਕ੍ਰਿਪਾ ਹੀ ਕ੍ਰਿਪਾ ਕਰਦੇ ਹਨ, ਹਰ ਸਮੇਂ ਸੰਸਾਰ 'ਚ ਲੱਗੀ ਅੱਗ ਨੂੰ, **ਸਾਚ ਨਾਮ ਕੀ ਅੰਮ੍ਰਿਤ ਵਰਖਾ॥** ਕਰਕੇ, ਬੁਝੌਂਦੇ ਰਹਿੰਦੇ ਹਨ ਜੀ ਰਾਮਜੀ।

**ਸਲੋਕੁ॥ ਗੁਰਦੇਵ ਮਾਤਾ. ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ॥ ਗੁਰਦੇਵ ਸਖਾ. ਅਗਿਆਨ ਭੰਜਨੁ; ਗੁਰਦੇਵ ਬੰਧਿਪ ਸਹੋਦਰਾ॥ ਗੁਰਦੇਵ ਦਾਤਾ. ਹਰਿ ਨਾਮੁ ਉਪਦੇਸੈ; ਗੁਰਦੇਵ ਮੰਤੁ. ਨਿਰੋਧਰਾ॥ ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ; ਗੁਰਦੇਵ. ਪਾਰਸ ਪਰਸ ਪਰਾ॥ ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ; ਗੁਰ ਗਿਆਨ ਮਜਨੁ ਅਪਰੰਪਰਾ॥ ਗੁਰਦੇਵ ਕਰਤਾ. ਸਭਿ ਪਾਪ ਹਰਤਾ; ਗੁਰਦੇਵ. ਪਤਿਤ ਪਵਿਤ ਕਰਾ॥ ਗੁਰਦੇਵ. ਆਦਿ ਜੁਗਾਦਿ ਜੁਗੁ ਜੁਗੁ; ਗੁਰਦੇਵ ਮੰਤੁ ਹਰਿ ਜਪਿ ਉਧਰਾ॥ ਗੁਰਦੇਵ ਸੰਗਤਿ. ਪ੍ਰਭ ਮੇਲਿ ਕਰਿ ਕਿਰਪਾ; ਹਮ ਮੂੜ ਪਾਪੀ. ਜਿਤੁ ਲਗਿ ਤਰਾ॥ ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ; ਗੁਰਦੇਵ ਨਾਨਕ ਹਰਿ ਨਮਸਕਰਾ॥੧॥**

## ਇਕ ਮਨਿ; ਪੁਰਖੁ ਧਿਆਇ ਬਰਦਾਤਾ॥

ਹੇ ਮਨ! ਬਿਅੰਤ ਸ਼ੁਭ ਗੁਰਮੁਖਿ **(ਬਰ+ਦਾਤਾ)** **(ਬਰ)** ਵਰਾਂ ਅਥਵਾ **(ਬਰ)** ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਜੀ ਦੀ ਪ੍ਰਾਪਤੀ ਦੇ **(ਦਾਤਾ)** ਦਾਤੇ ਉਦਾਰ ਚਿੱਤ ਸੱਚੇ ਅਕਾਲਪੁਰਖੁ **ਵਾਹਿਗੁਰੂ ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਨੂੰ **ਇਕ ਮਨਿ** ਹੋ ਕੇ, ਸਾਵਧਾਨ ਦਿਨ ਰਾਤ ਰੋਮਿ ਰੋਮ ਦੇ ਪਿਆਰ, ਸਤਿਕਾਰ, ਚਾਅ ਉਤਸ਼ਾਹ ਨਾਲ **(ਧਿਆਇ)** ਧਿਔਣਾ ਕਰ ਜੀ। ਯਥਾ:- **ਪ੍ਰਭ ਕੀ ਉਸਤਤਿ; ਕਰਹੁ ਸੰਤ ਮੀਤ॥ ਸਾਵਧਾਨ ਏਕਾਗਰ ਚੀਤ॥) ਏ ਮਨ ਹਰਿ ਜੀ ਧਿਆਇ ਤੂ; ਇਕ ਮਨਿ ਇਕ ਚਿਤਿ ਭਾਇ॥) ਏ ਮਨ. ਹਰਿ ਜੀਉ ਚੇਤਿ ਤੂ; ਮਨਹੁ ਤਜਿ ਵਿਕਾਰ॥ ਗੁਰ ਕੈ ਸਬਦਿ ਧਿਆਇ ਤੂ; ਤਾ ਸਚਿ ਲਗੀ ਪਿਆਰੁ॥੧॥ਰਹਾਉ॥) ਤੁਮ ਬਡ ਦਾਤੇ. ਦੇ ਰਹੇ॥ ਜੀਅ ਪ੍ਰਾਣ ਮਹਿ; ਰਵਿ ਰਹੇ॥**

**"ਆਪ ਜੀ ਨੇ ਲੈਣਾ ਤੇ ਦਾਸਨਦਾਸ ਨੇ ਦੇਣਾ" ਦਾ ਵਰ ਬਖ਼ਸ਼ਣਾ:-** ਪਾਰਬ੍ਰਹਮ ਭਗਵਾਨ ਸਤਿਗੁਰੂ

ਸ੍ਰੀ ਗੁਰੂ ਅੰਗਦਦੇਵ ਸਾਹਿਬ ਜੀ ਘੋੜੀ 'ਤੇ ਚੜ੍ਹ ਕੇ, ਸੱਚੇ ਅਕਾਲਪੁਰਖੁ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਜੀ ਦੇ ਸੁੰਦਰ ਦਰਸਨ ਕਰਨ ਗਏ। ਅੰਤਰਜਾਮੀ ਸਤਿਗੁਰੂ ਨਾਨਕਦੇਵ ਸਾਹਿਬ ਜੀ ਸ੍ਰੀ ਕਰਤਾਰਪੁਰ ਸਾਹਿਬ ਜੀ ਤੋਂ ਬਾਹਰ ਆ ਕੇ ਖੜ੍ਹ ਗਏ ਜੀ। ਸ੍ਰੀ ਗੁਰੂ ਅੰਗਦਦੇਵ ਸਾਹਿਬ ਜੀ ਨੇ ਪੁੱਛਿਆ "ਜੀ! ਦਾਸਨਦਾਸ ਨੇ ਸੱਚੇ ਪਰਮਾਤਮਾ ਸੱਚੇ ਨਾਮ ਦੇ ਸੱਚੇ ਦਾਤੇ, ਸੱਚੇ ਸਤਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਜੀ ਦੇ ਸੱਚੇ ਸੁੰਦਰ ਸੱਚੇ ਦਰਸਨ ਕਰਨੇ ਹਨ ਜੀ।"

ਤਾਂ ਗੁਰੂ ਗ੍ਰੀਬ ਨਿਵਾਜ, ਆਪ ਘੋੜੀ ਦੇ ਮੂਹਰੇ ਮੂਹਰੇ ਤੁਰੇ ਪਏ, ਪਾਵਨ ਪਵਿੱਤ੍ਰ ਅਸਥਾਨ 'ਤੇ ਲੈ ਆਏ। ਕਹਿੰਦੇ "ਜੀ! ਇੱਥੇ ਘੋੜੀ ਬੰਨ੍ਹ ਕੇ, ਅੰਦਰ ਜਾ ਕੇ ਸਤਿਗੁਰੂ ਸਾਹਿਬ ਜੀ ਦੇ ਦਰਸਨ ਕਰ ਲਵੋ ਜੀ।" ਤਾਂ ਪੰਜ ਇਸ਼ਨਾਨਾਂ ਕਰਕੇ, ਪਿੱਛਲੀ ਬਾਰੀ ਤੋਂ ਅੰਦਰ ਆ ਕੇ, ਸਤਿਗੁਰੂ ਨਾਨਕਦੇਵ ਸਾਹਿਬ ਜੀ ਤਖ਼ਤ ਸਾਹਿਬ ਜੀ 'ਤੇ ਸੱਜ ਗਏ ਜੀ। ਸੁਮੰਦਰ ਦਰਸਨ ਕਰਕੇ ਸਤਿਗੁਰੂ ਅੰਗਦਦੇਵ ਸਾਹਿਬ ਜੀ ਅਸਚਰਜ, ਹੈਰਾਨ ਹੋਏ ਤੇ ਪਛਤੌਣ ਲਗੇ, ਕਿ "ਦਾਸਨਦਾਸ ਘੋੜੀ 'ਤੇ ਚੜ੍ਹ ਕੇ ਆਇਆ, ਤੇ ਸਤਿਗੁਰੂ ਸਾਹਿਬ ਜੀ ਨੇ ਆਪ ਮੂਹਰੇ ਤੁਰੇ ਆਏ, ਇਹ ਦਾਸਨਦਾਸ ਤੋਂ ਬੇਅਦਬੀ ਹੋਈ।"

ਤਾਂ **ਸਰਬ ਕਲਾ ਭਰਪੂਰ ਪ੍ਰਭ;** ਸਤਿਗੁਰੂ ਨਾਨਕਦੇਵ ਸਾਹਿਬ ਜੀ ਕਹਿੰਦੇ "ਜੀ! ਆਪ ਜੀ ਦਾ ਸ਼ੁਭ ਨਾਮ ਕੀ ਹੈ ਜੀ?" ਸਿਰ ਝੁਕਾ ਕੇ ਕਹਿੰਦੇ "ਜੀ! ਲਹਿਣਾ" ਪਹਿਲੇ ਪਾਤਿਸਾਹ ਜੀ ਨੇ ਕਿਹਾ "ਲਹਿਣੇਦਾਰ ਘੋੜੀਆਂ 'ਤੇ ਚੜ੍ਹ ਕੇ ਹੀ ਔਂਦੇ ਹਨ, ਆਪ ਜੀ ਨੇ ਲੈਣਾ ਤੇ ਦਾਸਨਦਾਸ ਨੇ ਦੇਣਾ" **ਵਾਹੁ ਵਾਹੁ ਸਚੇ ਪਾਤਿਸਾਹ; ਤੂ ਸਚੀ ਨਾਈ॥੧॥ਰਹਾਉ॥** ਆਪ ਜੀ ਨੇ ਕੈਸਾ ਅਮੋਲਕ ਅਸਚਰਜ ਖੇਲ ਰਚਾਇਆ। "ਆਪ ਜੀ ਨੇ ਲੈਣਾ ਤੇ ਦਾਸਨਦਾਸ ਨੇ ਦੇਣਾ" ਦਾ ਭਾਵ ਸਤਿਗੁਰੂ ਨਾਨਕਦੇਵ ਸਾਹਿਬ ਜੀ ਨੇ ਸਤਿਗੁਰੂ ਅੰਗਦਦੇਵ ਸਾਹਿਬ ਜੀ ਨੂੰ ਗੁਰਤਾਗੱਦੀ ਦੇਣ ਦਾ ਸ਼ੁਭ ਸੱਚਾ ਗੁਰਮੁਖਿ ਵਰ ਬਖ਼ਸ਼ਿਆ ਜੀ।

## ਸੰਤ ਸਹਾਰੁ; ਸਦਾ ਬਿਖਿਆਤਾ॥

**ਸਦਾ (ਬਿਖਿਆਤਾ)** ਪ੍ਰਗਟ ਸਰੂਪ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਸਦਾ ਅਪਨੇ ਸੱਚੇ ਗੁਰਮੁਖਿ ਸੱਚੇ ਬ੍ਰਹਮ ਸੱਚੇ ਨਾਮ ਰਸੀਏ **(ਸੰਤ)** ਸੰਤਾਂ ਮਹਾਂਪੁਰਖਾਂ ਦਾ ਸੱਚਾ **(ਸਹਾਰੁ)** ਆਸਰਾ ਓਟ, ਉਨ੍ਹਾਂ ਦੇ ਸਦਾ ਸਹਾਈ ਹਨ ਜੀ ਰਾਮਜੀ। ਯਥਾ:- **ਪ੍ਰਗਟੁ ਸਗਲ ਹਰਿ ਭਵਨ ਮਹਿ; ਜਨੁ ਨਾਨਕੁ. ਗੁਰ ਪਾਰਬ੍ਰਹਮ॥੯॥) ਘਰਿ ਘਰਿ ਬਾਬਾ ਗਾਵੀਐ; ਵਜਨਿ ਤਾਲ ਮ੍ਰਿਦੰਗੁ ਰਬਾਬਾ॥) ਧਰੀ ਨੀਸਾਨੀ ਕਉਸ ਦੀ; ਮਕੇ ਅੰਦਰਿ ਪੂਜ ਕਰਾਈ॥ ਜਿਥੈ ਜਾਇ ਜਗਤਿ ਵਿਚਿ; ਬਾਬੇ ਬਾਝੁ ਨ ਖਾਲੀ ਜਾਈ॥ ਘਰਿ ਘਰਿ ਬਾਬਾ ਪੂਜੀਐ; ਹਿੰਦੂ ਮੁਸਲਮਾਨ ਗੁਆਈ॥ ਛਪੇ ਨਾਹਿ ਛਪਾਇਆ; ਚੜਿਆ ਸੂਰਜੁ ਜਗੁ ਰੁਸਨਾਈ॥ ਬੁਕਿਆ ਸਿੰਘ ਉਜਾੜ ਵਿਚਿ; ਸਭਿ ਮਿਰਗਾਵਲਿ ਭੰਨੀ ਜਾਈ॥ ਚੜਿਆ ਚੰਦੁ ਨ ਲੁਕਈ; ਕਢਿ ਕੁਨਾਲੀ ਜੋਤਿ ਛਪਾਈ॥ ਉਗਵਣਿ ਤੇ ਆਥਵਣੋ; ਨਉਖੰਡ ਪ੍ਰਿਥਮੀ ਸਭਾ ਝੁਕਾਈ॥ ਜਗ ਅੰਦਰਿ; ਕੁਦਰਤਿ ਵਰਤਾਈ॥੩੪॥** ਤਥਾ:- **ਸੰਤਨ ਕੀ ਓਟ; ਆਪੇ ਆਪਿ॥੧॥ਰਹਾਉ॥) ਭਗਤਾ ਕਾ ਸਹਾਈ; ਜੁਗਿ ਜੁਗਿ ਜਾਣਿਆ॥੩॥) ਸੰਤਾ ਕੇ ਕਾਰਜਿ. ਆਪਿ ਖਲੋਇਆ; ਹਰਿ ਕੰਮੁ ਕਰਾਵਣਿ ਆਇਆ ਰਾਮ॥**

## ਤਾਸੁ ਚਰਨ ਲੇ; ਰਿਦੈ ਬਸਾਵਉ॥

ਦਾਸਨਦਾਸ **(ਤਾਸੁ)** ਤਿਨ੍ਹਾਂ ਸੱਤ ਸੰਤੋਖ ਦਇਆ ਧਰਮ ਖਿਮਾ ਆਦਿ ਬਿਅੰਤ ਸ਼ੁਭ ਗੁਰਮੁਖਿ ਗੁਣਾਂ ਦੇ ਪ੍ਰਕਾਸ਼ਕ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਦੇ ਸੱਚੇ ਸੱਚੇ ਸੱਚੇ ਸੁੰਦਰ ਮਿੱਠੇ ਪਰਉਪਕਾਰੀ ਪਰਮਪੂਜਨੀਕ ਨਿਰਵਿਕਾਰੀ ਧੀਰਜਧਾਰੀ ਸੱਚੇ ਮਿੱਠੇ ਰਿਦੇ 'ਚੋਂ ਮੂੰਹ 'ਚ ਅੰਮ੍ਰਿਤ, ਅਜਪਾ ਜਾਪ ਅਨਹਦ ਨਾਦ ਬਖ਼ਸ਼ਣ ਵਾਲੇ, ਵਿਕਾਰ ਔਗੁਣ ਮੇਟਣ ਵਾਲੇ **ਚਰਨ**-ਕਮਲ ਅਥਵਾ ਗੁਰਸਬਦ ਰੂਪ **ਚਰਨ**-ਕਮਲ **(ਲੇ)** ਲੈ ਕੇ, ਅਪਣੇ **(ਰਿਦੈ)** ਰਿਦੇ ਰੋਮਿ ਰੋਮਿ 'ਚ **(ਬਸਾਵਉ)** ਵਸੌਂਦਾ, ਧਿਔਂਦਾ, ਗੌਂਦਾ, ਸਿਰ ਝੁਕੌਂਦਾ, ਸੱਚੇ ਚਰਨਕਮਲ ਧੋ ਧੋ ਕੇ ਪੀਂਦਾ ਹੈ ਜੀ, ਪਾਰਬ੍ਰਹਮ ਮਨ ਭੌਂਦਾ, ਬਲਿ ਬਲਿ ਜਾਂਦਾ ਜੀ ਰਾਮਜੀ। ਜਿਨ੍ਹਾਂ ਪਾਵਨ ਪਵਿੱਤ੍ਰ ਚਰਨਕਮਲਾਂ ਨਾਲ ਸਤਿਗੁਰੂ ਸਾਹਿਬ ਜੀ ਨੇ ਨੌਂ ਖੰਡ, ਸੱਤ ਦੀਪ ਤੁਰ ਕੇ ਨਿਹਾਲ ਨਿਹਾਲ ਨਿਹਾਲ ਕੀਤੇ ਜੀ ਖ਼ਾਲਸਾਜੀ। ਯਥਾ:- **ਬਾਬੇ ਤਾਰੇ ਚਾਰਿ ਚਕਿ; ਨਉਖੰਡਿ ਪ੍ਰਿਥਮੀ ਸਚਾ ਢੋਆ॥) ਬਾਬੇ ਡਿਠੀ ਪਿਰਥਮੀ; ਨਵੈਖੰਡਿ ਜਿਥੈ ਤਕਿ ਆਹੀ॥ ਫਿਰਿ ਜਾਇ ਚੜ੍ਹਿਆ ਸੁਮੇਰ ਪਰ; ਸਿਧ ਮੰਡਲੀ ਦ੍ਰਿਸਟੀ ਆਈ॥ ਚਉਰਾਸੀਹ ਸਿਧ ਗੋਰਖਾਦਿ; ਮਨ ਅੰਦਰਿ ਗਣਤੀ ਵਰਤਾਈ॥ ਸਿਧ ਪੁਛਣਿ ਸੁਣਿ ਬਾਲਿਆ; ਕਉਣੁ ਸਕਤਿ ਤੁਹਿ ਏਥੇ ਲਿਆਈ॥ ਹਉ ਜਪਿਆ ਪਰਮੇਸਰੋ; ਭਾਉ ਭਗਤਿ ਸੰਗਿ ਤਾੜੀ ਲਾਈ॥ ਆਖਣਿ ਸਿਧ ਸੁਣਿ ਬਾਲਿਆ; ਅਪਣਾ ਨਾਉ ਤੁਮ ਦੇਹੁ ਬਤਾਈ॥ ਬਾਬਾ ਆਖੇ ਨਾਥ ਜੀ; ਨਾਨਕ ਨਾਮ ਜਪੇ ਗਤਿ ਪਾਈ॥** ਹੇ ਪਿਆਰੇ ਪ੍ਰੇਮੀਓ! ਆਪ ਜੀ ਭੀ ਅਪਣੇ ਰਿਦੇ 'ਚ ਵਸੌਣਾ ਕਰੋ ਜੀ ਰਾਮ ਜੀ! ਯਥਾ:- **ਮਹਾ ਅਨੰਦ ਮੰਗਲ ਰੂਪ; ਤੁਮਰੇ ਬਚਨ ਅਨੂਪ ਰਸਾਲ॥ ਹਿਰਦੈ ਚਰਣ ਸਬਦੁ ਸਤਿਗੁਰ ਕੋ; ਨਾਨਕ. ਬਾਂਧਿਓ ਪਾਲ॥੨॥੭॥੩੮॥) ਸਤਿਗੁਰ ਕੇ ਚਰਨ; ਧੋਇ ਧੋਇ ਪੀਵਾ॥ ਗੁਰ ਨਾਨਕ; ਜਪਿ ਜਪਿ ਸਦ ਜੀਵਾ॥੪॥੪੩॥੫੬॥) ਮਾਈ; ਚਰਨ ਗੁਰ ਮੀਠੇ॥) ਗੁਰ ਕੇ ਚਰਣ ਊਪਰਿ ਮੇਰੇ ਮਾਥੇ॥ ਤਾ ਤੇ ਦੁਖ ਮੇਰੇ; ਸਗਲੇ ਲਾਥੇ॥੧॥) ਸੁਣਤੇ ਪੁਨੀਤ. ਕਹਤੇ ਪਵਿਤੁ; ਸਤਿਗੁਰੁ ਰਹਿਆ ਭਰਪੂਰੇ॥ ਬਿਨਵੰਤਿ ਨਾਨਕੁ. ਗੁਰ ਚਰਣ ਲਾਗੇ; ਵਾਜੇ ਅਨਹਦ ਤੂਰੇ॥੪੦॥੧॥**

## ਤਉ ਪਰਮ ਗੁਰੂ ਨਾਨਕ; ਗੁਨ ਗਾਵਉ॥੧॥

**(ਤਉ)** ਤਾਂ ਦਾਸਨਦਾਸ, **(ਪਰਮ)** ਵੱਡੇ, ਪਰਮਪੂਜਨੀਕ ਸੱਚੇ ਪਾਰਬ੍ਰਹਮ ਕੇ ਗੁਰ ਅਵਤਾਰ **(ਗੁਰੂ ਨਾਨਕ) ਸਭ ਤੇ ਵਡਾ ਸਤਿਗੁਰੁ ਨਾਨਕੁ;** ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਦੇ ਸ੍ਰੇਸਟ ਅਪਾਰ ਗੁਰਮੁਖਿ **ਗੁਨ (ਗਾਵਉ)** ਗੌਂਦਾ ਹੈ ਜੀ। ਹੇ ਪਿਆਰੇ ਪ੍ਰੇਮੀਓ! ਆਪ ਜੀ ਭੀ ਗੌਂਣਾ ਕਰੋ ਜੀ ਰਾਮਜੀ!॥੧॥ ਯਥਾ:- **ਗੁਣ ਗਾਵਹੁ ਸੰਤ ਜੀਉ; ਮੇਰੇ ਹਰਿ ਪ੍ਰਭ ਕੇਰੇ ਜੀਉ॥ ਜਪਿ ਗੁਰਮੁਖਿ ਨਾਮੁ ਜੀਉ; ਭਾਗ ਵਡੇਰੇ ਜੀਉ॥) ਬੰਦਨਾ ਹਰਿ ਬੰਦਨਾ; ਗੁਣ ਗਾਵਹੁ ਗੋਪਾਲ ਰਾਇ॥ਰਹਾਉ॥) ਗੁਣ ਗਾਵਹੁ ਨਿਤ ਨਿਤ ਭਗਵੰਤ॥੩॥) ਹਰਿ ਗੁਣ ਗਾਵਹੁ ਕਾਮਣੀ; ਸਚੈ ਸਬਦਿ ਸਮਾਇ॥**

## ਗਾਵਉ ਗੁਨ, ਪਰਮ ਗੁਰੂ ਸੁਖਸਾਗਰ; ਦੁਰਤ ਨਿਵਾਰਣ. ਸਬਦ ਸਰੇ॥

ਹੇ ਗੁਰਮੁਖਿ ਪਿਆਰਿਓ! ਅੰਮ੍ਰਿਤ **(ਸਬਦ)** ਗੁਰਬਾਣੀ ਦੇ **(ਸਰੇ)** ਸਮੁੰਦ੍ਰ, **(ਸਬਦ)** ਬ੍ਰਹਮ ਸਰੂਪ ਸੱਚੇ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਅੰਮ੍ਰਿਤ **(ਸਬਦ)**

ਗੁਰਬਾਣੀ ਜੀ ਬਖ਼ਸ਼ ਕੇ ਕਲਜੁੱਗੀ ਜੀਵਾਂ ਦੇ (**ਦੁਰਤ**) ਪਾਪ, ਖੋਟੀ ਮਤਿ ਨੂੰ (**ਨਿਵਾਰਣ**) ਨਿਵਿਰਤ ਕਰਨ ਵਾਲੇ (**ਸੁਖਸਾਗਰ**) ਸੁਖਾਂ ਦੇ ਸਮੁੰਦ੍ਰ, ਜਗਮਗ ਜਾਗਦੀ ਜੋਤੀ, (**ਪਰਮ**) ਵੱਡੇ ਪਰਮਪੂਜਨੀਕ ਸੱਚੇ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਦੇ ਸ੍ਰੇਸਟ **ਗੁਨ** ਅਥਵਾ (**ਗੁਨ**) ਪਰਉਪਕਾਰਾਂ ਨੂੰ (**ਗਾਵਉ**) ਗੌਣਾ ਕਰੋ ਜੀ ਖ਼ਾਲਸਾਜੀ। ਯਥਾ:- **ਸਾਧੋ; ਗੋਬਿੰਦ ਕੇ ਗੁਨ ਗਾਵਉ॥ ਤਥਾ:- ਦੁਰਤੁ ਗਵਾਇਆ. ਹਰਿ ਪ੍ਰਭਿ ਆਪੇ; ਸਭੁ ਸੰਸਾਰੁ ਉਬਾਰਿਆ॥ ਪਾਰਬ੍ਰਹਮਿ ਪ੍ਰਭਿ ਕਿਰਪਾ ਧਾਰੀ; ਅਪਣਾ ਬਿਰਦੁ ਸਮਾਰਿਆ॥੧॥) ਗੁਰ ਕੈ ਸਬਦਿ. ਏਹੁ ਮਨੁ ਰਾਤਾ; ਦੁਬਿਧਾ ਸਹਜਿ ਸਮਾਣੀ॥) ਸਤਿਗੁਰੁ. ਖੋਟਿਅਹੁ ਖਰੇ ਕਰੇ; ਸਬਦਿ ਸਵਾਰਣਹਾਰੁ॥**

## ਗਾਵਹਿ ਗੰਭੀਰ ਧੀਰ ਮਤਿ ਸਾਗਰ; ਜੋਗੀ ਜੰਗਮ ਧਿਆਨੁ ਧਰੇ॥

**ਪੂਰਿ ਰਹਿਓ ਸਰਬਤ੍ਰ ਮਹਿ; ਪ੍ਰਭ ਗੁਣੀ ਗਹੀਰ॥) ਗੁਰੁ ਸਾਗਰੁ ਰਤਨੀ ਭਰਪੂਰੇ॥** ਸ਼ੁਭ ਗੁਰਮੁਖਿ ਗੁਣਾਂ ਦੇ ਗਹਿਰ **ਗੰਭੀਰ** ਅਥਾਹ ਸਾਗਰ, (**ਧੀਰ**) ਧੀਰਜਧਾਰੀ, (**ਧੀਰ**) ਬਲਵਾਨ, ਭਾਰੀ (**ਮਤਿ**) ਗੁਰਮਤਿ ਦੇ ਦਾਤੇ, ਪਰਮਪੂਜਨੀਕ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਨੂੰ ਬਿਅੰਤ ਸ਼ੁਭ ਗੁਣਾਂ ਦੇ ਗਹਿਰ **ਗੰਭੀਰ** (**ਸਾਗਰ**) ਸਮੁੰਦ੍ਰ, (**ਧੀਰ**) ਧੀਰਜਧਾਰੀ, (**ਧੀਰ**) ਬਲਵਾਨ ਸੂਰਬੀਰ ਬਹਾਦਰ, ਭਾਰੀ (**ਮਤਿ**) ਗੁਰਮਤਿ ਦੇ ਧਾਰਨੀ ਗੁਰਮੁਖਿ ਮਹਾਂਪੁਰਖ (**ਗਾਵਹਿ**) ਗੌਂਦੇ ਹਨ ਜੀ। **ਸਿਧ ਸਾਧਿਕ ਜੋਗੀ ਅਰੁ ਜੰਗਮ; ਏਕੁ ਸਿਧੁ ਜਿਨੀ ਧਿਆਇਆ॥ ਪਰਸਤ ਪੈਰ ਸਿਝਤ ਤੇ ਸੁਆਮੀ; ਅਖਰੁ ਜਿਨ ਕਉ ਆਇਆ॥੨॥** ਅਨੁਸਾਰ ਉਹ **ੴ** ਵਾਹਿਗੁਰੂ ਜੀ ਨਾਲ ਜੁੜੇ ਗੁਰਮੁਖਿ **ਜੋਗੀ**, ਸਦਾ ਸੱਚੇ ਕੰਤ ਸੱਚੇ ਭਗਵੰਤ ਪਾਰਬ੍ਰਹਮ ਬਿਅੰਤ ਵਾਹਿਗੁਰੂ ਜੀ ਨਾਲ ਏਕਤਾ ਅਭੇਦਤਾ ਦੇ ਸੋਹਲੇ ਗੌਂਣ ਵਾਲੀਆਂ ਗੁਰਮੁਖਿ ਬਹੂਆਂ, **ਜੋਗੀ**, (**ਜੰਗਮ**) ਸ਼ਿਵ ਜੀ ਪਾਰਬਤੀ ਜੀ ਦਾ ਵਿਆਹ ਗੌਂਣ ਵਾਲੇ ਭੀ ਵਾਹਿਗੁਰੂ ਸਤਿਗੁਰੂ ਸਾਹਿਬ ਜੀ ਦੇ ਸੱਚੇ ਮਿੱਠੇ ਪਰਉਪਕਾਰੀ ਚਰਨਕਮਲਾਂ ਦਾ **ਧਿਆਨ** (**ਧਰੇ**) ਧਾਰਦੇ ਹਨ ਜੀ ਰਾਮਜੀ।

## ਗਾਵਹਿ ਇੰਦ੍ਰਾਦ. ਭਗਤ ਪ੍ਰਹਿਲਾਦਿਕ; ਆਤਮ ਰਸੁ ਜਿਨਿ ਜਾਣਿਓ॥

(**ਇੰਦ੍ਰਾਦ**) ਇੰਦ੍ਰ ਆਦਿ ਦੇਵਤੇ, ਸੱਚੇ ਗੁਰਮੁਖਿ ਸੱਚੇ ਬ੍ਰਹਮ ਸੱਚੇ ਨਾਮ ਰਸੀਏ **ਭਗਤ** (**ਪ੍ਰਹਿਲਾਦਿਕ**) ਪ੍ਰਹਿਲਾਦ ਸਾਹਿਬ ਜੀ ਖ਼ਾਲਸਾ ਆਦਿ ਸਾਰੇ ਗੁਰਮੁਖਿ ਬ੍ਰਹਮ ਭਗਤ ਧੰਨ ਧੰਨ ਧੰਨ ਪਰਮਪੂਜਨੀਕ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਨੂੰ (**ਗਾਵਹਿ**) ਗੌਂਦੇ ਹਨ ਜੀ। (**ਜਿਨਿ**) ਜਿਨ੍ਹਾਂ ਨੇ (**ਆਤਮ**) ਅਪਣਾ ਆਪ ਸਰੂਪ ਬ੍ਰਹਮ ਜੀ ਦਾ ਮਹਾਂ ਵਿਸਮਾਦ ਅੰਮ੍ਰਿਤ ਸੱਚਾ ਨਾਮ **ਰਸੁ** ਮੂੰਹ 'ਚੋਂ ਪੀਣਾ ਪਿਔਣਾ (**ਜਾਣਿਓ**) ਜਾਣਿਆ ਹੈ।

## ਸੁ-ਜਸੁ- ਕਬਿ ਕਲ. ਸੁਜਸੁ ਗਾਵਉ ਗੁਰ ਨਾਨਕ; ਰਾਜੁ ਜੋਗੁ ਜਿਨਿ ਮਾਣਿਓ॥੨॥

ਸੱਚੇ ਗੁਰਮੁਖਿ ਸੱਚੇ ਬ੍ਰਹਮ ਸੱਚੇ ਨਾਮ ਰਸੀਏ (**ਕਬਿ**) ਕਵੀ ਭੱਟ **ਕਲ** ਜੀ, **ਗੁਰੂ ਗਰੰਥ ਜੀ ਮਾਨਿਓ; ਪਰਗਟ ਗੁਰਾਂ ਕੀ ਦੇਹ।** ਪਰਮਪੂਜਨੀਕ ਜੁੱਗੋ ਜੁੱਗ ਅਟੱਲ ਗੁਰਤਾਗੱਦੀ ਬਿਰਾਜਮਾਨ ਸਦਾ ਸੱਚੇ ਮਿਹਰਵਾਨ ਸੱਚੇ ਸੁੰਦਰ ਸੱਚੇ ਭਗਵਾਨ ਸੱਚੇ ਸਤਿਗੁਰੂ ਗਿਰੰਥ ਸਾਹਿਬ ਜੀ **ਸਾਚ ਨਾਮ ਕੀ ਅੰਮ੍ਰਿਤ ਵਰਖਾ॥੩॥** ਕਰਦੇ

ਹਨ ਜੀ:- ਪਰਮਪੂਜਨੀਕ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਦਾ **(ਸੁ+ਜਸੁ)** **(ਸੁ)** ਸ੍ਰੇਸਟ **ਜਸੁ (ਗਾਵਉ)** ਗੌਂਣਾ ਕਰੋ ਜੀ। **(ਜਿਨਿ)** ਜਿਨ੍ਹਾਂ ਸਤਿਗੁਰੂ ਸਾਹਿਬ ਜੀ ਨੇ **(ਰਾਜੁ)** ਪ੍ਰਕਾਸ ਸਰੂਪ ਸੱਚੇ ਮਿਹਰਵਾਨ ਪਾਰਬ੍ਰਹਮ ਵਾਹਿਗੁਰੂ ਜੀ ਦੇ ਅਖੰਡ ਜਗਮਗ ਜਾਗਦੀ ਜੋਤਿ 'ਚ **(ਜੋਗੁ)** ਜੁੜ ਕੇ, ਅਟੱਲ ਅਬਿਨਾਸੀ ਸੱਚੀ ਸੱਚੀ ਸੱਚੀ ਗੁਰਤਾਗੱਦੀ 'ਤੇ ਸਜ ਕੇ, ਮਹਾਨ ਪਰਉਪਕਾਰ ਕਰਦਿਆਂ ਨਿਰਲੇਪ ਰਹਿ ਕੇ, ਸ਼੍ਰੋਮਣੀ **ਰਾਜੁ ਜੋਗੁ** ਦਾ ਸਰਬ ਵਿਆਪੀ ਮਹਾਂ ਵਿਸਮਾਦ ਨਾਮ ਅੰਮ੍ਰਿਤ ਬ੍ਰਹਮਾਨੰਦ ਸੁਖ ਅਨੰਦ **(ਮਾਣਿਓ)** ਮਾਣਿਆ।

ਸਭਨਾਂ ਦੇ ਮਨਾਂ ਇੰਦ੍ਰਿਆਂ 'ਤੇ ਰਾਜੁ ਕਰਨ ਰੂਪ ਰਾਜ ਕਰਦੇ ਹਨ। ਭਾਵ ਜਿਵੇਂ ਰਾਜਾ ਸਿੰਘਾਸਣ 'ਤੇ ਬੈਠਦਾ ਹੈ, ਤਿਵੇਂ ਪਰਮਪੂਜਨੀਕ ਸੱਚੇ ਦਸ ਸਤਿਗੁਰੂ ਸਾਹਿਬਾਨ ਜੀ, ਗੁਰਤਾਗੱਦੀ ਸਿੰਘਾਸਣ ਅਥਵਾ ਅਪਣੇ ਪ੍ਰੇਮੀ ਦੇ ਰਿਦੇ ਰੂਪੀ ਸਿੰਘਾਸਣ 'ਤੇ ਬੈਠਦੇ ਹਨ। ਜਿਵੇਂ ਧਰਮੀ ਰਾਜਾ ਪਰਜਾ ਨੂੰ ਧਨ ਪਦਾਰਥ ਦੇ ਕੇ, ਜ਼ਾਲਮਾਂ ਤੋਂ ਰੱਖਿਆ ਕਰਕੇ ਸੁਖ ਦਿੰਦਾ ਹੈ। ਤਿਵੇਂ **ਦੇਵ ਦੇਵ; ਰਾਜਨ ਕੇ ਰਾਜਾ॥ ਦੀਨ ਦਿਆਲ; ਗਰੀਬ ਨਿਵਾਜਾ॥੧॥** ਸਤਿਗੁਰੂ ਪਰਮੇਸਰ ਜੀ ਅਪਣੇ ਪਿਆਰੇ ਸਿੱਖਾਂ ਨੂੰ, ਸੱਚਾ ਨਾਮ ਧਨ, ਦੂਧ, ਪੂਤ ਆਦਿ ਸਭ ਪਦਾਰਥ ਬਖ਼ਸ਼ਦੇ ਹਨ। **ਸਤਿਗੁਰੁ ਸਿਖ ਕਉ; ਨਾਮ ਧਨੁ ਦੇਇ॥** ਅਨੁਸਾਰ ਨਾਮ ਗੁਰਸਬਦ ਕਥਾ ਕੀਰਤਨ ਦੇ ਕੇ ਤ੍ਰਿਪਤ ਕਰਕੇ, ਰਿਦੇ 'ਚੋਂ ਮੂੰਹ 'ਚ ਅੰਮ੍ਰਿਤ ਨਾਮ ਰਸ ਬਖ਼ਸ਼ਦੇ, ਕਾਮ ਕ੍ਰੋਧ ਜਮਾਂ ਵੈਰੀਆਂ, ਵਿਰੋਧੀ ਜੀਆਂ ਤੋਂ ਰੱਖਿਆ ਕਰਦੇ ਹਨ ਜੀ॥੨॥

## ਗਾਵਹਿ ਜਨਕਾਦਿ. ਜੁਗਤਿ ਜੋਗੇਸੁਰ; ਹਰਿ ਰਸ ਪੂਰਨ ਸਰਬ ਕਲਾ॥

**(ਜਨਕਾਦਿ)** ਗੁਰਮੁਖਿ ਰਾਜਾ ਜਨਕ ਜੀ ਆਦਿ ਗੁਰਮੁਖਿ ਧਰਮੀ ਰਾਜੇ, ਦਸ ਸਤਿਗੁਰੂ ਸਾਹਿਬਾਨ ਜੀ ਦੇ ਸੱਚੇ ਮਿੱਠੇ ਚਰਨਕਮਲਾਂ ਨਾਲ **(ਜੁਗਤਿ)** ਜੁੜੇ ਗੁਰਮੁਖਿ **(ਜੋਗੇਸੁਰ)** ਜੋਗੀਆਂ ਦੇ ਗੁਰਮੁਖਿ ਰਾਜੇ ਸਾਰੇ, **(ਹਰਿ)** ਵਾਹਿਗੁਰੂ ਨਾਮ ਅੰਮ੍ਰਿਤ **ਰਸ** 'ਚ **ਪੂਰਨ**, **(ਪੂਰਨ)** ਸਰਬ ਵਿਆਪੀ **(ਸਰਬ)** ਸਾਰੀਆਂ **(ਕਲਾ)** ਸ਼ਕਤੀਆਂ ਦੇ ਸਮਰੱਥ, ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਦੇ ਬਿਅੰਤ ਬਿਅੰਤ ਬਿਅੰਤ ਗੁਰਮੁਖਿ **ਗੁਣ (ਗਾਵਹਿ)** ਗੌਂਦੇ ਹਨ ਜੀ ਰਾਮਜੀ। ਯਥਾ:- **ਸੋ ਦਰੁ ਕੇਹਾ, ਸੋ ਘਰੁ ਕੇਹਾ; ਜਿਤੁ ਬਹਿ ਸਰਬ ਸਮਾਲੇ॥ ਵਾਜੇ ਨਾਦ ਅਨੇਕ ਅਸੰਖਾ; ਕੇਤੇ ਵਾਵਣਹਾਰੇ॥ ਕੇਤੇ. ਰਾਗ ਪਰੀ ਸਿਉ ਕਹੀਅਨਿ; ਕੇਤੇ ਗਾਵਣਹਾਰੇ॥ ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ; ਗਾਵੈ ਰਾਜਾਧਰਮੁ ਦੁਆਰੇ॥ ਗਾਵਹਿ ਚਿਤੁ ਗੁਪਤੁ, ਲਿਖਿ ਜਾਣਹਿ; ਲਿਖਿ ਲਿਖਿ ਧਰਮੁ ਵੀਚਾਰੇ॥ ਗਾਵਹਿ ਈਸਰੁ ਬਰਮਾ ਦੇਵੀ; ਸੋਹਨਿ ਸਦਾ ਸਵਾਰੇ॥ ਗਾਵਹਿ ਇੰਦ, ਇਦਾਸਣਿ ਬੈਠੇ; ਦੇਵਤਿਆ ਦਰਿ ਨਾਲੇ॥ ਗਾਵਹਿ ਸਿਧ. ਸਮਾਧੀ ਅੰਦਰਿ; ਗਾਵਨਿ ਸਾਧ ਵਿਚਾਰੇ॥ ਗਾਵਨਿ ਜਤੀ ਸਤੀ ਸੰਤੋਖੀ; ਗਾਵਹਿ ਵੀਰ ਕਰਾਰੇ॥ ਗਾਵਨਿ ਪੰਡਿਤ ਪੜਨਿ ਰਖੀਸਰ; ਜੁਗੁ ਜੁਗੁ ਵੇਦਾ ਨਾਲੇ॥ ਗਾਵਹਿ ਮੋਹਣੀਆ ਮਨੁ ਮੋਹਨਿ; ਸੁਰਗਾ ਮਛ ਪਇਆਲੇ॥ ਗਾਵਨਿ ਰਤਨ ਉਪਾਏ ਤੇਰੇ; ਅਠਸਠਿ ਤੀਰਥ ਨਾਲੇ॥ ਗਾਵਹਿ ਜੋਧ ਮਹਾਬਲ ਸੂਰਾ; ਗਾਵਹਿ ਖਾਣੀ ਚਾਰੇ॥ ਗਾਵਹਿ ਖੰਡ ਮੰਡਲ ਵਰਭੰਡਾ; ਕਰਿ ਕਰਿ ਰਖੇ ਧਾਰੇ॥ ਸੇਈ ਤੁਧੁਨੋ ਗਾਵਹਿ, ਜੋ ਤੁਧੁ ਭਾਵਨਿ; ਰਤੇ ਤੇਰੇ ਭਗਤ ਰਸਾਲੇ॥ ਹੋਰਿ ਕੇਤੇ ਗਾਵਨਿ, ਸੇ. ਮੈ ਚਿਤਿ ਨ ਆਵਨਿ; ਨਾਨਕੁ. ਕਿਆ ਵੀਚਾਰੇ॥ ਸੋਈ ਸੋਈ ਸਦਾ ਸਚੁ ਸਾਹਿਬੁ; ਸਾਚਾ ਸਾਚੀ ਨਾਈ॥ ਹੈ ਭੀ ਹੋਸੀ, ਜਾਇ ਨ ਜਾਸੀ; ਰਚਨਾ ਜਿਨਿ ਰਚਾਈ॥ ਰੰਗੀ ਰੰਗੀ ਭਾਤੀ, ਕਰਿ ਕਰਿ ਜਿਨਸੀ; ਮਾਇਆ ਜਿਨਿ**

**ਉਪਾਈ॥ ਕਰਿ ਕਰਿ ਵੇਖੈ. ਕੀਤਾ ਆਪਣਾ; ਜਿਵ ਤਿਸ ਦੀ ਵਡਿਆਈ॥ ਜੋ ਤਿਸੁ ਭਾਵੈ. ਸੋਈ ਕਰਸੀ; ਹੁਕਮੁ. ਨ ਕਰਣਾ ਜਾਈ॥ ਸੋ ਪਾਤਿਸਾਹੁ. ਸਾਹਾ ਪਾਤਿਸਾਹਿਬੁ; ਨਾਨਕ. ਰਹਣੁ ਰਜਾਈ॥੨੭॥**

ਅ-ਛਲ, ਛਲਾ ਪੋਲੇ- **ਗਾਵਹਿ ਸਨਕਾਦਿ ਸਾਧ ਸਿਧਾਦਿਕ;**
**ਮੁਨਿ ਜਨ ਗਾਵਹਿ. ਅਛਲ ਛਲਾ॥**

**;ਛਲਿਓ ਜੋ ਨ ਜਾਇ, ਸੋ ਅਛਲ ਕੈ ਪ੍ਰਮਾਨੀਐ॥** ਅਨੁਸਾਰ (**ਛਲਾ**) ਛਲ ਰੂਪ ਮਾਇਆ ਦੇ (**ਅਛਲ**) ਛਲਣ ਰਹਿਤ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਦੇ ਅਪਾਰ ਗੁਣਾਂ ਨੂੰ (**ਸਨਕਾਦਿ**) ਸਨਕ ਸਨੰਦਨ ਸਨਾਤਨ ਸਨਤਕੁਮਾਰ ਆਦਿ ਬ੍ਰਹਮਾ ਦੇ ਸਪੁੱਤ੍ਰ, ਗੁਰਮੁਖਿ **ਸਾਧ**, ਗੁਰਮੁਖਿ (**ਸਿਧਾਦਿਕ**) ਸਿੱਧ ਆਦਿਕ ਸਾਰੇ (**ਗਾਵਹਿ**) ਗੌਂਦੇ ਹਨ ਜੀ। ਸੱਚੇ ਸੁੰਦਰ ਪਾਤਿਸਾਹ ਗੁਰੂ ਗ਼ੀਬ ਨਿਵਾਜ ਜੀ ਦੇ ਗੁਰਮੁਖਿ ਗੁਣ ਗੁਰਮੁਖਿ (**ਮੁਨਿ**) ਮੁਨੀ **ਜਨ** ਭੀ (**ਗਾਵਹਿ**) ਗੌਂਦੇ ਹਨ ਜੀ ਰਾਮਜੀ।

ਅ-ਟਲ- **ਗਾਵੈ ਗੁਣ ਧੋਮੁ. ਅਟਲ ਮੰਡਲਵੈ; ਭਗਤਿ ਭਾਇ, ਰਸੁ ਜਾਣਿਓ॥**

**;ਧ੍ਰੂਅ ਅਟਲੁ. ਅਜਹੂ, ਨ ਟਰਿਓ॥੩॥** ਬਿਅੰਤ ਬ੍ਰਹਮੰਡ ਦੇ (**ਮੰਡਲਵੈ**) ਮੰਡਲ 'ਚ (**ਅਟਲ**) ਅਚੱਲ (**ਧੋਮੁ**) ਗੁਰਮੁਖਿ ਬ੍ਰਹਮ ਧ੍ਰੂ ਭਗਤ ਜੀ ਖ਼ਾਲਸਾ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਜੀ ਦੇ ਅਪਾਰ ਸੱਚੇ ਨਿਰਮਲ **ਗੁਣ** ਰੋਮਿ ਰੋਮਿ ਦੇ ਪਿਆਰ ਨਾਲ (**ਗਾਵੈ**) ਗੌਂਦੇ ਹਨ ਜੀ। ਯਥਾ:- **ਅਟਲ ਭਇਓ ਧ੍ਰੂਅ. ਜਾ ਕੈ ਸਿਮਰਨਿ; ਅਰੁ ਨਿਰਭੈ ਪਦੁ ਪਾਇਆ॥** ਜਿਨ੍ਹਾਂ ਨੇ (**ਭਾਇ**) ਪ੍ਰੇਮਾ (**ਭਗਤਿ**) ਭਗਤੀ ਕਰਕੇ ਨਿਰਗੁਨ ਬ੍ਰਹਮ ਜੀ ਨਾਲ ਏਕਤਾ ਅਭੇਦਤਾ ਦਾ, ਰਿਦੇ 'ਚੋਂ ਮੂੰਹ 'ਚ ਨਾਮ ਅੰਮ੍ਰਿਤ **ਰਸੁ** (**ਜਾਣਿਓ**) ਜਾਣਿਆ, ਮਾਣਿਆ ਜੀ ਰਾਮਜੀ।

ਸੁ-ਜਸੁ- **ਕਬਿ ਕਲ. ਸੁਜਸੁ ਗਾਵਉ ਗੁਰ ਨਾਨਕ;**
**ਰਾਜੁ ਜੋਗੁ ਜਿਨਿ ਮਾਣਿਓ॥੩॥**

ਸੱਚੇ ਗੁਰਮੁਖਿ ਸੱਚੇ ਬ੍ਰਹਮ ਸੱਚੇ ਨਾਮ ਰਸੀਏ (**ਕਬਿ**) ਕਵੀ ਭੱਟ **ਕਲ** ਜੀ, **ਗੁਰੂ ਗਰੰਥ ਜੀ ਮਾਨਿਓ; ਪਰਗਟ ਗੁਰਾਂ ਕੀ ਦੇਹ।** ਪਰਮਪੂਜਨੀਕ ਜੁੱਗੋ ਜੁੱਗ ਅਟੱਲ ਗੁਰਤਾਗੱਦੀ ਬਿਰਾਜਮਾਨ ਸਦਾ ਸੱਚੇ ਮਿਹਰਵਾਨ ਸੱਚੇ ਸੁੰਦਰ ਸੱਚੇ ਭਗਵਾਨ ਸੱਚੇ ਸਤਿਗੁਰੂ ਗਿਰੰਥ ਸਾਹਿਬ ਜੀ **ਸਾਚ ਨਾਮ ਕੀ ਅੰਮ੍ਰਿਤ ਵਰਖਾ॥੩॥** ਕਰਦੇ ਹਨ ਜੀ:- ਪਰਮਪੂਜਨੀਕ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਦਾ (**ਸੁ+ਜਸੁ**) (**ਸੁ**) ਸ੍ਰੇਸਟ **ਜਸੁ** (**ਗਾਵਉ**) ਗੌਂਣਾ ਕਰੋ ਜੀ। (**ਜਿਨਿ**) ਜਿਨ੍ਹਾਂ ਸਤਿਗੁਰੂ ਸਾਹਿਬ ਜੀ ਨੇ (**ਰਾਜੁ**) ਪ੍ਰਕਾਸ ਸਰੂਪ ਸੱਚੇ ਮਿਹਰਵਾਨ ਪਾਰਬ੍ਰਹਮ ਵਾਹਿਗੁਰੂ ਜੀ ਦੇ ਅਖੰਡ ਜਗਮਗ ਜਾਗਦੀ ਜੋਤਿ 'ਚ (**ਜੋਗੁ**) ਜੁੜ ਕੇ, ਅਟੱਲ ਅਬਿਨਾਸੀ ਸੱਚੀ ਸੱਚੀ ਸੱਚੀ ਗੁਰਤਾਗੱਦੀ 'ਤੇ ਸਜ ਕੇ, ਮਹਾਨ ਪਰਉਪਕਾਰ ਕਰਦਿਆਂ ਨਿਰਲੇਪ ਰਹਿ ਕੇ, ਸ਼੍ਰੋਮਣੀ **ਰਾਜੁ ਜੋਗੁ** ਦਾ ਸਰਬ ਵਿਆਪੀ ਮਹਾਂ ਵਿਸਮਾਦ ਨਾਮ ਅੰਮ੍ਰਿਤ ਬ੍ਰਹਮਾਨੰਦ ਸੁਖ ਅਨੰਦ (**ਮਾਣਿਓ**) ਮਾਣਿਆ।

ਸਭਨਾਂ ਦੇ ਮਨਾਂ ਇੰਦ੍ਰਿਆਂ 'ਤੇ **ਰਾਜੁ** ਕਰਨ ਰੂਪ ਰਾਜ ਕਰਦੇ ਹਨ। ਭਾਵ ਜਿਵੇਂ ਰਾਜਾ ਸਿੰਘਾਸਣ 'ਤੇ ਬੈਠਦਾ ਹੈ, ਤਿਵੇਂ ਪਰਮਪੂਜਨੀਕ ਸੱਚੇ ਦਸ ਸਤਿਗੁਰੂ ਸਾਹਿਬਾਨ ਜੀ, ਗੁਰਤਾਗੱਦੀ ਸਿੰਘਾਸਣ ਅਥਵਾ

ਅਪਣੇ ਪ੍ਰੇਮੀ ਦੇ ਰਿਦੇ ਰੂਪੀ ਸਿੰਘਾਸਣ 'ਤੇ ਬੈਠਦੇ ਹਨ। ਜਿਵੇਂ ਧਰਮੀ ਰਾਜਾ ਪਰਜਾ ਨੂੰ ਧਨ ਪਦਾਰਥ ਦੇ ਕੇ, ਜ਼ਾਲਮਾਂ ਤੋਂ ਰੱਖਿਆ ਕਰਕੇ ਸੁਖ ਦਿੰਦਾ ਹੈ। ਤਿਵੇਂ **ਦੇਵ ਦੇਵ; ਰਾਜਨ ਕੇ ਰਾਜਾ॥ ਦੀਨ ਦਿਆਲ; ਗਰੀਬ ਨਿਵਾਜਾ॥੧॥** ਸਤਿਗੁਰੂ ਪਰਮੇਸਰ ਜੀ ਅਪਣੇ ਪਿਆਰੇ ਸਿੱਖਾਂ ਨੂੰ, ਸੱਚਾ ਨਾਮ ਧਨ, ਦੂਧ, ਪੂਤ ਆਦਿ ਸਭ ਪਦਾਰਥ ਬਖ਼ਸ਼ਦੇ ਹਨ। **ਸਤਿਗੁਰੁ ਸਿਖ ਕਉ; ਨਾਮ ਧਨੁ ਦੇਇ॥** ਅਨੁਸਾਰ ਨਾਮ ਗੁਰਸਬਦ ਕਥਾ ਕੀਰਤਨ ਦੇ ਕੇ ਤ੍ਰਿਪਤ ਕਰਕੇ, ਰਿਦੇ 'ਚੋਂ ਮੂੰਹ 'ਚ ਅੰਮ੍ਰਿਤ ਨਾਮ ਰਸ ਬਖ਼ਸ਼ਦੇ, ਕਾਮ ਕ੍ਰੋਧ ਜਮਾਂ ਵੈਰੀਆਂ, ਵਿਰੋਧੀ ਜੀਆਂ ਤੋਂ ਰੱਖਿਆ ਕਰਦੇ ਹਨ ਜੀ॥**੩**॥

## ਗਾਵਹਿ ਕਪਿਲਾਦਿ, ਆਦਿ ਜੋਗੇਸੁਰ; ਅਪਰੰਪਰ ਅਵਤਾਰ ਵਰੋ॥

ਵਿਸ਼ਨੂੰ ਜੀ ਦਾ ਅਵਤਾਰ, ਗੁਰਮੁਖਿ **(ਕਪਿਲਾਦਿ)** ਕਪਲਮੁਨੀ ਆਦਿਕ, ਗੁਰਮੁਖਿ **(ਜੋਗੇਸੁਰ)** ਜੋਗੀਆਂ ਦੇ ਈਸਰ, ਰੱਬ ਰੂਪ ਜੋਗੀ **ਆਦਿ** ਸਾਰੇ, **(ਵਰੋ)** ਸ੍ਰੇਸਟ **(ਵਰੋ)** ਪਤੀ ਪ੍ਰਮਾਤਮਾ **(ਅਪਰੰਪਰ)** ਪਾਰਾਵਾਰ ਰਹਿਤ ਬੇਅੰਤ ਜੋਤਿ ਸਰੂਪ ਨਿਰਗੁਨ ਬ੍ਰਹਮ ਜੀ ਦੇ **(ਵਰੋ)** ਸ੍ਰੇਸਟ ਪੂਰਨ ਸਰਗੁਨ ਅਵਤਾਰ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਦੇ ਸੱਚੇ ਬਿਅੰਤ ਸ਼ੁਭ ਗੁਰਮੁਖਿ ਗੁਣ **(ਗਾਵਹਿ)** ਗੌਂਦੇ ਹਨ ਜੀ ਰਾਮਜੀ। ਯਥਾ:- **ਜੋਤਿ ਰੂਪਿ ਹਰਿ ਆਪਿ; ਗੁਰੂ ਨਾਨਕੁ ਕਹਾਯਉ॥**

## ਗਾਵੈ ਜਮਦਗਨਿ, ਪਰਸਰਾਮੇਸੁਰ ਕਰ ਕੁਠਾਰੁ; ਰਘੁ. ਤੇਜੁ ਹਰਿਓ॥

ਬ੍ਰਾਹਮਣ **ਜਮਦਗਨਿ** ਅਤੇ **(ਕਰ)** ਹੱਥ 'ਚ **(ਕੁਠਾਰੁ)** ਕੁਹਾੜਾ ਫੜਨ ਵਾਲਾ ਉਸ ਦਾ ਜ਼ਾਲਮ, ਚੰਡਾਲ, ਮਹਾਂ ਪਾਪੀ, ਘੋਰ ਭਿਆਨਕ ਜ਼ੁਲਮ ਕਰਨ ਵਾਲਾ, ਇੱਕੀ ਵਾਰੀ ਛੱਤ੍ਰੀਆਂ ਨੂੰ ਵੱਢ ਕੇ, ਉਨ੍ਹਾਂ ਦੇ ਖ਼ੂਨ 'ਚ ਨ੍ਹੌਣ ਵਾਲਾ ਕੁਪੁੱਤ੍ਰ **(ਪਰਸਰਾਮੇਸੁਰ)** ਪਰਸਰਾਮ, ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਦੇ ਗੁਣ **(ਗਾਵੈ)** ਗੌਂਦੇ ਹਨ ਜੀ। ਜਿਸ ਪਰਸਰਾਮ ਦੇ ਪੈਰਾਂ ਨੂੰ **(ਰਘੁ)** ਗੁਰਮੁਖਿ ਸ੍ਰੀ ਰਾਮਚੰਦ੍ਰ ਜੀ ਨੇ ਹੱਥ ਲਾ ਕੇ ਸਾਰਾ **(ਤੇਜੁ)** ਪ੍ਰਤਾਪ **(ਹਰਿਓ)** ਨਾਸ ਕਰ ਦਿੱਤਾ ਸੀ। ਬਿਅੰਤ ਗੁਰਮੁਖਿ ਭਗਤ ਸਾਹਿਬਾਨ ਜੀ, ਬਿਅੰਤ ਬ੍ਰਹਮੰਡ ਸਤਿਗੁਰੂ ਸਾਹਿਬ ਜੀ ਨੂੰ ਗੌਂਦੇ ਹਨ ਜੀ ਰਾਮਜੀ!

## ਉਧੌ ਅਕ੍ਰੂਰੁ, ਬਿਦਰੁ ਗੁਣ ਗਾਵੈ; ਸਰਬਾਤਮੁ ਜਿਨਿ ਜਾਣਿਓ॥

ਕ੍ਰਿਸ਼ਨ ਭਗਵਾਨ ਜੀ ਦੇ ਚਾਚੇ, ਗੁਰਮੁਖਿ **ਉਧੌ** ਜੀ, ਗੁਰਮੁਖਿ **ਅਕ੍ਰੂਰੁ** ਜੀ ਅਤੇ ਗੁਰਮੁਖਿ ਬਿਦਰੁ ਭਗਤ ਜੀ ਆਦਿ ਬਿਅੰਤ ਬ੍ਰਹਮੰਡ, ਬਿਅੰਤ ਭਗਤ, **ਸਦਾ ਅਨੰਦ. ਅਨੰਦੀ ਸਾਹਿਬੁ;** ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਦੇ **ਗੁਣ (ਗਾਵੈ)** ਗੌਂਦੇ ਹਨ ਜੀ। **(ਜਿਨਿ)** ਜਿਨ੍ਹਾਂ ਨੇ ਵਿਆਪਕ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ **(ਸਰਬਾਤਮੁ)** ਸਾਰਿਆਂ ਦੇ ਅਪਨਾ ਆਪ ਸਰੂਪ, ਪਾਰਬ੍ਰਹਮ ਕਰਕੇ **(ਜਾਣਿਓ)** ਜਾਣੇ, ਮੰਨੇ, ਪੂਜੇ, ਧਿਆਏ, ਗਾਏ ਜੀ। ਯਥਾ:- **ਰਾਮ; ਹਮ. ਸਤਿਗੁਰ ਪਾਰਬ੍ਰਹਮ ਕਰਿ ਮਾਨੇ॥**

ਹੁਣ ਬਿਅੰਤ ਚੰਦ ਚੜ੍ਹੇ ਹੋਏ ਹਨ, ਨਿਰਗੁਨ ਬ੍ਰਹਮ ਜੀ ਆਪਣੇ 'ਚੋਂ ਪ੍ਰਗਟ ਕੀਤੇ, ਬਿਅੰਤ ਚੰਦ੍ਰਮਿਆਂ ਸਮੇਤ ਹੁਣ ਜਪ ਰਹੇ ਹਨ, **ਨਾਨਕ. ਜੁਗਿ ਜੁਗਿ; ਗੁਰ ਗੋਪਾਲਾ॥** ਪਰਮਪੂਜਨੀਕ ਧੰਨ ਵਾਹਿਗੁਰੂ

ਸੱਚੇ ਨਾਮ ਦੇ ਸੱਚੇ ਦਾਤੇ, **ਆਪਿ ਨਰਾਇਣੁ. ਕਲਾ ਧਾਰਿ; ਜਗ ਮਹਿ ਪਰਵਰਿਯਉ॥** ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਸੱਚੇ ਪਾਤਿਸ਼ਾਹ ਜੀ ਧੰਨ ਹਨ। ਨਿਰਗੁਨ ਬ੍ਰਹਮ ਜੀ ਆਪਣੇ 'ਚੋਂ ਪ੍ਰਗਟ ਕੀਤੇ ਬਿਅੰਤ ਪਤਾਲ਼ਾਂ ਸਮੇਤ, ਹੁਣ ਜਪ ਰਹੇ ਹਨ, ਪਰਮਪੂਜਨੀਕ ਧੰਨ **ਨਾਰਾਇਣ ਨਿਜ ਰੂਪੁ ਧਰਿ; ਨਾਥਾ ਨਾਥ ਸਨਾਥ ਕਰਾਇਆ॥** ਵਾਹਿਗੁਰੂ ਸੱਚੇ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਸੱਚੇ ਪਾਤਿਸ਼ਾਹ ਜੀ ਧੰਨ ਹਨ।

## ਸੁ-ਜਸੁ- ਕਬਿ ਕਲ. ਸੁਜਸੁ ਗਾਵਉ ਗੁਰ ਨਾਨਕ; ਰਾਜੁ ਜੋਗੁ ਜਿਨਿ ਮਾਣਿਓ॥੪॥

ਸੱਚੇ ਗੁਰਮੁਖਿ ਸੱਚੇ ਬ੍ਰਹਮ ਸੱਚੇ ਨਾਮ ਰਸੀਏ **(ਕਬਿ)** ਕਵੀ ਭੱਟ **ਕਲ** ਜੀ, **ਗੁਰੂ ਗਰੰਥ ਜੀ ਮਾਨਿਓ; ਪਰਗਟ ਗੁਰਾਂ ਕੀ ਦੇਹ।** ਪਰਮਪੂਜਨੀਕ ਜੁੱਗੋ ਜੁੱਗ ਅਟੱਲ ਗੁਰਤਾਗੱਦੀ ਬਿਰਾਜਮਾਨ ਸਦਾ ਸੱਚੇ ਮਿਹਰਵਾਨ ਸੱਚੇ ਸੁੰਦਰ ਸੱਚੇ ਭਗਵਾਨ ਸੱਚੇ ਸਤਿਗੁਰੂ ਗਿਰੰਥ ਸਾਹਿਬ ਜੀ **ਸਾਚ ਨਾਮ ਕੀ ਅੰਮ੍ਰਿਤ ਵਰਖਾ॥੩॥** ਕਰਦੇ ਹਨ ਜੀ:- ਪਰਮਪੂਜਨੀਕ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਦਾ **(ਸੁ+ਜਸੁ) (ਸੁ)** ਸ੍ਰੇਸਟ **ਜਸੁ (ਗਾਵਉ)** ਗੌਂਣਾ ਕਰੋ ਜੀ। **(ਜਿਨਿ)** ਜਿਨ੍ਹਾਂ ਸਤਿਗੁਰੂ ਸਾਹਿਬ ਜੀ ਨੇ **(ਰਾਜੁ)** ਪ੍ਰਕਾਸ ਸਰੂਪ ਸੱਚੇ ਮਿਹਰਵਾਨ ਪਾਰਬ੍ਰਹਮ ਵਾਹਿਗੁਰੂ ਜੀ ਦੇ ਅਖੰਡ ਜਗਮਗ ਜਾਗਦੀ ਜੋਤਿ 'ਚ **(ਜੋਗੁ)** ਜੁੜ ਕੇ, ਅਟੱਲ ਅਬਿਨਾਸੀ ਸੱਚੀ ਸੱਚੀ ਸੱਚੀ ਗੁਰਤਾਗੱਦੀ 'ਤੇ ਸਜ ਕੇ, ਮਹਾਨ ਪਰਉਪਕਾਰ ਕਰਦਿਆਂ ਨਿਰਲੇਪ ਰਹਿ ਕੇ, ਸ਼੍ਰੋਮਣੀ **ਰਾਜੁ ਜੋਗੁ** ਦਾ ਸਰਬ ਵਿਆਪੀ ਮਹਾਂ ਵਿਸਮਾਦ ਨਾਮ ਅੰਮ੍ਰਿਤ ਬ੍ਰਹਮਾਨੰਦ ਸੁਖ ਅਨੰਦ **(ਮਾਣਿਓ)** ਮਾਣਿਆ।

ਸਭਨਾਂ ਦੇ ਮਨਾਂ ਇੰਦ੍ਰਿਆਂ 'ਤੇ **ਰਾਜੁ** ਕਰਨ ਰੂਪ ਰਾਜ ਕਰਦੇ ਹਨ। ਭਾਵ ਜਿਵੇਂ ਰਾਜਾ ਸਿੰਘਾਸਣ 'ਤੇ ਬੈਠਦਾ ਹੈ, ਤਿਵੇਂ ਪਰਮਪੂਜਨੀਕ ਸੱਚੇ ਦਸ ਸਤਿਗੁਰੂ ਸਾਹਿਬਾਨ ਜੀ, ਗੁਰਤਾਗੱਦੀ ਸਿੰਘਾਸਣ ਅਥਵਾ ਅਪਣੇ ਪ੍ਰੇਮੀ ਦੇ ਰਿਦੇ ਰੂਪੀ ਸਿੰਘਾਸਣ 'ਤੇ ਬੈਠਦੇ ਹਨ। ਜਿਵੇਂ ਧਰਮੀ ਰਾਜਾ ਪਰਜਾ ਨੂੰ ਧਨ ਪਦਾਰਥ ਦੇ ਕੇ, ਜ਼ਾਲਮਾਂ ਤੋਂ ਰੱਖਿਆ ਕਰਕੇ ਸੁਖ ਦਿੰਦਾ ਹੈ। ਤਿਵੇਂ **ਦੇਵ ਦੇਵ; ਰਾਜਨ ਕੇ ਰਾਜਾ॥ ਦੀਨ ਦਿਆਲ; ਗਰੀਬ ਨਿਵਾਜਾ॥੧॥** ਸਤਿਗੁਰੂ ਪਰਮੇਸਰ ਜੀ ਅਪਣੇ ਪਿਆਰੇ ਸਿੱਖਾਂ ਨੂੰ, ਸੱਚਾ ਨਾਮ ਧਨ, ਦੂਧ, ਪੂਤ ਆਦਿ ਸਭ ਪਦਾਰਥ ਬਖ਼ਸ਼ਦੇ ਹਨ। **ਸਤਿਗੁਰੁ ਸਿਖ ਕਉ; ਨਾਮ ਧਨੁ ਦੇਇ॥** ਅਨੁਸਾਰ ਨਾਮ ਗੁਰਸਬਦ ਕਥਾ ਕੀਰਤਨ ਦੇ ਕੇ ਤ੍ਰਿਪਤ ਕਰਕੇ, ਰਿਦੇ 'ਚੋਂ ਮੂੰਹ 'ਚ ਅੰਮ੍ਰਿਤ ਨਾਮ ਰਸ ਬਖ਼ਸ਼ਦੇ, ਕਾਮ ਕ੍ਰੋਧ ਜਮਾਂ ਵੈਰੀਆਂ, ਵਿਰੋਧੀ ਜੀਆਂ ਤੋਂ ਰੱਖਿਆ ਕਰਦੇ ਹਨ ਜੀ॥੪॥

## ਗਾਵਹਿ ਗੁਣ, ਬਰਨ ਚਾਰਿ, ਖਟ ਦਰਸਨ; ਬ੍ਰਹਮਾਦਿਕ ਸਿਮਰੰਥਿ ਗੁਨਾ॥

ਬ੍ਰਹਮਣ, ਖੱਤ੍ਰੀ, ਵੈਸ਼, ਸ਼ੂਦ੍ਰ ਆਦਿ **ਚਾਰਿ ਬਰਨ, (ਖਟ)** ਛੇ **(ਦਰਸਨ)** ਭੇਖ ਭਾਵ ਜੋਗੀ, ਜੰਗਮ, ਸ੍ਰੇਵੜੇ, ਸੰਨਿਆਸੀ, ਦਰਵੇਸ਼ ਅਤੇ ਬਿੱਪਰ, ਸੱਚੇ ਨਾਮ ਦੇ ਸੱਚੇ ਦਾਤੇ ਅੰਤਰਜਾਮੀ ਸੱਚੇ ਪਾਰਬ੍ਰਹਮ ਸੁਆਮੀ ਸੱਚੇ ਸੱਚੇ ਸੱਚੇ ਮਿਹਰਵਾਨ ਸੱਚੇ ਭਗਵਾਨ, ਹੋ ਰਹੇ ਹਨ ਕੁਰਬਾਨ ਦੀਨ ਦਇਆਲ ਸਦਾ ਕਿਰਪਾਲ ਦਸ ਸਤਿਗੁਰੂ ਸਾਹਿਬਾਨ ਜੀ ਦੇ **ਗੁਣ (ਗਾਵਹਿ)** ਗੌਂਦੇ ਹਨ ਜੀ। **(ਬ੍ਰਹਮਾਦਿਕ)** ਬ੍ਰਹਮਾ ਆਦਿ ਸਾਰੇ ਦੇਵਤੇ ਭੀ

ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਸੱਚੇ ਪਾਤਿਸ਼ਾਹ ਜੀ ਦੇ **ਗੁਨਾ** ਨੂੰ **(ਸਿਮਰੰਥਿ)** ਸਿਮਰਦੇ ਹਨ ਜੀ ਖ਼ਾਲਸਾਜੀ। ਯਥਾ:- **ਸਿਮਰਹਿ ਸਿਧ ਸਾਧਿਕ; ਹਰਿ ਮੰਤਾ॥**

## ਗਾਵੈ ਗੁਣ. ਸੇਸੁ ਸਹਸ ਜਿਹਬਾ ਰਸ; ਆਦਿ ਅੰਤਿ ਲਿਵ ਲਾਗਿ ਧੁਨਾ॥

**(ਸੇਸੁ)** ਸ਼ੇਸ਼ਨਾਗ ਜੀ **(ਸਹਸ)** ਹਜ਼ਾਰ ਮੁਖਾਂ ਦੁਆਰਾ, ਦੋ ਹਜ਼ਾਰ **(ਜਿਹਬਾ)** ਰਸਨਾਂ ਨਾਲ **(ਰਸ)** ਪ੍ਰੇਮ ਨਾਲ ਵਾਹਿਗੁਰੂ **ਗੁਰੁ ਨਾਰਾਇਣੁ. ਦਯੁ ਗੁਰੁ; ਗੁਰੁ ਸਚਾ ਸਿਰਜਣਹਾਰੁ॥** ਸਤਿਗੁਰੂ ਸਾਹਿਬ ਜੀ ਦੇ **ਗੁਣ (ਗਾਵੈ)** ਗੌਂਦਾ ਹੈ ਜੀ। **ਆਦਿ** ਤੋਂ **ਅੰਤਿ** ਤੱਕ ਉਸ ਦੀ **ਲਿਵ**, ਜਸ ਦੀਆਂ **ਧੁਨਾ** 'ਚ **ਲਾਗਿ** ਰਹੀ ਹੈ ਜੀ। ਯਥਾ:- **ਸੇਸਨਾਗ. ਸਿਰ ਸਹਸ ਬਨਾਈ॥ ਦ੍ਵੈ ਸਹੰਸ; ਰਸਨਾਹ ਸੁਹਾਈ॥ ਰਟਤ ਅਬ ਲਗੇ; ਨਾਮ ਅਪਾਰਾ॥ ਤੁਮਰੋ; ਤਊ ਨ ਪਾਵਤ ਪਾਰਾ॥) ਸਹਸ ਫਨੀ ਸੇਖ; ਅੰਤੁ. ਨ ਜਾਨੈ॥ ਨਵਤਨ ਨਾਮ, ਜਪੈ ਦਿਨੁ ਰਾਤੀ; ਇਕੁ ਗੁਣੁ, ਨਾਹੀ ਪ੍ਰਭ ਕਹਿ ਸੰਗਾ॥੧੬॥**

## ਗਾਵੈ ਗੁਣ. ਮਹਾਦੇਉ ਬੈਰਾਗੀ; ਜਿਨਿ ਧਿਆਨ ਨਿਰੰਤਰਿ ਜਾਣਿਓ॥

ਅੱਠਾਸੀ ਹਜ਼ਾਰ ਵਰ੍ਹੇ ਸਮਾਧੀ ਲੌਣ ਵਾਲੇ **ਬੈਰਾਗੀ (ਮਹਾਦੇਉ)** ਸ਼ਿਵ ਜੀ, ਅਤੇ **ਕਈ ਕੋਟਿ; ਭਏ ਬੈਰਾਗੀ॥ ਰਾਮ ਨਾਮ ਸੰਗਿ; ਤਿਨਿ ਲਿਵ ਲਾਗੀ॥** ਅਨੁਸਾਰ ਬਿਅੰਤ **ਬੈਰਾਗੀ** ਪ੍ਰੇਮੀ ਨਿੱਤਨੇਮੀ ਤੇ **(ਜਿਨਿ)** ਜਿਨ੍ਹਾਂ ਨੇ **(ਨਿਰੰਤਰਿ)** ਇੱਕ ਰਸ **ਧਿਆਨ** ਅੰਦਰ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਨੂੰ **(ਨਿਰੰਤਰਿ)** ਇੱਕ ਰਸ ਵਿਆਪਕ **(ਜਾਣਿਓ)** ਜਾਣੇ, ਉਹ ਸਾਰੇ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਸੱਚੇ ਪਾਤਿਸ਼ਾਹ ਜੀ ਦੇ **ਗੁਣ (ਗਾਵੈ)** ਗੌਂਦੇ ਹਨ ਜੀ ਰਾਮਜੀ। ਯਥਾ:- **ਸਿਮਰਹਿ; ਬ੍ਰਹਮੇ ਬਿਸਨ ਮਹੇਸਾ॥ ਸਿਮਰਹਿ; ਦੇਵਤੇ ਕੋੜਿ ਤੇਤੀਸਾ॥ ਸਿਮਰਹਿ ਜਖ੍ਹਿ, ਦੈਤ ਸਭਿ ਸਿਮਰਹਿ; ਅਗਨਤੁ. ਨ ਜਾਈ ਜਸੁ ਗਨਾ॥੩॥**

## ਕਬਿ ਕਲ. ਸੁਜਸੁ ਗਾਵਉ ਗੁਰ ਨਾਨਕ; ਰਾਜੁ ਜੋਗੁ ਜਿਨਿ ਮਾਣਿਓ॥੫॥

ਸੱਚੇ ਗੁਰਮੁਖਿ ਸੱਚੇ ਬ੍ਰਹਮ ਸੱਚੇ ਨਾਮ ਰਸੀਏ **(ਕਬਿ)** ਕਵੀ ਭੱਟ **ਕਲ** ਜੀ, **ਗੁਰੂ ਗਰੰਥ ਜੀ ਮਾਨਿਓ; ਪਰਗਟ ਗੁਰਾਂ ਕੀ ਦੇਹ।** ਪਰਮਪੂਜਨੀਕ ਜੁੱਗੋ ਜੁੱਗ ਅਟੱਲ ਗੁਰਤਾਗੱਦੀ ਬਿਰਾਜਮਾਨ ਸਦਾ ਸੱਚੇ ਮਿਹਰਵਾਨ ਸੱਚੇ ਸੁੰਦਰ ਸੱਚੇ ਭਗਵਾਨ ਸੱਚੇ ਸਤਿਗੁਰੂ ਗਿਰੰਥ ਸਾਹਿਬ ਜੀ **ਸਾਚ ਨਾਮ ਕੀ ਅੰਮ੍ਰਿਤ ਵਰਖਾ॥੩॥** ਕਰਦੇ ਹਨ ਜੀ:- ਪਰਮਪੂਜਨੀਕ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਦਾ **(ਸੁ+ਜਸੁ) (ਸੁ)** ਸ੍ਰੇਸਟ **ਜਸੁ (ਗਾਵਉ)** ਗੌਂਣਾ ਕਰੋ ਜੀ। **(ਜਿਨਿ)** ਜਿਨ੍ਹਾਂ ਸਤਿਗੁਰੂ ਸਾਹਿਬ ਜੀ ਨੇ **(ਰਾਜੁ)** ਪ੍ਰਕਾਸ ਸਰੂਪ ਸੱਚੇ ਮਿਹਰਵਾਨ ਪਾਰਬ੍ਰਹਮ ਵਾਹਿਗੁਰੂ ਜੀ ਦੇ ਅਖੰਡ ਜਗਮਗ ਜਾਗਦੀ ਜੋਤਿ 'ਚ **(ਜੋਗੁ)** ਜੁੜ ਕੇ, ਅਟੱਲ ਅਬਿਨਾਸੀ ਸੱਚੀ ਸੱਚੀ ਸੱਚੀ ਗੁਰਤਾਗੱਦੀ 'ਤੇ ਸਜ ਕੇ, ਮਹਾਨ ਪਰਉਪਕਾਰ ਕਰਦਿਆਂ ਨਿਰਲੇਪ ਰਹਿ ਕੇ, ਸ਼੍ਰੋਮਣੀ **ਰਾਜੁ ਜੋਗੁ** ਦਾ ਸਰਬ ਵਿਆਪੀ ਮਹਾਂ ਵਿਸਮਾਦ ਨਾਮ ਅੰਮ੍ਰਿਤ ਬ੍ਰਹਮਾਨੰਦ ਸੁਖ ਅਨੰਦ **(ਮਾਣਿਓ)** ਮਾਣਿਆ।

ਸਭਨਾਂ ਦੇ ਮਨਾਂ ਇੰਦ੍ਰਿਆਂ 'ਤੇ **ਰਾਜੁ** ਕਰਨ ਰੂਪ ਰਾਜ ਕਰਦੇ ਹਨ। ਭਾਵ ਜਿਵੇਂ ਰਾਜਾ ਸਿੰਘਾਸਣ 'ਤੇ ਬੈਠਦਾ ਹੈ, ਤਿਵੇਂ ਪਰਮਪੂਜਨੀਕ ਸੱਚੇ ਦਸ ਸਤਿਗੁਰੂ ਸਾਹਿਬਾਨ ਜੀ, ਗੁਰਤਾਗੱਦੀ ਸਿੰਘਾਸਣ ਅਥਵਾ ਅਪਣੇ ਪ੍ਰੇਮੀ ਦੇ ਰਿਦੇ ਰੂਪੀ ਸਿੰਘਾਸਣ 'ਤੇ ਬੈਠਦੇ ਹਨ। ਜਿਵੇਂ ਧਰਮੀ ਰਾਜਾ ਪਰਜਾ ਨੂੰ ਧਨ ਪਦਾਰਥ ਦੇ ਕੇ, ਜ਼ਾਲਮਾਂ ਤੋਂ ਰੱਖਿਆ ਕਰਕੇ ਸੁਖ ਦਿੰਦਾ ਹੈ। ਤਿਵੇਂ **ਦੇਵ ਦੇਵ; ਰਾਜਨ ਕੇ ਰਾਜਾ॥ ਦੀਨ ਦਿਆਲ; ਗਰੀਬ ਨਿਵਾਜਾ॥੧॥** ਸਤਿਗੁਰੂ ਪਰਮੇਸਰ ਜੀ ਅਪਣੇ ਪਿਆਰੇ ਸਿੱਖਾਂ ਨੂੰ, ਸੱਚਾ ਨਾਮ ਧਨ, ਦੂਧ, ਪੂਤ ਆਦਿ ਸਭ ਪਦਾਰਥ ਬਖ਼ਸ਼ਦੇ ਹਨ। **ਸਤਿਗੁਰੁ ਸਿਖ ਕਉ; ਨਾਮ ਧਨੁ ਦੇਇ॥** ਅਨੁਸਾਰ ਨਾਮ ਗੁਰਸਬਦ ਕਥਾ ਕੀਰਤਨ ਦੇ ਕੇ ਤ੍ਰਿਪਤ ਕਰਕੇ, ਰਿਦੇ 'ਚੋਂ ਮੂੰਹ 'ਚ ਅੰਮ੍ਰਿਤ ਨਾਮ ਰਸ ਬਖ਼ਸ਼ਦੇ, ਕਾਮ ਕ੍ਰੋਧ ਜਮਾਂ ਵੈਰੀਆਂ, ਵਿਰੋਧੀ ਜੀਆਂ ਤੋਂ ਰੱਖਿਆ ਕਰਦੇ ਹਨ ਜੀ॥**੫॥**

## ਰਾਜੁ ਜੋਗੁ ਮਾਣਿਓ; ਬਸਿਓ ਨਿਰਵੈਰੁ ਰਿਦੰਤਰਿ॥

ਹੇ **ਪ੍ਰਭੁ ਨਾਰਾਇਣੁ; ਗਰਬ ਪ੍ਰਹਾਰੀ॥** ਪਾਰਬ੍ਰਹਮ ਕਰਤਾਰ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ! ਆਪ ਜੀ ਨੇ ਵਿਆਪਕ (**ਰਾਜੁ**) ਪ੍ਰਕਾਸ ਸਰੂਪ **ਗੁਰ ਗੋਬਿੰਦ ਗੋਪਾਲ ਗੁਰ; ਗੁਰ ਪੂਰਨ ਨਾਰਾਇਣਹ॥** ਬ੍ਰਹਮ ਜੀ 'ਚ (**ਜੋਗੁ**) ਜੁੜ ਕੇ, ਜੁੜਨ ਦਾ ਅਨੰਦ, ਮਾਇਆ ਤੋਂ ਨਿਰਲੇਪ ਰਹਿ ਕੇ (**ਮਾਣਿਓ**) ਮਾਣਿਆ ਹੈ ਜੀ। ਆਪ ਜੀ ਦੇ (**ਰਿਦੰਤਰਿ**) ਰਿਦੇ ਰੋਮਿ ਰੋਮਿ 'ਚ **ਨਿਰਵੈਰੁ** ਪਾਰਬ੍ਰਹਮ ਵਾਹਿਗੁਰੂ ਜੀ (**ਬਸਿਓ**) ਵਸੇ ਹਨ ਜੀ ਰਾਮਜੀ।

## ਉਧ-ਰੀ- ਸ੍ਰਿਸਟਿ ਸਗਲ ਉਧਰੀ; ਨਾਮਿ ਲੇ. ਤਰਿਓ ਨਿਰੰਤਰਿ॥

ਹੇ **ਗੁਰ ਗੋਬਿੰਦ ਗੋਪਾਲ ਗੁਰ; ਗੁਰ ਪੂਰਨ ਨਾਰਾਇਣਹ॥** ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ! ਆਪ ਜੀ ਦੇ ਸੱਚੇ ਮਿੱਠੇ ਰਿਦੇ 'ਚੋਂ ਮੂੰਹ 'ਚ ਅੰਮ੍ਰਿਤ, ਅਜਪਾ ਜਾਪ ਅਨਹਦ ਨਾਦ ਬਖ਼ਸ਼ਣ ਵਾਲੇ, ਵਿਕਾਰ ਔਗੁਣ ਮੇਟਣ ਵਾਲੇ ਚਰਨਕਮਲਾਂ ਚਰਨਕਮਲਾਂ ਨਾਲ ਲੱਗ ਕੇ, (**ਸਗਲ**) ਸਾਰੀ (**ਸ੍ਰਿਸਟਿ**) ਸ੍ਰਿਸਟੀ, ਬਿਅੰਤ ਬ੍ਰਹਮੰਡ ਦੀ ਰਚਨਾ (**ਉਧਰੀ**) ਤਰੀ ਹੈ, ਤਰ ਰਹੀ ਹੈ, ਤਰੇਗੀ ਜੀ ਰਾਮਜੀ। ਯਥਾ:- **ਖੰਡ ਬ੍ਰਹਮੰਡ ਬੇਅੰਤ; ਉਧਾਰਣਹਾਰਿਆ॥ ਤੇਰੀ ਸੋਭਾ ਤੁਧੁ; ਸਚੇ ਮੇਰੇ ਪਿਆਰਿਆ॥੧੨॥** ਆਪ ਜੀ ਦਾ ਅਥਵਾ ਆਪ ਜੀ ਤੋਂ **ਨਾਮਿ** ਗੁਰਬਾਣੀ ਜੀ (**ਲੇ**) ਲੈ ਕੇ, ਦਿਨ ਰਾਤ ਜਪ ਜਪਾ ਕੇ, ਗੁਰਮੁਖਿ ਜਨ (**ਨਿਰੰਤਰਿ**) ਇੱਕ ਰਸ (**ਤਰਿਓ**) ਤਰ ਗਏ ਜੀ ਖ਼ਾਲਸਾਜੀ। ਯਥਾ:- **ਕਲਿਜੁਗੁ ਬਾਬੇ ਤਾਰਿਆ; ਸਤਿਨਾਮੁ ਪੜਿ ਮੰਤ੍ਰੁ ਸੁਣਾਇਆ॥ ਕਲਿ ਤਾਰਣ; ਗੁਰੁ ਨਾਨਕ ਆਇਆ॥੨੩॥** ਤਥਾ:- **ਕਲਿਜੁਗੁ ਉਧਾਰਿਆ; ਗੁਰਦੇਵ॥ ਮਲ ਮੂਤ ਮੂੜ. ਜਿ ਮੁਘਦ ਹੋਤੇ; ਸਭਿ ਲਗੇ ਤੇਰੀ ਸੇਵ॥੧॥ਰਹਾਉ॥) ਭਗਤਿ ਕਬੀਰ ਰਵਿਦਾਸ ਨਾਮਦੇਵ ਅਨਨਜ ਸੇਵ ਪਦ ਪਾਏ॥ ਸਧਨਾ ਸੈਨ ਧੰਨਾ ਤ੍ਰਿਲੋਚਨ ਬੇਨੀ ਸੁਗਮ ਤਰਾਏ॥ ਸ਼ਬਦ ਜਹਾਜ ਸਤਿਗੁਰੁ ਹੈ ਕਰਨਧਾਰ ਤਹਿ ਚੜ ਸਿਖ ਲੰਘਾਏ॥ ਭਵ ਸਾਗਰ ਤੇ ਤਰਹਗੇ ਭਗਤਾ ਜਿਨ ਬਿਸ੍ਵਾਸ ਕਰਾਏ॥੪॥੯੧੧॥੧੪੪੩॥੩੭੬੨॥**

## ਜੁੱਗਹ। ਲੱਗਿ- ਗੁਣ ਗਾਵਹਿ. ਸਨਕਾਦਿ ਆਦਿ; ਜਨਕਾਦਿ ਜੁਗਹ ਲਗਿ॥

ਹੇ ਸੱਚੇ ਕੰਤ ਸੱਚੇ ਭਗਵੰਤ ਸੱਚੇ ਪਾਰਬ੍ਰਹਮ ਸੱਚੇ ਬਿਅੰਤ **ਗੁਰ ਨਾਨਕਦੇਵ ਗੋਵਿੰਦ ਰੂਪ॥** ਦਸ

ਸਤਿਗੁਰੂ ਸਾਹਿਬਾਨ ਜੀ! **ਸਿਵ ਸੇ ਤਪਸੀ ਆਦਿ ਬ੍ਰਹਮਾ ਸੇ ਨ ਬੇਦਚਾਰੀ; ਸਨਤ ਕੁਮਾਰ ਸੀ ਤਪੱਸਿਆ ਨ ਅਨਤ ਹੈ॥** ਅਨੁਸਾਰ ਗੁਰਮੁਖਿ (**ਸਨਕਾਦਿ**) ਸਨਕ ਸਨੰਦਨ ਸਨਾਤਨ ਸਨਤਕੁਮਾਰ ਆਦਿ ਬ੍ਰਹਮਾ ਜੀ ਦੇ ਸਪੁੱਤ੍ਰ, ਅਤੇ ਸਾਰੇ ਗੁਰਮੁਖਿ ਰਿਸ਼ੀ ਮੁਨੀ ਆਦਿ, ਆਪ ਜੀ ਦੇ ਗੁਰਮੁਖਿ **ਗੁਣ** (**ਗਾਵਹਿ**) ਗੌਂਦੇ ਹਨ। **ਗੁਰਮੁਖਿ ਜਨਕਿ; ਹਰਿ ਨਾਮਿ ਲਿਵ ਲਾਈ॥** ਅਨੁਸਾਰ (**ਜਨਕਾਦਿ**) ਗੁਰਮੁਖਿ ਸੁਧਰਮੀ ਰਾਜਾ ਜਨਕ ਜੀ ਆਦਿ ਗੁਰਮੁਖਿ ਸੁਧਰਮੀ ਰਾਜੇ (**ਜੁਗਹ**) ਜੁੱਗਾਂ ਜੁੱਗਾਂ ਤੋਂ ਆਪ ਜੀ ਦੇ ਸੱਚੇ ਮਿੱਠੇ ਚਰਨਕਮਲਾਂ ਨਾਲ **ਲਗਿ** ਕੇ ਗੁਣ ਗੌਂਦੇ ਹਨ ਜੀ।

ਯ ਸਵਾਰ ਕੇ, ਤਾਲੂ ਤੋਂ ਬੋਲ। ਸਕ ਪੋਲਾ ਸਕ-ਯੱਥੁ-

## ਧੰਨਿ ਧੰਨਿ ਗੁਰੁ ਧੰਨਿ; ਜਨਮੁ ਸਕਯਥੁ ਭਲੌ ਜਗਿ॥

ਹੇ **ਆਪਿ ਨਰਾਇਣੁ. ਕਲਾ ਧਾਰਿ; ਜਗ ਮਹਿ ਪਰਵਰਿਯਉ॥ ਨਿਰੰਕਾਰਿ ਆਕਾਰੁ; ਜੋਤਿ. ਜਗ ਮੰਡਲਿ ਕਰਿਯਉ॥** ਗੁਰੂ **ਗੁਰੁ** ਦਸ ਸਤਿਗੁਰੂ ਸਾਹਿਬਾਨ ਜੀ! ਆਪ ਜੀ **ਧੰਨਿ ਧੰਨਿ ਧੰਨਿ** ਹੋਂ ਜੀ। ਆਪ ਜੀ ਸ਼ੁਭ ਸੱਚੇ ਪੰਜਵੇਂ ਅਵਤਾਰ 'ਚ ਤੱਤੀ ਤਵੀ 'ਤੇ ਖੜ੍ਹ ਰਹੇ ਹੋਂ, ਸ਼ੁਭ ਸੱਚੇ ਨੌਵੇਂ ਅਵਤਾਰ 'ਚ ਸੀਸ ਕੁਰਬਾਨ ਕਰ ਰਹੇ ਹੋਂ, ਸ਼ੁਭ ਸੱਚੇ ਦਸਵੇਂ ਅਵਤਾਰ 'ਚ ਸਰਬੰਸ ਕੁਰਬਾਨ ਕਰ ਰਹੇ ਹੋਂ, ਗੁਰੂ ਖ਼ਾਲਸਾ ਪੰਥ ਸਜਾ ਰਹੇ ਹੋਂ, ਗੁਰਮੁਖਿ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਬਖ਼ਸ਼ ਕੇ, ਗੁਰਮੁਖਿ ਪੰਜਾਂ ਪਿਆਰਿਆਂ ਦੇ ਸਨਮੁਖ ਅਪਣੇ ਗਲ਼ 'ਚ ਪੱਲਾ ਪਾ ਕੇ, ਗੁਰਮੁਖਿ ਸੀਸ ਝੁਕਾਅ ਕੇ ਅੰਮ੍ਰਿਤ ਦੀ ਦਾਤ ਮੰਗ ਕੇ ਛਕ ਰਹੇ ਹੋਂ ਜੀ। ਦਾਤ ਬਖ਼ਸ਼ ਕੇ ਦਾਤੇ ਨਹੀਂ ਬਣੇ, ਸਗੋਂ ਮੰਗਤੇ ਬਣ ਕੇ, **ਨੀਚਾ ਅੰਦਰਿ ਨੀਚ ਜਾਤਿ; ਨੀਚੀ ਹੂ ਅਤਿ ਨੀਚੁ॥** ਅਨੁਸਾਰ ਗ੍ਰੀਬੀ ਹੀ ਗ੍ਰੀਬੀ ਕਮਾ ਕੇ ਦਿਖਾਈ। ਆਪ ਜੀ ਨੇ (**ਜਗਿ**) ਬਿਅੰਤ ਬ੍ਰਹਮੰਡ ਦੇ (**ਭਲੌ**) ਭਲੇ ਲਈ ਭਾਵ ਡੁੱਬਦੇ ਪੱਥਰਾਂ ਨੂੰ ਤਾਰਨ ਲਈ (**ਸਕਯਥੁ**) ਸਫਲ ਸ਼ੁਭ ਸੱਚਾ ਗੁਰਮੁਖਿ (**ਜਨਮੁ**) ਅਵਤਾਰ ਧਾਰਿਆ ਜੀ। ਯਥਾ:- **ਸੁਣੀ ਪੁਕਾਰਿ ਦਾਤਾਰ ਪ੍ਰਭੁ; ਗੁਰੁ ਨਾਨਕ ਜਗ ਮਾਹਿ ਪਠਾਇਆ॥) ਗੁਰਮੁਖਿ ਕਲਿ ਵਿਚਿ ਪਰਗਟੁ ਹੋਆ॥੨੭॥) ਸ੍ਰੀ ਗੁਰੁ ਨਾਨਕ ਆਪ ਪਰਮੇਸ੍ਵਰ; ਅਵਤਾਰ ਲਿਯੌ ਸੁਭ ਵੰਸ਼ ਪ੍ਰਧਾਨਾ॥) ਦੋਹਰਾ॥ ਤਿਨ ਬੇਦੀਯਨ ਕੇ ਕੁਲ ਬਿਖੇ; ਪ੍ਰਗਟੇ ਨਾਨਕ ਰਾਇ॥ ਸਭ ਸਿੱਖਨ ਕੋ ਸੁਖ ਦਏ; ਜੱਹ ਤੱਹ ਭਏ ਸਹਾਇ॥੪॥੨੦੩॥ ਚੌਪਈ॥ ਤਿਨ ਇਹ ਕਲ ਮੋ; ਧਰਮੁ ਚਲਾਯੋ॥ ਸਭ ਸਾਧਨ ਕੋ; ਰਾਹੁ ਬਤਾਯੋ॥ ਜੋ ਤਾ ਕੇ ਮਾਰਗਿ ਮਹਿ ਆਏ॥ ਤੇ ਕਬਹੂੰ ਨਹੀ ਪਾਪ ਸੰਤਾਏ॥੫॥**

**ਦੂਜਾ ਅਰਥ:-** ਹੇ ਗੁਰੂ **ਗੁਰੁ** ਦਸ ਸਤਿਗੁਰੂ ਸਾਹਿਬਾਨ ਜੀ! **ਜਿਨੀ ਤੁਧਨੋ ਧੰਨੁ ਕਹਿਆ; ਤਿਨ ਜਮੁ ਨੇੜਿ ਨ. ਆਇਆ॥) ਸਭਿ ਧੰਨੁ ਕਹਹੁ. ਗੁਰੁ ਸਤਿਗੁਰੂ. ਗੁਰੁ ਸਤਿਗੁਰੂ; ਜਿਤੁ ਮਿਲਿ ਹਰਿ ਪੜਦਾ ਕਜਿਆ॥੭॥** ਅਨੁਸਾਰ ਜਿਨ੍ਹਾਂ ਗੁਰਮੁਖਾਂ ਨੇ ਆਪ ਜੀ ਨੂੰ ਰੋਮਿ ਰੋਮਿ ਨਾਲ **ਧੰਨਿ ਧੰਨਿ ਧੰਨਿ** ਕਹਿ ਕੇ ਜਪੇ ਜਪਾਏ, ਉਨ੍ਹਾਂ ਦਾ **ਜਨਮੁ** (**ਸਕਯਥੁ**) ਸਫਲਾ ਅਤੇ **ਜਗਿ** 'ਤੇ ਆਇਆ (**ਭਲੌ**) ਚੰਗਾ ਹੈ। ਯਥਾ:- **ਆਇਆ ਸਫਲ; ਤਾਹੂ ਕੋ ਗਨੀਐ॥ ਜਾਸੁ ਰਸਨ; ਹਰਿ ਹਰਿ ਜਸੁ ਭਨੀਐ॥**

ਧੰਨ ਵਾਹਿਗੁਰੂ ਜੀ ਧੰਨ, ਧੰਨ ਵਾਹਿਗੁਰੂ ਜੀ ਧੰਨ, ਧੰਨ ਵਾਹਿਗੁਰੂ ਜੀ ਧੰਨ, ਧੰਨ ਜਗਮਗ ਜਾਗਦੀ ਸੱਚੀ ਜੋਤਿ ਵਾਹਿਗੁਰੂ ਸਤਿਗੁਰੂ ਨਾਨਕਦੇਵ ਸਾਹਿਬ ਜੀ ਧੰਨ ਵਾਹਿਗੁਰੂ ਜੀ ਧੰਨ ਹਨ!

ਧੰਨ ਵਾਹਿਗੁਰੂ ਜੀ ਧੰਨ, ਧੰਨ ਵਾਹਿਗੁਰੂ ਜੀ ਧੰਨ, ਧੰਨ ਵਾਹਿਗੁਰੂ ਜੀ ਧੰਨ, ਧੰਨ ਜਗਮਗ ਜਾਗਦੀ ਸੱਚੀ ਜੋਤਿ ਵਾਹਿਗੁਰੂ ਸਤਿਗੁਰੂ ਅੰਗਦਦੇਵ ਸਾਹਿਬ ਜੀ ਧੰਨ ਵਾਹਿਗੁਰੂ ਜੀ ਧੰਨ ਹਨ!

ਧੰਨ ਵਾਹਿਗੁਰੂ ਜੀ ਧੰਨ, ਧੰਨ ਵਾਹਿਗੁਰੂ ਜੀ ਧੰਨ, ਧੰਨ ਵਾਹਿਗੁਰੂ ਜੀ ਧੰਨ, ਧੰਨ ਜਗਮਗ ਜਾਗਦੀ ਸੱਚੀ ਜੋਤਿ ਵਾਹਿਗੁਰੂ ਸਤਿਗੁਰੂ ਅਮਰਦਾਸ ਸਾਹਿਬ ਜੀ ਧੰਨ ਵਾਹਿਗੁਰੂ ਜੀ ਧੰਨ ਹਨ!

ਧੰਨ ਵਾਹਿਗੁਰੂ ਜੀ ਧੰਨ, ਧੰਨ ਵਾਹਿਗੁਰੂ ਜੀ ਧੰਨ, ਧੰਨ ਵਾਹਿਗੁਰੂ ਜੀ ਧੰਨ, ਧੰਨ ਜਗਮਗ ਜਾਗਦੀ ਸੱਚੀ ਜੋਤਿ ਵਾਹਿਗੁਰੂ ਸਤਿਗੁਰੂ ਰਾਮਦਾਸ ਸਾਹਿਬ ਜੀ ਧੰਨ ਵਾਹਿਗੁਰੂ ਜੀ ਧੰਨ ਹਨ!

ਧੰਨ ਵਾਹਿਗੁਰੂ ਜੀ ਧੰਨ, ਧੰਨ ਵਾਹਿਗੁਰੂ ਜੀ ਧੰਨ, ਧੰਨ ਵਾਹਿਗੁਰੂ ਜੀ ਧੰਨ, ਧੰਨ ਜਗਮਗ ਜਾਗਦੀ ਸੱਚੀ ਜੋਤਿ ਵਾਹਿਗੁਰੂ ਸਤਿਗੁਰੂ ਅਰਜਨਦੇਵ ਸਾਹਿਬ ਜੀ ਧੰਨ ਵਾਹਿਗੁਰੂ ਜੀ ਧੰਨ ਹਨ!

ਧੰਨ ਵਾਹਿਗੁਰੂ ਜੀ ਧੰਨ, ਧੰਨ ਵਾਹਿਗੁਰੂ ਜੀ ਧੰਨ, ਧੰਨ ਵਾਹਿਗੁਰੂ ਜੀ ਧੰਨ, ਧੰਨ ਜਗਮਗ ਜਾਗਦੀ ਸੱਚੀ ਜੋਤਿ ਵਾਹਿਗੁਰੂ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਧੰਨ ਵਾਹਿਗੁਰੂ ਜੀ ਧੰਨ ਹਨ!

ਧੰਨ ਵਾਹਿਗੁਰੂ ਜੀ ਧੰਨ, ਧੰਨ ਵਾਹਿਗੁਰੂ ਜੀ ਧੰਨ, ਧੰਨ ਵਾਹਿਗੁਰੂ ਜੀ ਧੰਨ, ਧੰਨ ਜਗਮਗ ਜਾਗਦੀ ਸੱਚੀ ਜੋਤਿ ਵਾਹਿਗੁਰੂ ਸਤਿਗੁਰੂ ਹਰਿਰਾਏ ਸਾਹਿਬ ਜੀ ਧੰਨ ਵਾਹਿਗੁਰੂ ਜੀ ਧੰਨ ਹਨ!

ਧੰਨ ਵਾਹਿਗੁਰੂ ਜੀ ਧੰਨ, ਧੰਨ ਵਾਹਿਗੁਰੂ ਜੀ ਧੰਨ, ਧੰਨ ਵਾਹਿਗੁਰੂ ਜੀ ਧੰਨ, ਧੰਨ ਜਗਮਗ ਜਾਗਦੀ ਸੱਚੀ ਜੋਤਿ ਵਾਹਿਗੁਰੂ ਸਤਿਗੁਰੂ ਹਰਿਕ੍ਰਿਸਨ ਸਾਹਿਬ ਜੀ ਧੰਨ ਵਾਹਿਗੁਰੂ ਜੀ ਧੰਨ ਹਨ!

ਧੰਨ ਵਾਹਿਗੁਰੂ ਜੀ ਧੰਨ, ਧੰਨ ਵਾਹਿਗੁਰੂ ਜੀ ਧੰਨ, ਧੰਨ ਵਾਹਿਗੁਰੂ ਜੀ ਧੰਨ, ਧੰਨ ਜਗਮਗ ਜਾਗਦੀ ਸੱਚੀ ਜੋਤਿ ਵਾਹਿਗੁਰੂ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਧੰਨ ਵਾਹਿਗੁਰੂ ਜੀ ਧੰਨ ਹਨ!

ਧੰਨ ਵਾਹਿਗੁਰੂ ਜੀ ਧੰਨ, ਧੰਨ ਵਾਹਿਗੁਰੂ ਜੀ ਧੰਨ, ਧੰਨ ਵਾਹਿਗੁਰੂ ਜੀ ਧੰਨ, ਧੰਨ ਜਗਮਗ ਜਾਗਦੀ ਸੱਚੀ ਜੋਤਿ ਵਾਹਿਗੁਰੂ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਖ਼ਾਲਸਾ ਜੀ ਧੰਨ ਵਾਹਿਗੁਰੂ ਜੀ ਧੰਨ ਹਨ!

ਧੰਨ ਵਾਹਿਗੁਰੂ ਜੀ ਧੰਨ, ਧੰਨ ਵਾਹਿਗੁਰੂ ਜੀ ਧੰਨ, ਧੰਨ ਵਾਹਿਗੁਰੂ ਜੀ ਧੰਨ, ਧੰਨ ਜਗਮਗ ਜਾਗਦੀ ਸੱਚੀ ਜੋਤਿ ਵਾਹਿਗੁਰੂ ਸਤਿਗੁਰੂ ਗ੍ਰਿੰਥ ਸਾਹਿਬ ਜੀ ਧੰਨ ਵਾਹਿਗੁਰੂ ਜੀ ਧੰਨ ਹਨ!

## ਪਾਤਾਲ ਪੁਰੀ ਜੈਕਾਰ ਧੁਨਿ; ਕਬਿ ਜਨ ਕਲ ਵਖਾਣਿਓ॥

ਸੱਚੇ ਗੁਰਮੁਖਿ ਸੱਚੇ ਬ੍ਰਹਮ ਸੱਚੇ ਨਾਮ ਰਸੀਏ **(ਕਬਿ)** ਕਵੀ ਭੱਟ **ਕਲ** ਜੀ, **ਗੁਰੂ ਗਰੰਥ ਜੀ ਮਾਨਿਓ; ਪਰਗਟ ਗੁਰਾਂ ਕੀ ਦੇਹ।** ਪਰਮਪੂਜਨੀਕ ਜੁੱਗੋ ਜੁੱਗ ਅਟੱਲ ਗੁਰਤਾਗੱਦੀ ਬਿਰਾਜਮਾਨ ਸਦਾ ਸੱਚੇ ਮਿਹਰਵਾਨ ਸੱਚੇ ਸੁੰਦਰ ਸੱਚੇ ਭਗਵਾਨ ਸੱਚੇ ਸਤਿਗੁਰੂ ਗਿਰੰਥ ਸਾਹਿਬ ਜੀ **ਸਾਚ ਨਾਮ ਕੀ ਅੰਮ੍ਰਿਤ ਵਰਖਾ॥੩॥** ਕਰਦਿਆਂ, **(ਵਖਾਣਿਓ)** ਕਥਨ ਕਰਦੇ ਹਨ ਜੀ:- ਬਿਅੰਤ **(ਪਾਤਾਲ)** ਪਾਤਾਲਾਂ, ਆਕਾਸਾਂ, **(ਪੁਰੀ)** ਪੁਰੀਆਂ 'ਚ **;ਧਨੁ ਨਾਨਕ ਤੇਰੀ ਵਡੀ ਕਮਾਈ॥** ਦੀ ਜੈ **ਜੈਕਾਰ** ਦੀ **(ਧੁਨਿ)** ਧੁਨੀ ਹੋ ਰਹੀ ਹੈ ਜੀ। ਯਥਾ:- **ਨਾਨਕ. ਬਹੁਤਾ ਏਹੋ ਆਖਣੁ; ਸਭ ਤੇਰੀ ਵਡਿਆਈ॥੧॥) ਪ੍ਰਗਟ ਪ੍ਰਤਾਪੁ ਵਰਤਾਇਓ; ਸਭੁ ਲੋਕੁ ਕਰੈ ਜੈਕਾਰੁ ਜੀਉ॥੧੭॥) ਹਰਿ ਮਨਿ ਤਨਿ. ਵਸਿਆ ਸੋਈ॥ ਜੈ ਜੈਕਾਰੁ ਕਰੇ ਸਭੁ ਕੋਈ॥ ਗੁਰ ਪੂਰੇ ਕੀ ਵਡਿਆਈ॥ ਤਾ ਕੀ ਕੀਮਤਿ; ਕਹੀ. ਨ ਜਾਈ॥੧॥) ਜੈ ਜੈਕਾਰੁ ਹੋਤੁ ਜਗ ਭੀਤਰਿ; ਸਬਦੁ ਗੁਰੂ ਰਸੁ ਚਾਖੈ॥੧॥**

## ਹਰਿ ਨਾਮ ਰਸਿਕ ਨਾਨਕ ਗੁਰ; ਰਾਜੁ ਜੋਗੁ ਤੈ ਮਾਣਿਓ॥੬॥

ਹੇ ਧੰਨ ਸੱਚੇ ਵਾਹਿਗੁਰੂ ਜੀ ਸੱਚੇ, **(ਗੁਰ ਨਾਨਕ)** ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ! **(ਤੈ)** ਆਪ ਜੀ ਨੇ **(ਹਰਿ)** ਸੱਚੇ ਵਾਹਿਗੁਰੂ ਜੀ ਸੱਚੇ ਦੇ ਸੱਚੇ ਸੱਚੇ ਸੱਚੇ

ਅੰਮ੍ਰਿਤ ਨਾਮ 'ਚ **(ਰਸਿਕ)** ਰਸ ਰਸ ਕੇ, ਨਾਮ ਰਸੀਏ ਬਣ ਕੇ, **(ਰਾਜੁ)** ਪ੍ਰਕਾਸ ਸਰੂਪ **ਪਾਰਬ੍ਰਹਮ; ਠਾਕੁਰ ਆਗਾਧਿ॥** ਬ੍ਰਹਮ ਜੀ 'ਚ **(ਜੋਗੁ)** ਜੁੜ ਕੇ ਮਹਾਂ ਵਿਸਮਾਦ ਅਨੰਦ **(ਮਾਣਿਓ)** ਮਾਣਿਆ ਜੀ ਰਾਮਜੀ!**॥੬॥**

## ਸਤਜੁਗਿ. ਤੈ ਮਾਣਿਓ; ਛਲਿਓ ਬਲਿ, ਬਾਵਨ ਭਾਇਓ॥

ਹੇ **ਦੀਨ ਦਇਆਲ ਸਦਾ ਦੁਖਭੰਜਨ;** ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ! **ਸਤਜੁਗਿ** 'ਚ **(ਤੈ)** ਆਪ ਜੀ ਨੇ ਮਹਾਂ ਵਿਸਮਾਦ ਸਰਬ ਵਿਆਪੀ ਅਨੰਦ ਹੀ ਅਨੰਦ **(ਮਾਣਿਓ)** ਮਾਣਿਆ ਜੀ। ਆਪ ਜੀ ਨੂੰ ਬਾਵਨ ਅਵਤਾਰ ਧਾਰਨਾ **(ਭਾਇਓ)** ਚੰਗਾ ਲੱਗਾ ਅਤੇ ਬਲਿ ਰਾਜੇ ਨੂੰ **(ਛਲਿਓ)** ਠੱਗਿਆ ਜੀ ਰਾਮਜੀ। ਯਥਾ:- **ਕਰਉ ਅਢਾਈ. ਧਰਤੀ ਮਾਂਗੀ; ਬਾਵਨ ਰੂਪਿ ਬਹਾਨੈ॥ ਕਿਉ ਪਇਆਲਿ ਜਾਇ. ਕਿਉ ਛਲੀਐ; ਜੇ ਬਲਿ ਰੂਪੁ ਪਛਾਨੈ॥੩॥) ਤੁਮੀ ਬਾਵਨੀ ਹੈ੍, ਤਿਨੋ ਲੋਗ ਮਾਪੇ॥**

**ਦੂਜਾ ਅਰਥ:-** ਹੇ **ਦੀਨ ਕਾ ਦਇਆਲੁ ਮਾਧੌ; ਗਰਬ ਪਰਹਾਰੀ॥** ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ! ਸੰਸਾਰ 'ਤੇ ਪਾਪ ਵੱਧਨ ਤੋਂ, ਬਲਿ ਰਾਜਾ ਅਤਿ ਹੰਕਾਰੀ ਹੋ ਕੇ ਘੋਰ ਜ਼ੁਲਮ ਕਰਨ ਤੋਂ, ਜੀਵਾਂ ਨੇ ਪੁਕਾਰ ਕੀਤੀ, ਤਾਂ ਆਪ ਜੀ ਨੂੰ **(ਭਾਇਓ)** ਭਾਇਆ, ਤਾਂ ਆਪ ਜੀ ਨੇ ਵਿਸ਼ਨੂੰ ਜੀ ਨੂੰ ਬਾਵਨ ਅਵਤਾਰ ਧਾਰਨ ਦਾ ਹੁਕਮ ਦਿਤਾ। ਤਾਂ ਢਾਈ ਕਰਮਾਂ ਦੀ ਧਰਤੀ ਮੰਗ ਕੇ, ਵਿਰਾਟ ਸਰੂਪ ਧਾਰ ਕੇ, ਇੱਕ ਕਦਮ 'ਚ ਧਰਤੀ, ਦੋ ਕਰਮਾਂ 'ਚ ਤਿੰਨ ਲੋਕ ਮਿਣ ਲਏ ਅਤੇ ਅਧਾ ਕਰਮ **ਬਲਿ** ਰਾਜੇ ਦੇ ਮੋਢੇ 'ਤੇ ਰੱਖ ਕੇ, ਨਪ ਕੇ ਉਸ ਨੂੰ ਸੱਤਮੇ ਪਤਾਲ 'ਚ ਧੱਕ ਕੇ, **(ਛਲਿਓ)** ਠੱਗਿਆ ਜੀ। ਇਉਂ **ਸਤਜੁਗਿ** 'ਚ **(ਤੈ)** ਆਪ ਜੀ ਨੇ ਮਹਾਂ ਵਿਸਮਾਦ ਸਰਬ ਵਿਆਪੀ ਅਨੰਦ **(ਮਾਣਿਓ)** ਮਾਣਿਆ ਜੀ ਰਾਮਜੀ। ਯਥਾ:- **ਭੁਜੰਗ॥ ਦੀਯੋ ਆਇਸੰ, ਕਾਲਪੁਰਖੰ ਅਪਾਰੰ॥ ਧਰੋ ਬਾਵਨਾ ਬਿਸਨੁ, ਅਸਟਮਵਤਾਰੰ॥ ਲਈ ਬਿਸਨੁ ਆਗਿਆ, ਚਲਿਯੋ ਧਾਇ ਐਸੇ॥ ਲਹਯੋ ਦਾਰਦੀ, ਭੂਪ ਭੰਡਾਰ ਜੈਸੇ॥੩॥੧੪੬॥) ਚੌਪਈ॥ ਏਕੈ ਪਾਂਵ, ਪਤਾਰਹ ਛੂਆ॥ ਦੂਸਰ ਪਾਂਵ, ਗਗਨ ਲਉ ਹੂਆ॥ ਭਿਦਯੋ, ਅੰਡ ਬ੍ਰਹਮੰਡ ਅਪਾਰਾ॥ ਤਿੰਹ ਤੇ ਗਿਰੀ, ਗੰਗ ਕੀ ਧਾਰਾ॥੨੨॥੧੬੫॥) ਗੁਣ ਗਾਵੈ ਬਲਿ ਰਾਉ; ਸਪਤ ਪਾਤਾਲਿ ਬਸੰਤੌ॥**

**ਪ੍ਰੇਮ ਪ੍ਰਚਾਰ:-** ਗੁਰੂ ਗ਼੍ਰੀਬ ਨਿਵਾਜ ਸਤਿਗੁਰੂ ਵਾਹਿਗੁਰੂ ਜੀ ਗਰਬ ਪ੍ਰਹਾਰੀ ਹਨ। ਬਲਿ ਰਾਜੇ ਨੇ ਜੱਗ ਕਰਕੇ ਹੰਕਾਰ ਕੀਤਾ ਕਿ "ਮੈਂ ਵੱਡਾ ਦਾਨੀ ਹਾਂ" ਤਾਂ ਉਸ ਦਾ ਮਾਨ ਮੇਟਣ ਲਈ ਬਾਵਨ ਅਵਤਾਰ ਧਾਰ ਕੇ ਹੰਕਾਰ ਮੇਟਿਆ। ਯਥਾ:- **ਪ੍ਰਭੁ ਨਾਰਾਇਣੁ; ਗਰਬ ਪ੍ਰਹਾਰੀ॥) ਬਲਿ ਰਾਜਾ; ਮਾਇਆ ਅਹੰਕਾਰੀ॥ ਜਗਨ ਕਰੈ; ਬਹੁ ਭਾਰ ਅਫਾਰੀ॥ ਬਿਨੁ ਗੁਰ ਪੂਛੇ; ਜਾਇ ਪਇਆਰੀ॥੨॥**

## ਤ੍ਰੇਤੈ ਤੈ ਮਾਣਿਓ; ਰਾਮੁ ਰਘੁਵੰਸੁ ਕਹਾਇਓ॥

ਹੇ ਪਰਮਪੂਜਨੀਕ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ! **ਤ੍ਰੇਤੈ** 'ਚ **(ਤੈ)** ਆਪ ਜੀ ਨੇ ਮਹਾਂ ਵਿਸਮਾਦ ਸਰਬ ਵਿਆਪੀ ਅਨੰਦ ਹੀ ਅਨੰਦ **(ਮਾਣਿਓ)** ਮਾਣਿਆ ਹੈ ਜੀ। **(ਰਘੁਵੰਸੁ)** ਰਘੂ ਰਾਜੇ ਦੀ ਬੰਸ 'ਚ **ਗੁਰਮੁਖਿ; ਸਾਇਰਿ ਪਾਹਣ ਤਾਰੇ॥** ਅਨੁਸਾਰ ਗੁਰਮੁਖਿ ਸ੍ਰੀ **ਰਾਮੁ** ਚੰਦ੍ਰ ਜੀ **(ਕਹਾਇਓ)** ਕਹਾਏ ਜੀ। ਯਥਾ:- **ਤੁਮੀ ਰਾਮ ਹੈ੍ਕੈ; ਦਸਾਗ੍ਰੀਵ ਖੰਡਯੋ॥** ਧਰਮ ਨਿਆਇ ਦਾ ਧਰਮੀ ਰਾਜ ਕੀਤਾ, ਪਰਜਾ ਨੂੰ ਸੁਖ ਦਿਤਾ। ਰਾਜੇ ਬਣ ਕੇ ਚੰਗੇ ਚਾਲ ਚੱਲਣ ਵਾਲੇ, ਜਤੀ ਸਤੀ ਨਿਰਮਲ ਰਹੇ, ਬਭੀਖਣ ਨੂੰ ਲੰਕਾ ਦਾ ਰਾਜ ਦੀਤਾ। ਯਥਾ:- **ਭੇਦੁ ਬਭੀਖਣ ਗੁਰਮੁਖਿ ਪਰਚਾਇਣੁ॥**

**ਦੂਜਾ ਅਰਥ:– ਤੈਥੋ ਹੀ ਬਲੁ ਰਾਮ ਲੈ; ਨਾਲ ਬਾਣਾ ਦਹਸਿਰੁ ਘਾਇਆ॥** ਅਨੁਸਾਰ **ਤ੍ਰੇਤੈ** ’ਚ **(ਤੈ)** ਆਪ ਜੀ ਨੇ ਅਨੰਦ ਇਉਂ **(ਮਾਣਿਓ)** ਮਾਣਿਆ ਕਿ ਵਿਸ਼ਨੂੰ ਜੀ ਨੇ ਆਪ ਜੀ ਤੋਂ ਬਲ ਪ੍ਰਾਪਤ ਕਰਕੇ **(ਰਘੁਵੰਸੁ)** ਰਘੂ ਰਾਜੇ ਦੀ ਬੰਸ ’ਚ **ਗੁਰਮੁਖਿ; ਸਾਇਰਿ ਪਾਹਣ ਤਾਰੇ॥** ਅਨੁਸਾਰ ਗੁਰਮੁਖਿ ਸ੍ਰੀ **ਰਾਮੁ** ਚੰਦ੍ਰ ਜੀ **(ਕਹਾਇਓ)** ਕਹਾਏ। ਯਥਾ:– **ਬਿਸਨਾਦਿਕ ਦੇਵ, ਲਖੇ ਬਿਮਨੰ॥ ਮ੍ਰਿਦ ਹਾਸ ਕਰੀ, ਕਰਿ ਕਾਲਿ ਧੁਨੰ॥ ਅਵਤਾਰ ਧਰੋ, ਰਘੁਨਾਥ ਹਰੰ॥ ਚਿਰ ਰਾਜ ਕਰੋ, ਸੁਖ ਸੋ ਅਵਧੰ॥੪॥**

## ਦੁਆਪੁਰਿ. ਕ੍ਰਿਸਨ ਮੁਰਾਰਿ; ਕੰਸੁ ਕਿਰਤਾਰਥੁ ਕੀਓ॥

ਹੇ **ਪਤਿਤ ਪੁਨੀਤ ਗੋਬਿੰਦਹ; ਸਰਬ ਦੋਖ ਨਿਵਾਰਣਹ॥** ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਜੀ! **ਦੁਆਪੁਰਿ** ’ਚ ਸ੍ਰੀ **ਕ੍ਰਿਸਨ ਮੁਰਾਰਿ** ਅਵਤਾਰ ਧਾਰ ਕੇ, ਅਪਣੇ ਜ਼ਾਲਮ ਮਾਮੇ **ਕੰਸੁ** ਨੂੰ ਮਾਰ ਕੇ, ਉਸ ਨੂੰ **ਕਿਰਤਾਰਥੁ (ਕੀਓ)** ਕੀਤਾ ਭਾਵ ਉਸ ਦੀ ਕਲਿਆਣ ਕੀਤੀ। ਯਥਾ:– **ਤੁਮੀ ਕ੍ਰਿਸਨ ਹ੍ਵੈ; ਕੰਸ ਕੇਸੀਂ ਬਿਹੰਡਯੋ॥**

**ਦੂਜਾ ਅਰਥ:– ਤੈਥੋ ਹੀ ਬਲੁ ਕ੍ਰਿਸਨ ਲੈ; ਕੰਸੁ ਕੇਸੀਂ ਪਕੜਿ ਗਿਰਾਇਆ॥** ਅਨੁਸਾਰ **ਦੁਆਪੁਰਿ** ’ਚ ਵਿਸ਼ਨੂੰ ਜੀ ਨੇ ਆਪ ਜੀ ਤੋਂ ਬਲ ਪ੍ਰਾਪਤ ਕਰਕੇ, **ਕ੍ਰਿਸਨ ਮੁਰਾਰਿ** ਜੀ ਦਾ ਅਵਤਾਰ ਧਾਰ ਕੇ, ਅਪਣੇ ਜ਼ਾਲਮ ਮਾਮੇ **ਕੰਸੁ** ਨੂੰ ਮਾਰ ਕੇ, ਉਸ ਨੂੰ **ਕਿਰਤਾਰਥੁ (ਕੀਓ)** ਕੀਤਾ। ਯਥਾ:– **ਚੌਪਈ॥ ਬ੍ਰਹਮਾ ਗਯੋ; ਛੀਰ ਨਿਧਿ ਜਹਾਂ॥ ਕਾਲਪੁਰਖ; ਇਸਥਿਤ ਥੇ ਤਹਾਂ॥ ਕਹੋ ਬਿਸਨੁ ਕਹ; ਨਿਕਟਿ ਬੁਲਾਈ॥ ਕ੍ਰਿਸਨ ਅਵਤਾਰ ਧਰੋ ਤੁਮ ਜਾਈ॥੨॥ ਦੋਹਰਾ॥ ਕਾਲਪੁਰਖ ਕੇ ਬਚਨ ਤੇ; ਸੰਤਨ ਹੇਤ ਸਹਾਇ॥ ਮਥੁਰਾ ਮੰਡਲ ਕੇ ਬਿਖੈ; ਜਨਮੁ ਧਰਯੋ ਹਰਿ ਰਾਇ॥੩॥**

ਉੱਗ੍ਰਸੈਣ। ਅ–ਭੈ ਪੋਲਾ– **ਉਗ੍ਰਸੈਣ ਕਉ ਰਾਜੁ; ਅਭੈ ਭਗਤਹ ਜਨ ਦੀਓ॥**

ਅਪਣੇ ਜ਼ਾਲਮ ਹੰਕਾਰੀ ਮਾਮੇ ਕੰਸ ਨੂੰ ਮਾਰ ਕੇ, ਅਪਣੇ ਗੁਰਮੁਖਿ ਨਾਨੇ **ਉਗ੍ਰਸੈਣ (ਕਉ)** ਨੂੰ **ਰਾਜੁ** ਬਖ਼ਸ਼ਿਆ। ਅਪਣੇ **(ਜਨ)** ਪਿਆਰੇ **(ਭਗਤਹ)** ਭਗਤ ਜਨਾਂ ਨੂੰ **(ਅ+ਭੈ) ਭੈ (ਅ)** ਰਹਿਤ ਪਦਵੀ **(ਦੀਓ)** ਬਖ਼ਸ਼ੀ ਅਥਵਾ **(ਅ+ਭੈ)** ਨਿਰਭੈ ਦਰਸਨ **(ਦੀਓ)** ਬਖ਼ਸ਼ੇ ਜੀ ਰਾਮਜੀ!

## ਕਲਿਜੁਗਿ. ਪ੍ਰਮਾਣੁ ਨਾਨਕ ਗੁਰੁ; ਅੰਗਦੁ ਅਮਰੁ, ਕਹਾਇਓ॥

**ਕਲਿਜੁਗਿ** ’ਚ ਪਰਮਪੂਜਨੀਕ ਜਗਮਗ ਜਾਗਦੀ ਜੋਤਿ ਸੱਚੇ ਕੰਤ ਸੱਚੇ ਭਗਵੰਤ ਧੰਨ ਧੰਨ ਧੰਨ **ਗੁਰੁ ਨਾਨਕ** ਦੇਵ ਸਾਹਿਬ ਜੀ, ਪਰਮਪੂਜਨੀਕ ਜਗਮਗ ਜਾਗਦੀ ਜੋਤਿ ਧੰਨ ਧੰਨ ਧੰਨ ਗੁਰੂ **ਅੰਗਦੁ** ਦੇਵ ਸਾਹਿਬ ਜੀ, ਪਰਮਪੂਜਨੀਕ ਜਗਮਗ ਜਾਗਦੀ ਜੋਤਿ ਧੰਨ ਧੰਨ ਧੰਨ ਗੁਰੂ **ਅਮਰੁ** ਦਾਸ ਸਾਹਿਬ ਜੀ, ਆਦਿ ਦਸ ਸੱਚੇ ਸੁੱਚੇ ਉੱਚੇ ਅਵਤਾਰ ਧਾਰ ਕੇ, ਸੱਚੇ ਪਾਰਬ੍ਰਹਮ ਨਿਰਗੁਨ ਵਾਹਿਗੁਰੂ ਜੀ ਦੇ **(ਪ੍ਰਮਾਣੁ)** ਪ੍ਰਮਾਣੀਕ, ਪੂਰਨ **ਅਨਤ ਕਲਾ ਹੋਇ ਠਾਕੁਰੁ ਚੜਿਆ॥** ਗੁਰ ਅਵਤਾਰ **(ਕਹਾਇਓ)** ਕਹਾਏ ਜੀ ਰਾਮਜੀ। ਯਥਾ:– **ਰਾਮ; ਹਮ. ਸਤਿਗੁਰ ਪਾਰਬ੍ਰਹਮ ਕਰਿ ਮਾਨੇ॥) ਨਾਨਕ ਅੰਗਦ ਕੋ ਬਪੁ ਧਰਾ॥ ਧਰਮ ਪ੍ਰਚੁਰਿ ਇਹ ਜਗ ਮੋ ਕਰਾ॥ ਅਮਰਦਾਸ ਪੁਨਿ ਨਾਮੁ ਕਹਾਯੋ॥ ਜਨ ਦੀਪਕ ਤੇ ਦੀਪ ਜਗਾਯੋ॥੭॥) ਬਿਸਨੁਪਦ ਪੁੰਨਿਜਾਕੀ. ਤਰਹ ਦੂਜੀ; ਸਵਯੇ ਗੁਰੁ ਪਦ ਕੇ॥ ਸਤਿਗੁਰੁ ਜਹਾਜੁ ਸਬਦਿ ਗੁਰੁ ਖੇਵਟੁ; ਨਾਮ ਨਿਰੰਜਨੁ ਪਾਰ ਉਤਾਰੇ॥ ਭਵ ਬਾਰਿਧਿ**

**ਕੋ ਸੋਖਨਹਾਰੋ; ਹ੍ਵੈ ਅਗਸਤ. ਪ੍ਰਭੁ ਸਿਖਜ ਉਬਾਰੇ॥ ਜੇ ਜੇ ਚਰਨ ਸਰਨਿ ਆਇ ਲਾਗੇ; ਬਿਖੜੇ ਘਾਟਿ ਗੁਰੂ ਨਿਸਤਾਰੇ॥ ਗੋ ਪਦ ਵਤ ਭਵ ਸਾਗਰ ਤੇ ਪ੍ਰਭੂ; ਬਾਹ ਪਕੜਿ ਸਤਿਗੁਰੂ ਉਧਾਰੇ॥੧॥ ਕਰਨਧਾਰ ਸਦਿ ਗੁਰੁ ਮਮ ਕਹਿਯਤਿ; ਸ਼੍ਰੀ ਨਾਨਕ ਗੁਰਿ ਅੰਗਦ ਧਾਰੇ॥ ਅਮਰਦਾਸ ਪੂਰੋ ਪੁਰਸ਼ੋਤਮ; ਸਤਿਸੰਗਤਿ ਦੈ ਪਾਰ ਉਤਾਰੇ॥ ਰਾਮਦਾਸ ਗੁਰੁ ਅਚਲ ਅਮਰ ਨਿਤਿ; ਸੁਧਾ ਸਰੋਵਰੁ ਰੂਪ ਸੁਧਾਰੇ॥ ਅਰਜੁਨ ਸਬਦਿ ਜਹਾਜ ਗੁਰੂ; ਪਦ ਪੰਕਜ ਸਭਿ ਸ੍ਰਿਸ਼੍ਰਿ ਉਧਾਰੇ॥ ਹਰਿਗੋਬਿੰਦ ਹਰਿਰਾਇ ਗੁਰੂ; ਹਰਿਕ੍ਰਿਸਨਿ ਨਿਰੰਜਨ ਅਪਰ ਅਪਾਰੇ॥੨॥ ਤੇਗ਼ਬਹਾਦਰ ਪੁਨਜ ਸਰੂਪਾ; ਸਤਿ ਸ੍ਵਰੂਪ ਅਖੰਡ ਅਜਯ॥ ਜੁਗਿ ਜੁਗਿ ਤਾਰ ਲਿਯੋ ਤ੍ਰੈਲੋਕੰ; ਅਸੁਰ ਛਲੈ ਪ੍ਰਭੁ ਨਿਤਜ ਅਬਯ॥ ਭਜੋ ਨਿਸਤਾਰ ਤ੍ਰਾਸੁ ਅਸੁਰਨ ਤੇ; ਉਧਾਰ ਕਯੋ ਗੁਰਿ ਜਗਤਿ ਸਬਯ॥ ਸ਼ਾਹ ਗੋਬਿੰਦ. ਫ਼ਤਹ ਸਤਿਗੁਰ ਕੀ; ਵਾਹਿਗੁਰੂ ਸਚਿ ਮੰਤ੍ਰ ਅਖਯ॥੩॥੧॥੩੧੧॥੯੪੩॥੩੧੬੨॥ਤ੍ਰਿਪਦ ੧॥**

## ਅ-ਟਲੁ- ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ; ਆਦਿ ਪੁਰਖਿ ਫੁਰਮਾਇਓ॥੭॥

**ਹਰਿ ਜੁਗਹ ਜੁਗੋ, ਜੁਗ ਜੁਗਹ ਜੁਗੋ; ਸਦ ਪੀੜੀ ਗੁਰੂ. ਚਲੰਦੀ॥ ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ; ਜਿਨੀ ਗੁਰਮੁਖਿ ਨਾਮੁ ਧਿਆਇਆ॥** ਅਨੁਸਾਰ **ਸ੍ਰੀ ਗੁਰੂ** ਨਾਨਕਦੇਵ ਸਾਹਿਬ ਜੀ, ਦਸ ਸਤਿਗੁਰੂ ਸਾਹਿਬਾਨ ਜੀ ਦਾ **ਰਾਜੁ (ਅਬਿਚਲੁ)** ਅਚੱਲ, ਜੁੱਗੋ ਜੁੱਗ **(ਅਟਲੁ)** ਅਚੱਲ ਹੈ ਜੀ। ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਨੇ **ਆਦਿ ਪੁਰਖਿ** ਸੱਚੇ ਬ੍ਰਹਮ ਜੀ ਦਾ ਸੱਚਾ ਹੁਕਮ **(ਫੁਰਮਾਇਓ)** ਫ਼ੁਰਮਾਇਆ ਭਾਵ ਧੁਰ ਕੇ ਸੱਚੇ ਅੰਮ੍ਰਿਤ ਗੁਰਬਾਣੀ ਜੀ ਉਚਾਰੇ, ਗਾਏ, ਧਿਆਏ, ਪੂਜੇ ਪੂਜਾਏ ਜੀ ਰਾਮਜੀ॥੭॥ ਯਥਾ:- **ਜੈਸੀ ਮੈ ਆਵੈ, ਖਸਮ ਕੀ ਬਾਣੀ; ਤੈਸੜਾ ਕਰੀ ਗਿਆਨੁ. ਵੇ ਲਾਲੋ॥) ਕਹਿਯੋ ਪ੍ਰਭੂ ਸੁ ਭਾਖਿ ਹੌਂ॥ ਕਿਸੂ ਨ ਕਾਨ ਰਾਖਿ ਹੌਂ॥) ਸਤਿਗੁਰੁ ਨਾਨਕ ਅੰਸ ਕਲਾ ਪ੍ਰਭੁ; ਤਿਨ ਸੁਭ ਗ੍ਰੰਥ ਬਖਾਨੇ॥ ਨਾਮ ਉਪਾਸਨ ਨਾਮ ਅਰਾਧਨ; ਨਾਮਹਿ ਜਪੁ ਤ੍ਰਿਪਤਾਨੇ॥ ਸਚੁ ਉਪਦੇਸ਼ ਸੰਗਤਿ ਕਉ ਦੀਨਾ; ਬਸਤੁ ਨਾਮ ਨਿਰਬਾਨੇ॥ ਮਹਾਂਮੰਤ੍ਰ ਤਾਰਕ ਸਤਿਨਾਮਾ; ਸੋ ਗੁਰੁ ਕੀਨੋ ਦਾਨੇ॥੩॥੯੧੦॥੧੪੪੨॥੩੭੬੧॥) ਗੁਰਬਾਣੀ ਗਾਵਹ ਭਾਈ॥ ਓਹ ਸਫਲ ਸਦਾ ਸੁਖਦਾਈ॥**

## ਗੁਣ ਗਾਵੈ ਰਵਿਦਾਸੁ; ਭਗਤੁ ਜੈਦੇਵ ਤ੍ਰਿਲੋਚਨ॥

ਰਾਮ ਸਰੂਪ ਗੁਰਮੁਖਿ ਬ੍ਰਹਮ ਭਗਤ ਸ੍ਰੀ **ਰਵਿਦਾਸੁ** ਸਾਹਿਬ ਜੀ ਖ਼ਾਲਸਾ, ਰਾਮ ਸਰੂਪ ਗੁਰਮੁਖਿ ਬ੍ਰਹਮ **ਭਗਤੁ** ਸ੍ਰੀ **ਜੈਦੇਵ** ਸਾਹਿਬ ਜੀ ਖ਼ਾਲਸਾ, ਰਾਮ ਸਰੂਪ ਗੁਰਮੁਖਿ ਬ੍ਰਹਮ ਭਗਤ ਸ੍ਰੀ **ਤ੍ਰਿਲੋਚਨ** ਸਾਹਿਬ ਜੀ ਖ਼ਾਲਸਾ ਅਤੇ ਬਿਅੰਤ ਭਗਤ, ਬਿਅੰਤ ਬ੍ਰਹਮੰਡ ਦੇ ਜੀਅ ਜੰਤ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਦੇ ਸੱਚੇ ਸੱਚੇ ਸੱਚੇ ਗੁਰਮੁਖਿ **ਗੁਣ (ਗਾਵੈ)** ਗੌਂਦੇ ਹਨ ਜੀ। ਯਥਾ:- **ਗਾਵਹਿ ਖੰਡ ਮੰਡਲ ਵਰਭੰਡਾ; ਕਰਿ ਕਰਿ ਰਖੇ ਧਾਰੇ॥ ਸੇਈ ਤੁਧੁਨੋ ਗਾਵਹਿ, ਜੋ ਤੁਧੁ ਭਾਵਨਿ; ਰਤੇ ਤੇਰੇ ਭਗਤ ਰਸਾਲੇ॥) ਕਬੀਰਿ ਧਿਆਇਓ; ਏਕ ਰੰਗ॥ ਨਾਮਦੇਵ; ਹਰਿ ਜੀਉ ਬਸਹਿ ਸੰਗਿ॥ ਰਵਿਦਾਸ ਧਿਆਏ; ਪ੍ਰਭ ਅਨੂਪ॥ ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥**

## ਨਾਮਾ ਭਗਤੁ ਕਬੀਰੁ; ਸਦਾ ਗਾਵਹਿ. ਸਮ ਲੋਚਨ॥

**ਨਿਰਗੁਨ ਕਰਤਾ; ਸਰਗੁਨ ਕਰਤਾ॥ ਗੁਰਪ੍ਰਸਾਦਿ; ਨਾਨਕ ਸਮਦ੍ਰਿਸਟਾ॥੨॥੧॥** ਅਨੁਸਾਰ **ਸਮ**

**(ਲੋਚਨ)** ਦ੍ਰਿਸਟੀ ਵਾਲੇ ਰਾਮ ਸਰੂਪ ਗੁਰਮੁਖਿ ਬ੍ਰਹਮ ਭਗਤ ਸ੍ਰੀ **(ਨਾਮਾ)** ਨਾਮਦੇਵ ਸਾਹਿਬ ਜੀ ਖ਼ਾਲਸਾ, ਰਾਮ ਸਰੂਪ ਗੁਰਮੁਖਿ ਬ੍ਰਹਮ **ਭਗਤੁ** ਸ੍ਰੀ **ਕਬੀਰੁ** ਸਾਹਿਬ ਜੀ ਖ਼ਾਲਸਾ, ਬਿਅੰਤ ਬ੍ਰਹਮੰਡ ਦੇ ਬਿਅੰਤ ਗੁਰਮੁਖਿ ਭਗਤ **ਸਦਾ** ਇੱਕ ਰਸ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਦੇ ਗੁਰਮੁਖਿ ਗੁਣ **(ਗਾਵਹਿ)** ਗੌਂਦੇ ਹਨ, ਗੁਣ ਗਾ ਗਾਵਾ ਕੇ, ਮਹਾਂ ਵਿਸਮਾਦ ਹੋ ਰਹੇ ਹਨ ਜੀ ਰਾਮਜੀ। ਯਥਾ:- **ਗੁਨ ਗਾਵਹ ਪ੍ਰਭ ਅਗਮ ਠਾਕੁਰ ਕੇ; ਗੁਨ ਗਾਇ ਰਹੇ ਹੈਰਾਨ॥**

## ਭਗਤੁ ਬੇਣਿ. ਗੁਣ ਰਵੈ; ਸਹਜਿ ਆਤਮ ਰੰਗੁ ਮਾਣੈ॥

ਰਾਮ ਸਰੂਪ ਗੁਰਮੁਖਿ ਬ੍ਰਹਮ **ਭਗਤੁ** ਸ੍ਰੀ **(ਬੇਣਿ)** ਬੇਣੀ ਸਾਹਿਬ ਜੀ ਖ਼ਾਲਸਾ, ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਦੇ ਗੁਰਮੁਖਿ **(ਗੁਣ)** ਗੁਣਾਂ ਨੂੰ ਗਾ ਕੇ **(ਰਵੈ)** ਉਚਾਰਦੇ ਹਨ ਜੀ। ਗੁਣ ਉਚਾਰ ਕੇ, **(ਸਹਜਿ)** ਨਿਰਯਤਨ **ਆਤਮ (ਰੰਗੁ)** ਅਨੰਦ **(ਮਾਣੈ)** ਮਾਣਦੇ ਹਨ ਜੀ ਰਾਮਜੀ। ਯਥਾ:- **ਬੇਣੀ ਕਉ; ਗੁਰਿ ਕੀਓ ਪ੍ਰਗਾਸੁ॥**

## ਜੋਗ ਧਿਆਨਿ ਗੁਰ ਗਿਆਨਿ; ਬਿਨਾ ਪ੍ਰਭ. ਅਵਰੁ ਨ ਜਾਣੈ॥

**(ਗੁਰ)** ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਦੇ ਸੱਚੇ ਮਿੱਠੇ ਸੱਚੇ ਸੁੰਦਰ ਸੱਚੇ ਨਿਰਮਲ ਸੱਚੇ ਚਰਨਕਮਲਾਂ ਦਾ **ਧਿਆਨਿ** 'ਚ **(ਜੋਗ)** ਜੁੜੇ ਹਨ, ਬ੍ਰਹਮ **ਗਿਆਨਿ** ਪ੍ਰਾਪਤ ਗੁਰਮੁਖਿ ਬ੍ਰਹਮ ਭਗਤਾਂ ਨੇ **(ਪ੍ਰਭ)** ਸੱਚੇ ਪਤੀ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਤੋਂ **ਬਿਨਾ (ਅਵਰੁ)** ਹੋਰ ਕਿਸੇ ਨੂੰ **(ਨ)** ਨਹੀਂ **(ਜਾਣੈ)** ਜਾਣਦੇ ਜੀ ਰਾਮਜੀ। ਯਥਾ:- **ਪ੍ਰਗਟੁ ਸਗਲ ਹਰਿ ਭਵਨ ਮਹਿ; ਜਨੁ ਨਾਨਕੁ. ਗੁਰ ਪਾਰਬ੍ਰਹਮ॥੯॥) ਗੁਰੂ ਨਾਨਕ ਆਮਦ ਨਰਾਇਨ ਸਰੂਪ; ਹਮਾਨਾ ਨਿਰੰਜਨ ਨਿਰੰਕਾਰ ਰੂਪ॥੧॥) ਆਪਿ ਨਰਾਇਣੁ. ਕਲਾ ਧਾਰਿ; ਜਗ ਮਹਿ ਪਰਵਰਿਯਉ॥ ਨਿਰੰਕਾਰਿ ਆਕਾਰੁ; ਜੋਤਿ. ਜਗ ਮੰਡਲਿ ਕਰਿਯਉ॥**

ਅਥਵਾ **(ਗੁਰ)** ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਸੱਚੇ ਬ੍ਰਹਮ ਵਾਹਿਗੁਰੂ ਜੀ ਦੇ **ਧਿਆਨਿ** 'ਚ **(ਜੋਗ)** ਜੁੜੇ ਹਨ, ਬ੍ਰਹਮ ਗਿਆਨਿ, ਬ੍ਰਹਮ **ਗਿਆਨਿ** ਗੁਰਸਿੱਖਾਂ ਨੂੰ ਬਖ਼ਸ਼ਦੇ ਹਨ ਜੀ। **(ਪ੍ਰਭ)** ਸੱਚੇ ਕੰਤ ਸੱਚੇ ਭਗਵੰਤ ਸੱਚੇ ਪਾਰਬ੍ਰਹਮ ਸੱਚੇ ਬ੍ਰਹਮ ਵਾਹਿਗੁਰੂ ਜੀ ਤੋਂ **ਬਿਨਾ (ਅਵਰੁ)** ਹੋਰ ਕਿਸੇ ਨੂੰ **(ਨ)** ਨਹੀਂ **(ਜਾਣੈ)** ਜਾਣਦੇ। ਯਥਾ:- **ਸ੍ਵੈਯਾ॥ ਪਾਂਇ ਗਹੇ. ਜਬ ਤੇ ਤੁਮਰੇ; ਤਬ ਤੇ. ਕੋਊ ਆਂਖ ਤਰੇ ਨਹੀ ਆਨਜੋ॥ ਰਾਮ ਰਹੀਮ. ਪੁਰਾਨ ਕੁਰਾਨ; ਅਨੇਕ ਕਹੈਂ ਮਤ. ਏਕ ਨ ਮਾਨਜੋ॥ ਸਿੰਮ੍ਰਿਤਿ ਸਾਸਤ੍ਰ ਬੇਦ ਸਭੈ; ਬਹੁ ਭੇਦ ਕਹੈ. ਹਮ ਏਕ ਨ ਜਾਨਜੋ॥ ਸ੍ਰੀ ਅਸਿਪਾਨ. ਕ੍ਰਿਪਾ ਤੁਮਰੀ ਕਰਿ; ਮੈ ਨ ਕਹਜੋ. ਸਭ ਤੋਹਿ ਬਖਾਨਜੋ॥**

## ਪਰੀਖਿਅਤੁ- ਸੁਖਦੇਉ ਪਰੀਖ੍ਯਤੁ. ਗੁਣ ਰਵੈ; ਗੋਤਮ ਰਿਖਿ. ਜਸੁ ਗਾਇਓ॥

ਗੁਰਮੁਖਿ ਭਗਤ **(ਸੁਖਦੇਉ)** ਸੁਖਦੇਵ ਜੀ, ਗੁਰਮੁਖਿ **(ਪਰੀਖ੍ਯਤੁ)** ਰਾਜਾ ਪਰੀਛਤ ਜੀ, ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਦੇ ਸੱਚੇ ਗੁਰਮੁਖਿ **ਗੁਣ (ਗਾਵੈ)** ਗੌਂਦੇ ਹਨ ਜੀ। **ਗੋਤਮ (ਰਿਖਿ)** ਰਿਖੀ ਜੀ ਨੇ ਭੀ ਪਰਮਪੂਜਨੀਕ ਨੂਰੋ ਨੂਰ, ਨੂਰ ਹੀ ਨੂਰ, ਜਗਮਗ ਜਾਗਦੀ ਜੋਤਿ

ਸਤਿਗੁਰੂ ਸਾਹਿਬ ਜੀ ਦਾ **ਜਸੁ (ਗਾਇਓ)** ਗਾਇਆ ਜੀ ਰਾਮਜੀ। ਯਥਾ:- **ਗਾਵਨਿ ਤੁਧਨੋ, ਪੰਡਿਤ ਪੜਨਿ ਰਖੀਸੁਰ; ਜੁਗੁ ਜੁਗੁ ਵੇਦਾ ਨਾਲੇ॥**

## ਕਬਿ ਕਲ. ਸੁਜਸੁ ਨਾਨਕ ਗੁਰ; ਨਿਤ ਨਵਤਨੁ ਜਗਿ ਛਾਇਓ॥੮॥

ਸੱਚੇ ਗੁਰਮੁਖਿ ਸੱਚੇ ਬ੍ਰਹਮ ਸੱਚੇ ਨਾਮ ਰਸੀਏ **(ਕਬਿ)** ਕਵੀ ਭੱਟ **ਕਲ** ਜੀ, **ਗੁਰੂ ਗਰੰਥ ਜੀ ਮਾਨਿਓ; ਪਰਗਟ ਗੁਰਾਂ ਕੀ ਦੇਹ।** ਪਰਮਪੂਜਨੀਕ ਜੁੱਗੋ ਜੁੱਗ ਅਟੱਲ ਗੁਰਤਾਗੱਦੀ ਬਿਰਾਜਮਾਨ ਸਦਾ ਸੱਚੇ ਮਿਹਰਵਾਨ ਸੱਚੇ ਸੁੰਦਰ ਸੱਚੇ ਭਗਵਾਨ ਸੱਚੇ ਸਤਿਗੁਰੂ ਗਿਰੰਥ ਸਾਹਿਬ ਜੀ **ਸਾਚ ਨਾਮ ਕੀ ਅੰਮ੍ਰਿਤ ਵਰਖਾ॥੩॥** ਕਰਦੇ ਹਨ ਜੀ:- ਅਬਿਨਾਸੀ **ਗੁਰ ਨਾਨਕ** ਦੇਵ ਸਾਹਿਬ ਜੀ, ਦਸ ਸਤਿਗੁਰੂ ਸਾਹਿਬਾਨ ਜੀ ਦਾ **ਪਵਿਤ੍ਰ ਪਵਿਤ੍ਰ; ਪਵਿਤ੍ਰ ਪੁਨੀਤ॥ (ਸੁ+ਜਸੁ) (ਸੁ)** ਸ੍ਰੇਸਟ **ਜਸੁ** ਨਿਤ **(ਨਵਤਨੁ)** ਨਵਾਂ ਅਤੇ ਸਾਰੇ **ਜਗਿ**, ਬਿਅੰਤ ਬ੍ਰਹਮੰਡ 'ਚ **(ਛਾਇਓ)** ਛਾਇਆ ਹੈ ਜੀ ਰਾਮਜੀ॥੮॥ ਯਥਾ:- **ਗੁਣ ਨਿਧਾਨੁ ਨਵਤਨੁ ਸਦਾ; ਪੂਰਨ ਜਾ ਕੀ ਦਾਤਿ॥) ਸਾਹਿਬੁ ਮੇਰਾ ਨੀਤ ਨਵਾ; ਸਦਾ ਸਦਾ ਦਾਤਾਰੁ॥੧॥ਰਹਾਉ॥) ਮੇਰੇ ਲਾਲਨ ਕੀ ਸੋਭਾ॥ ਸਦ ਨਵਤਨ; ਮਨ ਰੰਗੀ ਸੋਭਾ॥੧॥ਰਹਾਉ॥**

ਯਾ ਸਵਾਰ ਕੇ, ਤਾਲੂ ਤੋਂ ਬੋਲ ਪਾ-ਯਾ-ਲਿ ਪਤਾਲ ਵਿੱਚ। ਭੁ-ਯੰਗਮ-

## ਗੁਣ ਗਾਵਹਿ ਪਾਯਾਲਿ; ਭਗਤ ਨਾਗਾਦਿ ਭੁਯੰਗਮ॥

ਲੱਖਾਂ **(ਪਾਯਾਲਿ)** ਪਾਤਾਲ ਦੇ ਜੀਵ, **ਭਗਤ (ਨਾਗਾਦਿ)** ਸ਼ੇਸ਼ਨਾਗ ਦੋ ਹਜ਼ਾਰ ਰਸਨਾਂ ਨਾਲ, ਆਦਿ ਸਾਰੇ **(ਭੁਯੰਗਮ)** ਸੱਪ, ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਦੇ ਅਬਿਨਾਸੀ ਗੁਰਮੁਖਿ **ਗੁਣ (ਗਾਵਹਿ)** ਗੌਂਦੇ ਹਨ ਜੀ। ਜਿਵੇਂ ਸ਼ੇਸ਼ਨਾਗ ਜੀ ਨੇ ਗੁਣ ਗੌਂਦਿਆਂ, ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਨੂੰ ਛਾਂ ਕੀਤੀ। ਇੱਥੇ ਹੁਣ ਗੁਰਦੁਆਰਾ ਮਾਲ ਸਾਹਿਬ ਜੀ ਹਨ। ਯਥਾ:- **ਸੇਸਨਾਗ; ਸਿਰ ਸਹਸ ਬਨਾਈ॥ ਦ੍ਵੈ ਸਹੰਸ; ਰਸਨਾਹ ਸੁਹਾਈ॥ ਰਟਤ ਅਬ ਲਗੇ ਨਾਮ ਅਪਾਰਾ॥ ਤੁਮਰੋ; ਤਊ ਨ ਪਾਵਤ ਪਾਰਾ॥੬॥੧੦੭॥) ਰਾਇਬੁਲਾਰ ਤਾਈਂ ਸਰਧਾ ਦਿਤੀ ਸੱਪ ਛਾਂਇ ਕਰਿ; ਬ੍ਰਿਛ ਅਚੱਲ ਛਾਂਇ ਪ੍ਰੀਤੀ ਉਰਧਾਰ ਹੈ॥੭॥**

## ਜਤਿ ਪੋਲਾ- ਮਹਾਦੇਉ ਗੁਣ ਰਵੈ ਸਦਾ ਜੋਗੀ ਜਤਿ ਜੰਗਮ॥

**(ਮਹਾਦੇਉ)** ਸ਼ਿਵ ਜੀ, ਗੁਰਮੁਖਿ **ਜੋਗੀ**, ਗੁਰਮੁਖਿ **(ਜਤਿ)** ਜਤੀ ਅਤੇ ਸ਼ਿਵ ਜੀ, ਪਾਰਬਤੀ ਜੀ ਦੇ ਵਿਆਹ ਦੇ ਗੀਤ ਗੌਂਣ ਵਾਲੇ **ਜੰਗਮ** ਸਾਰੇ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਦੇ ਸੱਚੇ ਸੁੱਚੇ ਉੱਚੇ ਪਰਉਪਕਾਰੀ **ਗੁਣ** ਸਦਾ ਗਾ ਕੇ, **(ਰਵੈ)** ਉਚਾਰਦੇ ਹਨ ਜੀ। ਜਿਵੇਂ ਗੁਰਮੁਖਿ ਬ੍ਰਹਮ ਦੌਲਤਾਂ ਦਾਈ ਜੀ ਖ਼ਾਲਸਾ ਨੂੰ ਨਿਹਾਲ ਕੀਤਾ, ਗੁਰਮੁਖਿ ਬ੍ਰਹਮ ਰਾਏਬੁਲਾਰ ਜੀ ਖ਼ਾਲਸਾ ਨੂੰ ਤਾਰਿਆ, ਸੱਪ ਨੇ ਛਾਂ ਕੀਤੀ, ਗੁਰਮੁਖਿ ਬ੍ਰਹਮ ਗੋਪਾਲ ਪਾਂਧੇ ਜੀ ਖ਼ਾਲਸਾ ਨੂੰ ਤਾਰਿਆ, ਨੂਰਦੀਨ ਖ਼ਾਂ ਮੁੱਲਾਂ ਨੂੰ ਤਾਰਿਆ, ਪਰਮਪੂਜਨੀਕ ਸੱਚੇ ਮਿੱਠੇ ਚਰਨਕਮਲਾਂ ਨਾਲ ਮੱਕਾ ਘੁਮਾਇਆ, ਕੌੜੇ ਰੀਠੇ ਮਿੱਠੇ ਕੀਤੇ, ਸੱਜਣ ਠੱਗ, ਭੂਮੀਏ ਚੋਰ, ਕਾਰੂ ਪਾਤਿਸਾਹ, ਲਾਜਵਰਦ ਅਤੇ ਦੇਵਲੂਤ ਆਦਿ ਰਾਕਸ਼ਾਂ ਨੂੰ ਤਾਰਿਆ। ਯਥਾ:- **ਖੰਡ ਬ੍ਰਹਮੰਡ ਬੇਅੰਤ; ਉਧਾਰਣਹਾਰਿਆ॥ ਤੇਰੀ ਸੋਭਾ ਤੁਧੁ; ਸਚੇ ਮੇਰੇ ਪਿਆਰਿਆ॥੧੨॥) ਖੰਡ ਬ੍ਰਹਮੰਡ ਉਧਾਰਣਹਾਰਾ॥ ਊਚ ਅਥਾਹ ਅਗੰਮ ਅਪਾਰਾ॥) ਤਾਰੇ ਗਨੇ ਜਾਤ; ਤੇਰੇ ਤਾਰੇ ਨਾ ਗਿਨਾਤ ਹੈ।**

ਬ੍ਯਾਸੁ: ਬਿਆਸੁ। ਬ੍ਯਾਕਰਣ: ਬਿਆਕਰਣ। ਬੀ-ਚਾਰਿਅ-

## ਗੁਣ ਗਾਵੈ. ਮੁਨਿ ਬ੍ਯਾਸੁ; ਜਿਨਿ. ਬੇਦ ਬ੍ਯਾਕਰਣ ਬੀਚਾਰਿਅ॥

**(ਬ੍ਯਾਸੁ)** ਬਿਆਸ **(ਮੁਨਿ)** ਮੁਨੀ ਜੀ **(ਜਿਨਿ)** ਜਿਨ੍ਹਾਂ ਨੇ ਵਿੱਦਿਆਰਥੀਆਂ ਸਮੇਤ ਚਾਰ ਬੇਦ ਅਤੇ ਬੇਦਾਂ ਦੀ **(ਬ੍ਯਾਕਰਣ)** ਬਿਆਕਰਣ **(ਬੀਚਾਰਿਅ)** ਬੀਚਾਰੀ, ਉਹ ਬਿਆਸ ਜੀ, ਵਿੱਦਿਆਰਥੀਆਂ ਨਾਲ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਦੇ ਸੱਚੇ ਸੱਚੇ ਸੱਚੇ ਅਬਿਨਾਸੀ **ਗੁਣ (ਗਾਵੈ)** ਗੌਂਦੇ ਹਨ ਜੀ ਰਾਮਜੀ! **ਸਭੈ ਘਟ ਰਾਮੁ ਬੋਲੈ; ਰਾਮਾ ਬੋਲੈ॥ ਰਾਮ ਬਿਨਾ; ਕੋ ਬੋਲੈ ਰੇ॥੧॥ਰਹਾਉ॥** ਅਨੁਸਾਰ ਸਾਰੀਆਂ ਘਟਾਂ ਵਾਹਿਗੁਰੂ **ਗੁਰ ਨਾਨਕਦੇਵ ਗੋਵਿੰਦ ਰੂਪ॥** ਦਸ ਸਤਿਗੁਰੂ ਸਾਹਿਬਾਨ ਜੀ ਦਾ ਜਸ ਬੋਲ ਰਹੀਆਂ ਹਨ ਅਤੇ ਸਾਰੀਆਂ ਘਟਾਂ 'ਚ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਵਸ ਰਹੇ ਹਨ ਜੀ ਰਾਮਜੀ। ਯਥਾ:- **ਘਟਿ ਘਟਿ ਮੈ ਹਰਿ ਜੂ ਬਸੈ; ਸੰਤਨ ਕਹਿਓ ਪੁਕਾਰਿ॥ ਕਹੁ ਨਾਨਕ. ਤਿਹ ਭਜੁ ਮਨਾ; ਭਉਨਿਧਿ ਉਤਰਹਿ ਪਾਰਿ॥੧੨॥**

## ਬ੍ਰਹਮਾ ਗੁਣ ਉਚਰੈ; ਜਿਨਿ ਹੁਕਮਿ, ਸਭ ਸ੍ਰਿਸਟਿ ਸਵਾਰੀਅ॥

**(ਜਿਨਿ)** ਜਿਨ੍ਹਾਂ ਵਾਹਿਗੁਰੂ ਅਕਾਲਪੁਰਖੁ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਨੇ ਅਪਣੇ ਸੱਚੇ ਖਰੇ ਸੱਚੇ **ਹੁਕਮਿ** ਦੁਆਰਾ **(ਸਭ)** ਸਾਰੀ **(ਸ੍ਰਿਸਟਿ)** ਖੰਡ ਬ੍ਰਹਮੰਡ ਦੀ ਰਚਨਾ, ਅੰਮ੍ਰਿਤ ਗੁਰਬਾਣੀ ਅੰਮ੍ਰਿਤ ਕੀਰਤਨ ਗਾ ਕੇ **(ਸਵਾਰੀਅ)** ਸਵਾਰਨਾ ਕੀਤੀ ਜੀ। ਯਥਾ:- **ਹੁਕਮੀ, ਸਹਜੇ ਸ੍ਰਿਸਟਿ ਉਪਾਈ॥) ਤੂੰ ਕਰਤਾਪੁਰਖੁ ਅਗੰਮੁ ਹੈ; ਆਪਿ ਸ੍ਰਿਸਟਿ ਉਪਾਤੀ॥** ਉਨ੍ਹਾਂ ਦੇ ਪਰਮਪੂਜਨੀਕ ਸੱਚੇ ਸੁੱਚੇ ਉੱਚੇ ਬ੍ਰਹਮ ਸਰੂਪ **(ਗੁਣ)** ਗੁਣਾਂ ਨੂੰ **ਬ੍ਰਹਮਾ** ਜੀ ਗਾ ਕੇ **(ਉਚਰੈ)** ਉਚਾਰਦਾ ਹੈ ਜੀ। ਯਥਾ:- **ਹਰਿ ਕੀ ਕਥਾ ਪਾਵਨ ਅਤਿ ਨੀਕੀ ਕਥਤਿ ਸਨਾਤਨਿ ਆਏ॥ ਬ੍ਰਹਮਾਦਿਕ ਸਨਕਾਦਿਕ ਨਾਰਦ ਸ਼ੇਸ਼ ਸਾਰਦਾ ਗਾਏ॥** ਇਸ ਲਈ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਦੀ ਸਰਨੀ ਪੈ ਕੇ, ਨਿਰਭੈ ਹੋਵੋ ਜੀ ਰਾਮਜੀ! ਯਥਾ:- **ਜੋ ਜੋ ਸਰਣਿ ਪਰਿਓ ਗੁਰ ਨਾਨਕ; ਅਭੈ ਦਾਨੁ ਸੁਖ ਪਾਏ॥੪॥੧॥੯੧॥**

## ਬ੍ਰਹਮੰਡ ਖੰਡ ਪੂਰਨ ਬ੍ਰਹਮੁ; ਗੁਣ ਨਿਰਗੁਣ ਸਮ ਜਾਣਿਓ॥

**(ਖੰਡ)** ਖੰਡਾਂ **(ਬ੍ਰਹਮੰਡ)** ਬ੍ਰਹਮੰਡਾਂ 'ਚ ਧੰਨ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ **ਪੂਰਨ ਬ੍ਰਹਮੁ** ਹਨ ਜੀ। ਅਬਿਨਾਸੀ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਨੇ **(ਨਿਰਗੁਣ)** ਸ਼ੁਭ ਗੁਣਾਂ ਰਹਿਤ ਅਤੇ **ਗੁਣ** ਵਾਲੇ ਜੀਵ **(ਸਮ)** ਬਰਾਬਰ **(ਜਾਣਿਓ)** ਜਾਣੇ ਜੀ। ਸਾਰਿਆਂ 'ਚ **ਨਿਰਗੁਣ** ਨਿਰੰਕਾਰ ਵਾਹਿਗੁਰੂ ਜੀ **(ਸਮ)** ਸਮਾਏ, ਵਿਆਪਕ **(ਜਾਣਿਓ)** ਜਾਣੇ ਅਤੇ ਅੰਮ੍ਰਿਤ ਗੁਰਬਾਣੀ ਬਖ਼ਸ਼ ਕੇ, ਚੋਰੀ ਯਾਰੀ ਜੂਆ ਮਾੜੇ ਕੰਮ, ਜੀਆਂ ਨੂੰ ਕਤਲ (murder) ਕਰਨੇ, ਸ਼ਰਾਬ ਮਾਸ ਨਸ਼ੇ ਹੁੱਕਾ, ਸਿਗ੍ਰਟ, ਤਮਾਕੂ, ਬੀੜੀਆਂ ਛੁਡਾ ਕੇ, ਸਾਰਿਆਂ 'ਤੇ **(ਗੁਣ)** ਪਰਉਪਕਾਰ ਹੀ ਪਰਉਪਕਾਰ ਕੀਤੇ। ਬਾਂਹੋ ਫੜ ਕੇ, ਕਲਿਜੁੱਗ ਦੀ ਅੱਗ ਤੋਂ ਬਚਾਏ, **ਹਰਿ ਜੁਗਹ ਜੁਗੋ, ਜੁਗ ਜੁਗਹ ਜੁਗੋ; ਸਦ ਪੀੜੀ ਗੁਰੂ. ਚਲੰਦੀ॥ ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ; ਜਿਨੀ ਗੁਰਮੁਖਿ ਨਾਮੁ ਧਿਆਇਆ॥** ਅਨੁਸਾਰ ਹੁਣ ਗੁਰਤਾਗੱਦੀ 'ਤੇ ਸੱਜ ਕੇ ਬਿਅੰਤ ਕਲਿਜੁੱਗੀ ਜੀਆਂ ਨੂੰ ਤਾਰ ਰਹੇ ਹਨ ਜੀ। ਯਥਾ:- **ਨਾਨਕ. ਨਿਰਗੁਣਿ ਗੁਣੁ ਕਰੇ; ਗੁਣਵੰਤਿਆ, ਗੁਣੁ ਦੇ॥ ਤੇਹਾ. ਕੋਇ ਨ ਸੁਝਈ; ਜਿ. ਤਿਸੁ ਗੁਣੁ ਕੋਇ**

**ਕਰੇ॥੭॥** ਤਥਾ:- **ਸਤਿਗੁਰ ਕੀਨੋ ਪਰਉਪਕਾਰੁ॥ ਕਾਢਿ ਲੀਨ; ਸਾਗਰ ਸੰਸਾਰ॥) ਅਗਨਿ ਸਾਗਰ; ਬੂਡਤ ਸੰਸਾਰਾ॥ ਨਾਨਕ. ਬਾਹ ਪਕਰਿ; ਸਤਿਗੁਰਿ ਨਿਸਤਾਰਾ॥੪॥੩॥੮॥** ਨਸ਼ਿਆਂ, ਮਾੜੇ ਇਖ਼ਲਾਕ ਕਰਕੇ, ਕਾਰੋਬਾਰ ਫ਼ੇਲ ਹੋ ਰਹੇ ਹਨ। ਇਨ੍ਹਾਂ ਕਰਕੇ, ਛੋਰੋਨਓ, ਛੌੜੀਧ, ਅੀਧਸ਼ ਵਰਗੀਆਂ ਬਿਮਾਰੀਆਂ ਲੱਗਦੀਆਂ ਹਨ, ਜੀਆਂ ਦੇ ਕਤਲ ਹੋਏ ਹਨ, ਹੋ ਰਹੇ ਹਨ। ਧੰਨ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਨੇ ਇਹ ਮਾੜੇ ਕੰਮ ਛੁੱਡਾਏ ਹਨ।

## ਜਪੁ ਕਲ. ਸੁਜਸੁ ਨਾਨਕ ਗੁਰ; ਸਹਜੁ ਜੋਗੁ ਜਿਨਿ ਮਾਣਿਓ॥੯॥

ਸੱਚੇ ਗੁਰਮੁਖਿ ਸੱਚੇ ਬ੍ਰਹਮ ਸੱਚੇ ਨਾਮ ਰਸੀਏ ਭੱਟ **ਕਲ** ਜੀ, **ਗੁਰੂ ਗਰੰਥ ਜੀ ਮਾਨਿਓ; ਪਰਗਟ ਗੁਰਾਂ ਕੀ ਦੇਹ।** ਪਰਮਪੂਜਨੀਕ ਜੁੱਗੋ ਜੁੱਗ ਅਟੱਲ ਗੁਰਤਾਗੱਦੀ ਬਿਰਾਜਮਾਨ ਸਦਾ ਸੱਚੇ ਮਿਹਰਵਾਨ ਸੱਚੇ ਸੁੰਦਰ ਸੱਚੇ ਭਗਵਾਨ ਸੱਚੇ ਸਤਿਗੁਰੂ ਗਿਰੰਥ ਸਾਹਿਬ ਜੀ **ਸਾਚ ਨਾਮ ਕੀ ਅੰਮ੍ਰਿਤ ਵਰਖਾ॥੩॥** ਕਰਦਿਆਂ, **(ਵਖਾਣਿਓ)** ਕਥਨ ਕਰਦੇ ਹਨ ਜੀ:- ਹੇ ਮਨ! ਤੂੰ ਅਬਿਨਾਸੀ **ਗੁਰ ਨਾਨਕ ਦੇਵ** ਸਾਹਿਬ ਜੀ, ਦਸ ਸਤਿਗੁਰੂ ਸਾਹਿਬਾਨ ਜੀ ਦਾ **(ਸੁਜਸੁ)** ਸ੍ਰੇਸਟ ਜਸ ਦਿਨ ਰਾਤ **(ਜਪੁ)** ਜਪਣਾ ਜਪੌਣਾ, ਧਿਔਣਾ, ਗੌਣਾ ਗਾਵੌਣਾ ਕਰ। ਅਤੇ ਹੇ ਗੁਰੂ ਪਿਆਰੇ ਸੱਚਿਆਰੇ ਨਿਰਾਰੇ ਨਿਰਮਲ ਸੱਚੇ ਗੁਰਸਿੱਖੋ! ਆਪ ਜੀ ਭੀ ਜਪਣਾ ਜਪੌਣਾ ਕਰੋ ਜੀ ਰਾਮਜੀ! **(ਜਿਨਿ)** ਜਿਨ੍ਹਾਂ ਅਗਮ ਅਗੋਚਰ ਸਦ ਅਬਿਨਾਸੀ; ਸਤਿਗੁਰੂ ਸਾਹਿਬ ਜੀ ਨੇ **(ਸਹਜੁ)** ਨਿਰਯਤਨ ਸਰਬ ਵਿਆਪੀ ਸੱਚੇ ਬ੍ਰਹਮ ਜੀ 'ਚ **(ਜੋਗੁ)** ਜੁੜ ਕੇ, ਮਹਾਂ ਵਿਸਮਾਦ ਨਾਮ ਅੰਮ੍ਰਿਤ ਰਸ ਦਾ ਰੰਗ ਅਨੰਦ **(ਮਾਣਿਓ)** ਮਾਣਿਆ, ਅਪਣੇ ਪਿਆਰੇ ਗੁਰਸਿੱਖਾਂ ਭਗਤਾਂ ਨੂੰ ਬਖ਼ਸ਼ਿਆ ਤੇ ਸੱਚੇ ਪਰਉਪਕਾਰੀ ਚਰਨਕਮਲਾਂ ਨਾਲ ਤੁਰ ਕੇ, ਭੁੱਖੇ ਰਹਿ ਕੇ, ਬੜਾ ਸਫ਼ਰ ਤਹਿ ਕੀਤਾ॥੯॥ ਯਥਾ:- **ਬਾਬੇ ਤਾਰੇ ਚਾਰਿ ਚਕਿ; ਨਉਖੰਡਿ ਪ੍ਰਿਥਮੀ ਸਚਾ ਢੋਆ॥ ਗੁਰਮੁਖਿ. ਕਲਿ ਵਿਚਿ; ਪਰਗਟੁ ਹੋਆ॥੨੭॥** ਸੁਮੇਰ ਪਰਬਤ 'ਤੇ, ਸੱਚੇ ਚਰਨਕਮਲਾਂ ਨਾਲ ਤੁਰ ਕੇ ਚੜ੍ਹੇ, ਸਿੱਧ ਕਹਿੰਦੇ, "ਹੇ ਬਾਲਕ! ਤੈਨੂੰ ਕਿਹੜੀ ਸ਼ਕਤੀ ਇੱਥੇ ਲਿਆਈ ਹੈ? ਇੱਥੇ ਕੋਈ ਚੜ੍ਹ ਨਹੀਂ ਸਕਦਾ।" ਵੱਡੀ ਉਮਰ ਦੇ ਮਾਣ 'ਚ, ਅਕਾਲਪੁਰਖੁ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਜੀ ਨੂੰ ਬਾਲਕ ਆਖਿਆ। ਯਥਾ:- **ਬਾਬੇ ਡਿਠੀ ਪਿਰਥਮੀ; ਨਵੈਖੰਡਿ ਜਿਥੈ ਤਕਿ ਆਹੀ॥ ਫਿਰਿ ਜਾਇ ਚੜ੍ਹਿਆ ਸੁਮੇਰ ਪਰ; ਸਿਧ ਮੰਡਲੀ ਦ੍ਰਿਸਟੀ ਆਈ॥ ਚਉਰਾਸੀਹ ਸਿਧ ਗੋਰਖਾਦਿ; ਮਨ ਅੰਦਰਿ ਗਣਤੀ ਵਰਤਾਈ॥ ਸਿਧ ਪੁਛਨਿ ਸੁਣਿ ਬਾਲਿਆ; ਕਉਣੁ ਸਕਤਿ ਤੁਹਿ ਏਥੇ ਲਿਆਈ॥ ਹਉ ਜਪਿਆ ਪਰਮੇਸਰੋ; ਭਾਉ ਭਗਤਿ ਸੰਗਿ ਤਾੜੀ ਲਾਈ॥ ਆਖਨਿ ਸਿਧ ਸੁਣਿ ਬਾਲਿਆ; ਅਪਣਾ ਨਾਉ ਤੁਮ ਦੇਹੁ ਬਤਾਈ॥ ਬਾਬਾ ਆਖੇ ਨਾਥ ਜੀ; ਨਾਨਕ ਨਾਮ ਜਪੇ ਗਤਿ ਪਾਈ॥ ਨੀਚੁ ਕਹਾਇ; ਊਚ ਘਰਿ ਆਈ॥੨੮॥**

## ਗੁਣ ਗਾਵਹਿ. ਨਵ ਨਾਥ; ਧੰਨਿ ਗੁਰੁ ਸਾਚਿ ਸਮਾਇਓ॥

**(ਨਵ)** ਨੌਂ **ਨਾਥ** ਭੀ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਦੇ ਗਹਿਰ ਗੰਭੀਰ, ਬੇਸੁਮਾਰ, ਅਚੱਲ ਅਟਲ ਗੁਰਮੁਖਿ **ਗੁਣ (ਗਾਵਹਿ)** ਗੌਂਦੇ ਹਨ ਜੀ। ਜਗਮਗ ਜਾਗਦੀ ਸੱਚੀ ਜੋਤੀ **ਧੰਨਿ** ਧੰਨ ਧੰਨ ਸੱਚੇ ਗੁਰੂ **ਗੁਰੁ** ਸਤਿਗੁਰੂ ਨਾਨਕਦੇਵ ਸਾਹਿਬ ਜੀ, ਦਸ ਸਤਿਗੁਰੂ ਸਾਹਿਬਾਨ ਜੀ **(ਸਾਚਿ)** ਸੱਚੇ ਜਗਮਗ ਜਾਗਦੀ ਸੱਚੀ ਜੋਤੀ ਨਿਰਗੁਨ ਬ੍ਰਹਮ ਜੀ 'ਚ **(ਸਮਾਇਓ)** ਸਮਾਏ ਹਨ।

## ਮਾਂਧਾਤਾ ਗੁਣ ਰਵੈ; ਜੇਨ ਚਕ੍ਵੈ ਕਹਾਇਓ॥

**(ਜੇਨ)** ਜਿਨ੍ਹਾਂ ਨੇ ਅਪਣੇ ਆਪ ਨੂੰ **(ਚਕ੍ਵੈ)** ਚੱਕ੍ਰਵਰਤੀ ਪਾਤਿਸ਼ਾਹ **(ਕਹਾਇਓ)** ਕਹਾਇਆ, ਉਹ **(ਮਾਂਧਾਤਾ)** ਮਾਨਧਾਤਾ ਰਾਜਾ ਜੀ ਭੀ ਪਰਮਪੂਜਨੀਕ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਦੇ ਗਹਿਰ ਗੰਭੀਰ, ਸੁੰਦਰ ਅਨੂਪ ਗੁਰਮੁਖਿ **(ਗੁਣ)** ਗੁਣਾਂ ਨੂੰ ਗਾ ਕੇ **(ਰਵੈ)** ਉਚਾਰਦਾ ਹੈ ਜੀ।

## ਗੁਣ ਗਾਵੈ ਬਲਿ ਰਾਉ; ਸਪਤ ਪਾਤਾਲਿ ਬਸੰਤੌ॥

ਜੋ **(ਸਪਤ)** ਸੱਤਵੇਂ **ਪਾਤਾਲਿ** 'ਚ **(ਬਸੰਤੌ)** ਵਸਦਾ, **ਬਲਿ (ਰਾਉ)** ਰਾਜਾ **ਗੁਰਾ ਗੂਰੂ ਸਤਿਗੁਰ ਅਬਿਨਾਸੀ॥੧੩॥** ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਦੇ ਸ੍ਰੇਸਟ ਅਬਿਨਾਸੀ ਗੁਰਮੁਖਿ **ਗੁਣ (ਗਾਵੈ)** ਗੌਂਦਾ ਹੈ ਜੀ ਰਾਮਜੀ।

## ਉੱਚਰੈ- ਭਰਥਰਿ ਗੁਣ ਉਚਰੈ; ਸਦਾ ਗੁਰ ਸੰਗਿ ਰਹੰਤੌ॥

ਗੁਰਮੁਖਿ ਜੋਗੀ **(ਭਰਥਰਿ)** ਭਰਥਰੀ ਜੀ, **ਸਦਾ (ਗੁਰ)** ਨੂਰੋ ਨੂਰ ਪ੍ਰਕਾਸ਼ ਸਰੂਪ ਵਾਹਿਗੁਰੂ **ਗੁਰਾ ਗੂਰੂ ਸਤਿਗੁਰ ਅਬਿਨਾਸੀ॥੧੩॥)** **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਦੇ ਸੱਚੇ ਸੁੰਦਰ, ਸੱਚੇ ਮਿੱਠੇ, ਪਰਉਪਕਾਰੀ ਚਰਨਕਮਲਾਂ **(ਸੰਗਿ)** ਨਾਲ ਲੱਗ ਕੇ, **(ਰਹੰਤੌ)** ਰਹਿੰਦਿਆਂ ਪਰਮਪੂਜਨੀਕ ਸਤਿਗੁਰੂ ਸਾਹਿਬ ਜੀ ਦੇ ਗਹਿਰ ਗੰਭੀਰ **(ਗੁਣ)** ਗੁਣਾਂ ਨੂੰ ਗਾ ਕੇ **(ਉਚਰੈ)** ਉਚਾਰਦਾ ਹੈ ਜੀ ਰਾਮਜੀ। ਯਥਾ:- **ਸੁਣਿ ਭਰਥਰਿ; ਨਾਨਕੁ ਕਹੈ ਬੀਚਾਰੁ॥ ਨਿਰਮਲ ਨਾਮੁ; ਮੇਰਾ ਆਧਾਰੁ॥੮॥੧॥**

## ਦੂਰਬਾ ਪਰੂਰਉ ਅੰਗਰੈ; ਗੁਰ ਨਾਨਕ ਜਸੁ ਗਾਇਓ॥

ਸ੍ਰੀ ਕ੍ਰਿਸ਼ਨ ਭਗਵਾਨ ਜੀ ਦੇ ਬ੍ਰਹਮਵਿੱਦਿਆ ਦੇ ਦਾਤੇ **(ਦੂਰਬਾ)** ਦੁਰਬਾਸਾ ਰਿਖੀ ਜੀ, ਗੁਰਮੁਖਿ ਰਾਜਾ **(ਪਰੂਰਉ)** ਪਰੂਰਵ ਜੀ, ਗੁਰਮੁਖਿ **ਅੰਗਰੈ** ਰਿਖੀ ਜੀ ਭੀ ਪਰਮਪੂਜਨੀਕ ਗੁਰੂ **ਗੁਰ** ਸਤਿਗੁਰੂ **ਨਾਨਕ** ਦੇਵ ਸਾਹਿਬ ਜੀ, ਦਸ ਸਤਿਗੁਰੂ ਸਾਹਿਬਾਨ ਜੀ ਦੇ ਮਹਾਂ ਵਿਸਮਾਦ **ਜਸੁ (ਗਾਇਓ)** ਗੌਂਣਾ ਕਰਦੇ ਹਨ ਜੀ ਰਾਮਜੀ !

## ਕਬਿ ਕਲ. ਸੁਜਸੁ ਨਾਨਕ ਗੁਰ; ਘਟਿ ਘਟਿ ਸਹਜਿ ਸਮਾਇਓ॥੧੦॥

ਸੱਚੇ ਗੁਰਮੁਖਿ ਸੱਚੇ ਬ੍ਰਹਮ ਸੱਚੇ ਨਾਮ ਰਸੀਏ **(ਕਬਿ)** ਕਵੀ ਭੱਟ **ਕਲ** ਜੀ, **ਗੁਰੂ ਗਰੰਥ ਜੀ ਮਾਨਿਓ; ਪਰਗਟ ਗੁਰਾਂ ਕੀ ਦੇਹ।** ਪਰਮਪੂਜਨੀਕ ਜੁੱਗੋ ਜੁੱਗ ਅਟੱਲ ਗੁਰਤਾਗੱਦੀ ਬਿਰਾਜਮਾਨ ਸਦਾ ਸੱਚੇ ਮਿਹਰਵਾਨ ਸੱਚੇ ਸੁੰਦਰ ਸੱਚੇ ਭਗਵਾਨ ਸੱਚੇ ਸਤਿਗੁਰੂ ਗਿਰੰਥ ਸਾਹਿਬ ਜੀ **ਸਾਚ ਨਾਮ ਕੀ ਅੰਮ੍ਰਿਤ ਵਰਖਾ॥੩॥** ਕਰਦਿਆਂ, **(ਵਖਾਣਿਓ)** ਕਥਨ ਕਰਦੇ ਹਨ ਜੀ:- **(ਗੁਰ ਨਾਨਕ)** ਵਾਹਿਗੁਰੂ **ਗੁਰਾ ਗੂਰੂ ਸਤਿਗੁਰ ਅਬਿਨਾਸੀ॥੧੩॥)** **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਦਾ **(ਸੁਜਸੁ)** ਸ੍ਰੇਸਟ ਜਸ **(ਘਟਿ ਘਟਿ)** ਘਟਾਂ ਘਟਾਂ 'ਚ **(ਸਹਜਿ)** ਧੀਰਜ ਸਹਿਤ **(ਸਮਾਇਓ)** ਸਮਾਇਆ ਹੈ। ਭਾਵ **ਸਭੈ ਘਟ. ਰਾਮੁ ਬੋਲੈ; ਰਾਮਾ ਬੋਲੈ॥ ਰਾਮ ਬਿਨਾ; ਕੋ ਬੋਲੈ ਰੇ॥)** **ਸਿਮਰੈ; ਧਰਤੀ ਅਰੁ ਆਕਾਸਾ॥**

**ਸਿਮਰਹਿ; ਚੰਦ ਸੂਰਜ ਗੁਣਤਾਸਾ॥) ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ; ਗਾਵੈ ਰਾਜਾ ਧਰਮੁ ਦੁਆਰੇ॥) ਕੇਤੀਆ ਖਾਣੀ. ਕੇਤੀਆ ਬਾਣੀ;** ਜਿਤਨੀ ਬਿਅੰਤ ਬ੍ਰਹਮੰਡ ਦੀ ਰਚਨਾ ਹੈ, ਉਹ ਸਾਰੀ ਧੰਨ ਵਾਹਿਗੁਰੂ **ਗੁਰਾ ਗੂਰੂ ਸਤਿਗੁਰ ਅਬਿਨਾਸੀ॥੧੩॥) ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਨੂੰ ਗੌਂਦੀ, ਜਾਪ ਕਰਦੀ, ਗੁਰਮੁਖਿ ਬ੍ਰਹਮ ਭੱਟ ਕਲ ਸਾਹਿਬ ਜੀ ਖ਼ਾਲਸਾ ਨੂੰ ਦਿਸ ਸੁਣ ਰਹੀ ਹੈ ਜੀ।

ਵਾਹਿਗੁਰੂ ਨਿਰਗੁਨ ਬ੍ਰਹਮ ਜੀ, ਅਸੰਖ ਅਨੰਤ ਗੁਣਾਂ ਦੇ ਪ੍ਰਕਾਸ਼ ਨਿਰੰਕਾਰ ਹਰ ਪ੍ਰਾਣੀ ਦੇ ਅੰਦਰ ਬਾਹਰ ਜਾਪ ਕਰਦਿਆਂ, ਸਮੂੰਹ ਬ੍ਰਹਮੰਡਾਂ 'ਚ ਵਿਆਪਕ ਹੋ ਰਹੇ ਹਨ ਜੀ। ਬਿਅੰਤ ਬ੍ਰਹਮੰਡ ਦੀ ਰਚਨਾ, **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਨੇ ਅਪਣੇ ਨਿਰਗੁਨ ਸਰੂਪ ਜੀ ਤੋਂ ਪ੍ਰਗਟ ਕੀਤੀ ਹੈ। ਬਿਅੰਤ ਬ੍ਰਹਮੰਡ ਦੀ ਰਚਨਾ, ਉਨ੍ਹਾਂ 'ਚ ਵਸ ਰਹੀ ਹੈ, ਉਹ ਰਚਨਾ 'ਚ ਵਸਦੇ ਹਨ। ਬਿਅੰਤ ਬ੍ਰਹਮੰਡ ਦੀ ਰਚਨਾ, ਉਨ੍ਹਾਂ ਦੇ ਸਰਗੁਨ ਸਰੂਪ ਜੀ ਹਨ। ਸਰਗੁਨ ਸਰੂਪ ਦੇ ਪਸਾਰੇ 'ਚ ਬਿਅੰਤ ਸੂਰਜ ਜਪਦੇ ਹਨ। ਬਿਅੰਤ ਧਰਤੀਆਂ ਦਾ ਕਿਣਕਾ ਕਿਣਕਾ, ਬਿਅੰਤ ਪਾਣੀ ਬਿਅੰਤ ਹਵਾਵਾਂ ਬਿਅੰਤ ਹੀ ਬ੍ਰਹਮਾ ਵਿਸ਼ਨੂੰ ਸਿਵ ਜੀ, ਬਿਅੰਤ ਗੁਰਮੁਖਿ ਭਗਤ ਹਰ ਸਮੇਂ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥**ਦਸ ਸਤਿਗੁਰੂ ਸਾਹਿਬਾਨ ਜੀ ਨੂੰ **ਜੁਗੁ ਜੁਗੁ ਸਾਚਾ; ਹੈ ਭੀ ਹੋਸੀ॥** ਮੰਨ ਕੇ ਜਾਪ ਕਰਦੇ ਹਨ। ਬਿਅੰਤ ਬ੍ਰਹਮੰਡ ਦੀ ਰਚਨਾ, ਬਿਅੰਤ ਬ੍ਰਹਮੰਡਾਂ 'ਚ ਵਸਣ ਵਾਲੇ ਜੀਅ ਜੰਤ, ਸਮੁੰਦ੍ਰ ਉਨ੍ਹਾਂ 'ਚ ਵਸਣ ਵਾਲੇ ਜੀਅ, ਸਾਰੀ ਰਚਨਾ ਸੱਚੇ ਸੁੰਦਰ ਮਹਾਰਾਜ ਸਾਹਿਬ ਜੀ ਦਾ ਜਾਪ ਕਰ ਰਹੀ ਹੈ। ਯਥਾ:- **ਜੋ ਜੋ ਰਚਿਓ; ਸੁ ਤਿਸਹਿ ਧਿਆਤਿ॥** ਬਿਅੰਤ ਗੁਰਮੁਖਿ ਪ੍ਰੇਮੀਂ ਬਿਅੰਤ ਬ੍ਰਹਮੰਡ ਦੀ ਰਚਨਾ 'ਚ **ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥) ਇਕਿ ਨਿਰੰਕਾਰੀ; ਨਾਮ ਆਧਾਰਿ॥** ਅਨੁਸਾਰ ਹਰ ਵੇਲੇ ਜਾਪ ਕਰਦੇ ਹਨ। ਧੰਨ ਹਨ ਧੰਨ ਹਨ ਧੰਨ ਹਨ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ ਸਾਹਿਬਾਨ ਜੀ ਧੰਨ ਹਨ!**॥੧੦॥**

ਗੁਰਪ੍ਰਸਾਦਿ ਵਾਹਿਗੁਰੂ ਬ੍ਰਹਮ ਸਰੂਪ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥** ਦਸ ਸਤਿਗੁਰੂ
ਸਾਹਿਬਾਨ ਜੀ ਦੇ ਜਸ ਭਰੇ ਮਹਾਂ ਵਿਸਮਾਦ ਸਵਈਏ ਸੰਪੂਰਨੰ ਜੀ ਰਾਮਜੀ। ਗੁਰਪ੍ਰਸਾਦਿ॥
ਖ਼ੁਸ਼ੀਆਂ ਦੇ ਜੈਕਾਰੇ ਗਜਾਵੇ ਨਿਹਾਲ ਹੋ ਜਾਵੇ, ਪਤੀ ਵਾਹਿਗੁਰੂ **ਗੁਰ ਨਾਨਕਦੇਵ; ਗੋਵਿੰਦ ਰੂਪ॥੮॥੧॥**
ਦਸ ਸਤਿਗੁਰੂ ਸਾਹਿਬਾਨ ਜੀ ਦੇ ਚਰਨਕਮਲਾਂ ਨੂੰ ਭਾਵੇ! ਸਤਿ ਸ੍ਰੀ ਅਕਾਲ॥
ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤੇਹ॥

GURSEVAK

ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੁ ਸੱਚੇ ਕੰਤ ਸੱਚੇ ਭਗਵੰਤ ਸੱਚੇ ਪਾਰਬ੍ਰਹਮ ਬਿਅੰਤ ਪਾਰਬ੍ਰਹਮ ਭਗਵਾਨ ਵਾਹਿਗੁਰੁ ਸ੍ਰੀ ਗੁਰੂ ਗਿਰੰਥ ਸਾਹਿਬ ਜੀ ਜੁੱਗੋ ਜੁੱਗ ਅਟਲ ਗੁਰਤਾਗੱਦੀ ਬਿਰਾਜਮਾਨ ਅਕਾਲਪੁਰਖੁ ਜੀ ਧੰਨ ਹਨ। ਗੁਰਪ੍ਰਸਾਦਿ। ਗੁਰਪ੍ਰਸਾਦਿ। ਗੁਰੂ ਗਿਰੰਥ ਸਾਹਿਬ ਅਟਲ ਗੁਰਤਾਗੱਦੀ ਬਿਰਾਜਮਾਨ। **ਸਤਿਗੁਰੁ ਸਿਖ ਕੀ; ਕਰੈ ਪ੍ਰਤਿਪਾਲ॥ ਸੇਵਕ ਕਉ; ਗੁਰੁ ਸਦਾ ਦਇਆਲ॥ ਸਿਖ ਕੀ ਗੁਰੁ; ਦੁਰਮਤਿ ਮਲੁ ਹਿਰੈ॥ ਗੁਰ ਬਚਨੀ; ਹਰਿ ਨਾਮੁ ਉਚਰੈ॥ ਸਤਿਗੁਰੁ ਸਿਖ ਕੇ; ਬੰਧਨ ਕਾਟੈ॥ ਗੁਰ ਕਾ ਸਿਖੁ; ਬਿਕਾਰ ਤੇ ਹਾਟੈ॥ ਸਤਿਗੁਰੁ ਸਿਖ ਕਉ; ਨਾਮ ਧਨੁ ਦੇਇ॥ ਗੁਰ ਕਾ ਸਿਖੁ; ਵਡਭਾਗੀ ਹੇ॥**

ਹੇ ਗੁਰਮੁਖਿ ਪਿਆਰਿਓ! ਗੁਰਪ੍ਰਸਾਦਿ, ਰੋਮ ਰੋਮ ਕਰਕੇ ਗੁਰੂ ਭਗਵਾਨ ਸਤਿਗੁਰੂ ਗਿਰੰਥ ਸਾਹਿਬ ਜੀ ਨੂੰ ਪਾਰਬ੍ਰਹਮ ਮੰਨ ਕੇ, ਅੱਖਰ ਅੱਖਰ ਨੂੰ ਰਾਮ ਭਗਵੰਤ ਨਿਰੰਕਾਰ ਮੰਨ ਕੇ, ਖਿਨ ਖਿਨ ਬਿਅੰਤ ਨਮਸਕਾਰਾਂ ਕਰੋ। ਚੌਵੀ ਘੰਟੇ Learn Shudh Gurbani App ਤੋਂ ਸ਼ੁੱਧ ਗੁਰਬਾਣੀ ਸੁਣੋ, ਰਿਦੇ 'ਚੋਂ ਮੂੰਹ 'ਚ ਅੰਮ੍ਰਿਤ ਪੀਵੋ ਜੀ। ਗੁਰੂ ਗਿਰੰਥ ਸਾਹਿਬ ਜੀ ਪਿਉਂਦੇ ਹਨ ਰਿਦੇ 'ਚੋਂ ਮੂੰਹ 'ਚ nectar. ਗੁਰੂ ਗਿਰੰਥ ਸਾਹਿਬ ਜੀ ਬਖ਼ਸ਼ਦੇ ਹਨ ਗੁਡ character. **ਐਸੇ ਗੁਰ ਕਉ. ਬਲਿ ਬਲਿ ਜਾਈਐ; ਆਪਿ ਮੁਕਤੁ. ਮੋਹਿ ਤਾਰੈ॥੧॥ ਰਹਾਉ॥** ਧੰਨ ਗੁਰੂ ਗਿਰੰਥ ਸਾਹਿਬ ਜੀ ਅਪਣੇ ਸੱਚੇ ਪਰਮ ਪਾਕ ਪੰਜਵੇਂ ਨੌਵੇਂ ਸਰੂਪ ਅੰਦਰ ਸੱਚੀ ਵੈਰਾਗਮਈ ਸ਼ਹੀਦੀ ਦੇ ਰਹੇ ਹਨ। ਵਾਹਿਗੁਰੂ ਦਸਵੇਂ ਸਰੂਪ 'ਚ ਚੌਦਾਂ ਧਰਮ ਜੁੱਧ ਜਿੱਤ ਰਹੇ ਹਨ, ਜੰਗ ਜਿੱਤ ਕੇ ਫ਼ੁਰਮੌਂਦੇ ਹਨ ਜੀ:- **ਭਈ ਜੀਤ ਮੇਰੀ॥ ਕ੍ਰਿਪਾ ਕਾਲ ਕੇਰੀ॥੩੪॥੩੧੬॥** ਗੁਰਸਿੱਖਾਂ ਨੂੰ ਵਡਿਆਈ ਦੇ ਰਹੇ ਹਨ ਜੀ:- **ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ; ਨਹੀ ਮੋ ਸੇ ਗਰੀਬ ਕਰੋਰ ਪਰੇ॥੨॥**

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥